*ਸਾਹਿਤ, ਸਭਿਆਚਾਰ ਅਤੇ ਕਲਾ ਦਾ ਤ੍ਰੈਮਾਸਿਕ ਪ੍ਰਕਾਸ਼ਨ*

# ਸ਼ਬਦ

**ਸਾਲ : ਦਸਵਾਂ** **ਪੁ : ਲੜੀ : ਅਠੱਤੀ** **ਅਪ੍ਰੈਲ-ਜੂਨ, 2007**

***ਸਰਪ੍ਰਸਤ***
ਹਰੀਸ਼ ਜੈਨ
***ਸਲਾਹਕਾਰ***
ਨ੍ਰਿਪਇੰਦਰ ਰਤਨ
***ਸੰਪਾਦਕ***
ਜਿੰਦਰ (ਆਨਰੇਰੀ)
***ਮੁੱਖ ਸੰਪਾਦਕ***
ਹਰਜੀਤ ਅਟਵਾਲ
67, HILLSIDE ROAD, SOUTHALL
MIDDLESEX , ENGLAND. UB1 2PE
Ph. : 020-85780393 MOBILE : 07782-265726
e mail address shabad_atwal @ hotmail.com.
Internet address : www.shabad_punjabi.com
*Managing Editor*
***Shiv***
984, Near Bindu Sharma Depot,
Model House, Jalandhar-144003
Mobile No.98148-03254 Ph.: 0181-2440191
**ਡਿਸਟ੍ਰੀਬਿਊਟਰ** : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 80 ਰੁ: ਸਾਲਾਨਾ
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ
***ਨੋਟ :*** ਯੂਰਪ 'ਚ ਚੈੱਕ, ਬੈਂਕ ਡਰਾਫਟ J. S. ATWAL ਦੇ ਨਾਂ ਦਾ ਹੋਵੇ।
ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।

ਦਰਸ਼ਨ ਸਿੰਘ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਕੰਡਾ ਕੰਪਿਊਟਰਜ਼ ਤੋਂ ਕੰਪੋਜ਼ ਕਰਵਾ ਕੇ ਸਵਿੱਤਰ ਪ੍ਰੈਸ, ਚੰਡੀਗੜ੍ਹ ਤੋਂ ਛਪਵਾ ਕੇ ਪਿੰਡ ਤੇ ਡਾਕ. ਫਰਾਲਾ (ਨਵਾਂਸ਼ਹਿਰ) ਤੋਂ ਜਾਰੀ ਕੀਤਾ

## ਮੇਰਾ ਪੰਨਾ

ਇੱਕੀਵੀਂ ਸਦੀ ਕੰਪਿਊਟਰ ਤੇ ਟੈਕਨਾਲੌਜੀ ਦੀ ਸਦੀ ਹੈ। ਇਹਦੇ ਕੇਂਦਰ 'ਚ ਆਦਮੀ ਨਹੀਂ ਹੈ। ਪੂੰਜੀ ਹੈ। ਬਾਜ਼ਾਰ ਹੈ। ਪੂੰਜੀ ਤੇ ਬਾਜ਼ਾਰ ਦੀ ਪ੍ਰਾਪਤੀ/ਕਾਮਯਾਬੀ ਉਸ ਦਾ ਮੁੱਖ ਟੀਚਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿਹੜੇ ਕੁਝ ਕੁ ਬੁੱਧੀਜੀਵੀ ਇਸ ਸਭ ਕੁਝ ਬਾਰੇ ਚਿੰਤੁਤ ਹਨ, ਉਨ੍ਹਾਂ ਨੂੰ ਆਪਣੀ ਚਿੰਤਾ 'ਤੇ ਭਰੋਸਾ ਨਹੀਂ ਹੈ। ਉਹ ਅਜੀਬ ਜਿਹੇ ਵਿਰੋਧਾਭਾਸ 'ਚ ਉਲਝੇ ਹੋਏ ਹਨ। ਵੀਹਵੀਂ ਸਦੀ 'ਚ ਜਿਨ੍ਹਾਂ ਨੂੰ ਮਨੁੱਖੀ ਕਦਰਾਂ ਕੀਮਤਾਂ ਦੀ ਚਿੰਤਾ ਸੀ, ਉਹ ਸਾਰੇ ਸੰਘਰਸ਼ਸ਼ੀਲ ਸਨ। ਆਪਣੇ ਟੀਚੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਸਨ। ਉਨ੍ਹਾਂ ਨੂੰ ਆਪਣੇ, ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਦੇ ਹਿੱਤਾਂ ਦੀ ਕੋਈ ਚਿੰਤਾ ਨਹੀਂ ਸੀ। ਉਨ੍ਹਾਂ ਸਾਹਮਣੇ ਇਕ ਟੀਚਾ ਸੀ। ਆਪਣੀ ਚਿੰਤਾ ਦਾ ਇਕ ਬਦਲ ਸੀ ਤੇ ਉਨ੍ਹਾਂ ਨੂੰ ਇਸ 'ਤੇ ਭਰੋਸਾ ਵੀ ਸੀ। 'ਬਦਲ' ਲਈ ਉਹ ਕੁਝ ਵੀ ਕਰਨ ਨੂੰ ਤਿਆਰ ਸਨ। ਅੱਜ ਸਭ ਕੁਝ ਇਸ ਦੇ ਉਲਟ ਹੋ ਰਿਹਾ ਹੈ। ਜੇ ਅੱਜ ਚਿੰਤਾ ਹੈ ਤਾਂ ਉਨ੍ਹਾਂ ਕੋਲ ਕੋਈ ਬਦਲ ਨਹੀਂ ਹੈ। ਉਨ੍ਹਾਂ ਕੋਲ ਅਜਿਹਾ ਕੋਈ ਸੁਪਨਾ ਨਹੀਂ ਹੈ ਜਿਸ ਦੇ ਆਧਾਰ 'ਤੇ ਉਹ ਆਲੇ-ਦੁਆਲੇ ਦੀ ਤਸਵੀਰ ਬਦਲ ਸਕਣ। ਮੱਧਵਰਗ ਆਪਣੀ ਬੁੱਧੀ ਤੇ ਗਿਆਨ ਵਧਾਉਣ ਲਈ ਕੁਝ ਵੀ ਕਰਨ ਨੂੰ ਤਿਆਰ ਹੈ। ਉਸ ਲਈ ਕਿਸੇ ਨੈਤਿਕ ਮਾਨਦੰਡ ਦੀ ਲੋੜ ਹੀ ਨਹੀਂ ਰਹੀ। ਸਰਕਾਰਾਂ ਨੂੰ ਗਰੀਬਾਂ ਨਾਲ ਕੋਈ ਵਾਸਤਾ ਨਹੀਂ। ਉਹ ਵੋਟਾਂ ਵੇਲੇ ਅਜੀਬੋ ਗਰੀਬ ਵਾਇਦੇ ਕਰਦੇ ਹਨ। ਫੇਰ ਉਨ੍ਹਾਂ ਕੀ ਕਿਹਾ ਸੀ-ਪੰਜ ਸਾਲ ਇਹਦੇ ਬਾਰੇ ਭੁੱਲ ਜਾਂਦੇ ਹਨ ਕਿਉਂਕਿ ਉਹ ਜਨਤਾ ਦੇ ਨਹੀਂ, ਕਾਰਪੋਰੇਟ ਸੈਕਟਰ ਦੇ ਪ੍ਰਤੀਨਿੱਧੀ ਹਨ। ਉਹ ਆਪਣੇ ਭਾਸ਼ਣਾਂ 'ਚ ਤਾਂ ਗਰੀਬਾਂ ਦੀਆਂ ਗੱਲਾਂ ਕਰਦੇ ਹਨ ਪਰ ਵਿਕਾਸ ਦੀਆਂ ਯੋਜਨਾਵਾਂ ਬਣਾਉਣ ਵੇਲੇ ਉਨ੍ਹਾਂ ਦੇ ਸਾਹਮਣੇ ਸਿਰਫ਼ ਤੇ ਸਿਰਫ਼ ਈਲੀਟ ਕਲਾਸ ਹੁੰਦੀ ਹੈ। ਇਕ ਪਾਸੇ ਗਰੀਬਾਂ, ਮਜ਼ਦੂਰਾਂ ਤੇ ਕਿਸਾਨਾਂ ਦੀਆਂ ਔਕੜਾਂ ਦਿਨ- ਬ-ਦਿਨ ਵੱਧ ਰਹੀਆਂ ਹਨ। ਦੂਜੇ ਪਾਸੇ ਵੱਡੇ-ਵੱਡੇ ਸ਼ੋ-ਰੂਮ, ਕੰਪਲੈਕਸ, ਮਲਟੀਪਲੈਕਸ ਖੁੱਲ੍ਹੀ ਜਾ ਰਹੇ ਹਨ। ਦਿਮਾਗ਼ ਕੰਪਿਊਟਰ 'ਚ ਬਦਲੇ ਜਾ ਰਹੇ ਹਨ ਤੇ ਕੰਪਿਊਟਰ ਦਿਮਾਗ਼ 'ਚ। ਦੋਹਾਂ 'ਤੇ ਇਕੋਂ ਹੀ ਸਾਫ਼ਟਵੇਅਰ ਲੋਡ ਕੀਤਾ ਜਾ ਰਿਹਾ ਹੈ- ਮਾਈਕਰੋਸਾਫ਼ਟ ਵਿੰਡੋ। ਇਸ ਵਿੰਡੋ ਕੋਲ ਆਪਣੇ ਹਿੱਤ ਹੁੰਦੇ ਹਨ। ਇਸ ਵੇਲੇ ਚਹੁੰ ਪਾਸੀਂ ਮਾਰੋਮਾਰ ਲੱਗੀ ਹੈ। ਦੌੜ ਲੱਗੀ ਹੈ। ਇਕ ਦੂਜੇ ਤੋਂ ਅੱਗੇ ਲੰਘ ਜਾਣ ਦੀ। ਇਕ ਦੂਜੇ ਨੂੰ ਹਰਾਉਣ ਦੀ। ਇਸ ਦੌੜ 'ਚ 'ਆਮ ਬੰਦਾ' ਗੁਆਚ ਰਿਹਾ ਹੈ। ਆਤਮਹੱਤਿਆ, ਫੋਬੀਆ, ਡਰ ਤੇ ਡਿਪਰੈਸ਼ਨ 'ਚ ਵਾਧਾ ਹੋ ਰਿਹਾ ਹੈ। ਔਰਤ ਬਾਜ਼ਾਰ ਦੀ ਇਕ ਚੀਜ਼ ਬਣ ਗਈ ਹੈ ਤੇ ਬਾਜ਼ਾਰ ਦੀ ਸਫ਼ਲਤਾ ਲਈ ਉਹਦੇ ਕੱਪੜਿਆਂ ਦਾ ਆਕਾਰ ਘੱਟ ਰਿਹਾ ਹੈ। ਬਾਜ਼ਾਰ 'ਤੇ ਆਦਮੀ ਦੀ ਪ੍ਰਭੂਸਤਾ ਹੈ ਤੇ ਉਹ ਆਪਣੀਆਂ ਚੀਜ਼ਾਂ ਨੂੰ ਵੇਚਣ ਲਈ ਔਰਤ ਦੀ ਦੇਹ ਦੀ ਨੁਮਾਇਸ਼ ਲਾਉਂਦਾ ਹੈ। ਟੀ. ਵੀ. 'ਤੇ ਰਾਜ ਦੀ ਕੋਈ ਬੰਦਿਸ਼ ਨਹੀਂ ਹੈ। ਅਜਿਹੀਆਂ ਸਥਿਤੀਆਂ 'ਚ ਬੰਦੇ ਦੀ ਹੋਂਦ ਨੂੰ ਹੀ ਖਤਰਾ ਪੈਦਾ ਹੋ ਗਿਆ ਹੈ।

**ਇਸ ਵਾਰ**

## ਇਕ ਸੀ ਜਲਾਲੂਦੀਨ

*ਕਿਸੇ ਦੇਸ਼, ਉਥੋਂ ਦੇ ਲੋਕਾਂ ਦੇ ਸਮਾਜਿਕ ਜੀਵਨ ਨੂੰ ਜਾਣਨ ਲਈ ਉਨ੍ਹਾਂ ਦੇ ਵਿਚਕਾਰ ਰਹਿ ਕੇ, ਵਿਚਰ ਕੇ, ਹੀ ਜਾਣਿਆ ਜਾ ਸਕਦਾ ਹੈ। ਪਿਛਲੇ ਕਈ ਸਾਲਾਂ ਤੋਂ ਅ.ਫਗਾਨਿਸਤਾਨ ਬਾਰੇ ਬਹੁਤ ਕੁਝ ਜਾਨਣ ਤੇ ਸੁਣਨ ਨੂੰ ਮਿਲਿਆ ਹੈ। ਢੇਰ ਸਾਰੀਆਂ ਕਿਤਾਬਾਂ ਬਾਜ਼ਾਰ 'ਚ ਉਪਲਬਧ ਹਨ। ਇਨ੍ਹਾਂ 'ਚੋਂ ਇਕ ਹੈ-ਨਾਰਵੇ ਦੀ ਔਸ਼ਨੇ ਸੇਯੇਕਤਾਡ ਦੀ 'ਦੀ ਬੁਕਸੈਲਰ ਆਫ ਕਾਬੁਲ'। ਨਵੰਬਰ 2001 'ਚ ਤਾਲਿਬਾਨ ਦੀ ਹਾਰ ਤੇ ਅਮਰੀਕੀ ਫੌਜ਼ਾਂ ਦੀ ਜਿੱਤ ਮਗਰੋਂ ਔਸ਼ਨੇ ਕਾਬੁਲ ਜਾਂਦੀ ਹੈ ਤੇ ਉਥੋਂ ਦੇ ਕਿਤਾਬਾਂ ਵਾਲੇ ਸੁਲਤਾਨ ਖਾਨ ਦੇ ਘਰ 'ਚ ਰਹਿੰਦੀ ਹੈ। ਉਸਦੀ ਸਾਂਝ ਸੁਲਤਾਨ ਖਾਨ ਦੀ ਪਹਿਲੀ ਤੇ ਦੂਜੀ ਬੀਵੀ, ਭੈਣਾਂ ਤੇ ਪੁੱਤਰ ਨਾਲ ਪੈਂਦੀ ਹੈ। ਉਹ ਬੁਰਕਾ ਪਾ ਕੇ ਅਫਗਾਨ ਸਮਾਜ 'ਚ ਘੁੰਮਦੀ-ਫਿਰਦੀ ਹੈ ਤੇ ਉਨ੍ਹਾਂ ਸਾਰਿਆਂ ਦੀ ਮੱਦਦਤ ਨਾਲ ਤਾਲਿਬਾਨ ਤੋਂ ਪਹਿਲਾਂ ਅਤੇ ਬਾਅਦ ਦੇ ਅਫਗਾਨੀ ਸਮਾਜ ਨੂੰ ਸਮਝਦੀ ਹੈ। ਉਹ ਇਹ ਗੱਲ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ ਕਿ ਸੁਲਤਾਨ ਖਾਨ ਦੇ ਪਰਿਵਾਰ 'ਚ ਵੀ ਇਕ ਜੰਗ ਚਲ ਰਹੀ ਹੈ। ਇਹ ਕਿਤਾਬ ਕਾਬੁਲ ਦੇ ਸਮਾਜ, ਪੁਰਖਾਂ ਦੀ ਹਉਮੈ, ਔਰਤਾਂ ਦੀ ਮਾੜੀ ਸਥਿਤੀ, ਪਿਛੜੇਪਨ, ਪਰੰਪਰਕ ਮਾਨਤਾਵਾਂ 'ਤੇ ਚਾਨਣਾ ਪਾਉਂਦੀ ਹੈ। ਔਸ਼ਕੇ ਅਨੁਸਾਰ, "ਮੈਂ ਨਵੰਬਰ 2001 'ਚ ਜਦੋਂ ਕਾਬੁਲ ਪੁੱਜੀ ਤਾਂ ਸਾਰਿਆਂ ਤੋਂ ਪਹਿਲਾਂ ਜਿਨ੍ਹਾਂ ਲੋਕਾਂ ਨੂੰ ਮਿਲੀ, ਉਨ੍ਹਾਂ ਵਿਚ ਸੁਲਤਾਨ ਖਾਨ ਵੀ ਸ਼ਾਮਿਲ ਸੀ। ਮੈਂ ਨਾਰਦਰਨ ਅਲਾਇੰਸ ਦੀ ਕਮਾਂਡੋ ਟੁਕੜੀ ਨਾਲ ਛੇ ਹ.ਫਤੇ ਲੰਘਾਏ ਸਨ-ਤਜ਼ਾਕਿਸਤਾਨੀ ਸੀਮਾ ਨਾਲ ਲੱਗੇ ਰੇਗਸਤਾਨ 'ਚ, ਹਿੰਦੂਕੁਸ਼ ਦੀਆਂ ਪਹਾੜੀਆਂ 'ਚ, ਪੰਸ਼ੀਰ ਘਾਟੀ 'ਚ ਤੇ ਕਾਬੁਲ ਦੇ ਉਤਰ 'ਚ ਉਬੜ-ਖਾਬੜ ਪਹਾੜੀਆਂ 'ਤੇ। ਮੈਂ ਤਾਲਿਬਾਨ ਦੇ ਖਿਲਾ.ਫ ਉਨ੍ਹਾਂ ਦੇ ਹਮਲਿਆਂ ਦੀ ਵੀ ਗਵਾਹ ਸੀ, ਮੈਂ ਪੱਥਰ ਦੇ ਫਰਸ਼ 'ਤੇ, ਮਿੱਟੀ ਦੀਆਂ ਝੌਂਪੜੀਆਂ 'ਚ ਤੇ ਲੜਾਈ ਦੇ ਮੋਰਚੇ 'ਤੇ ਵੀ ਸੁੱਤੀ ਸੀ। ਮੈਂ ਟਰੱਕਾਂ 'ਚ ਲੱਦੇ ਮਾਲ ਦੇ ਵਿਚਕਾਰ, ਬਖਤਰਬੰਦ ਗੱਡੀਆਂ 'ਚ, ਘੋੜੇ ਅਤੇ ਪੈਦਲ ਵੀ ਸ.ਫਰ ਕੀਤਾ।"*

*ਇਸ ਸਮੇਂ ਸੰਸਾਰ ਦੀਆਂ ਬਹੁ-ਚਰਚਿਤ ਪੁਸਤਕਾਂ 'ਚ ਸ਼ਾਮਿਲ ਔਸ਼ਨੇ ਦੀ ਇਸ ਪੁਸਤਕ ਦਾ ਇਕ ਅਹਿਮ ਪਾਤਰ ਹੈ-ਸੁਲਤਾਨ ਖਾਨ। ਉਸ ਇਹ ਆਦਰਸ਼ ਪਾਲ ਰੱਖਿਆ ਹੈ ਕਿ ਨਵੇਂ ਅਫਗਾਨ ਸਮਾਜ 'ਚ ਝੂਠ ਦਾ ਨਾਮੋ-ਨਿਸ਼ਾਨ ਨਹੀਂ ਰਹਿਣ ਦੇਣਾ। ਇਸ ਪੱਖ 'ਤੇ ਉਹ ਕੋਈ ਵੀ ਸਮਝੌਤਾ ਨਹੀਂ ਕਰਨਾ ਚਾਹੁੰਦਾ। ਜਲਾਲੂਦੀਨ ਉਸ ਦੀ ਦੁਕਾਨ 'ਤੇ ਤਰਖਾਣਾ ਕੰਮ ਕਰਦਾ ਹੈ। ਉਹ ਸੁਲਤਾਨ ਖਾਨ ਦੇ ਪੋਸਟਕਾਰਡ ਚੋਰੀ ਕਰਦਾ ਹੈ। ਪੇਸ਼ ਹੈ ਜਲਾਲੂਦੀਨ ਦੀ ਹੱਡਬੀਤੀ :*

ਮੰਸੂਰ ਹੱਫ਼ਦਾ-ਹੱਫ਼ਦਾ ਆਪਣੇ ਅੱਬੂ ਦੀ ਦੁਕਾਨ ਵਿਚ ਵੜਿਆ, ਉਸਦੇ ਹੱਥ ਵਿਚ ਇਕ ਛੋਟਾ ਜਿਹਾ ਪਾਰਸਲ ਹੈ।

"ਦੋ ਸੌ ਪੋਸਟ-ਕਾਰਡ," ਉਹ ਹੱਫ਼ਦਿਆਂ ਬੋਲਿਆ। "ਉਹਨੇ ਦੋ ਸੌ ਪੋਸਟ-ਕਾਰਡ ਚੋਰੀ ਕਰਨ ਦੀ ਕੋਸ਼ਿਸ਼ ਕੀਤੀ।"

ਪਸੀਨੇ ਦੀਆਂ ਬੂੰਦਾਂ ਉਹਦੇ ਚਿਹਰੇ 'ਤੇ ਵਹਿ ਰਹੀਆਂ ਸਨ। ਉਹਨੇ ਆਖਰੀ ਦੂਰੀ ਭੱਜ ਕੇ ਪੂਰੀ ਕੀਤੀ ਹੈ।

"ਕੌਣ ?" ਉਹਦੇ ਅੱਬੂ ਨੇ ਪੁੱਛਿਆ। ਉਹਨੇ ਆਪਣਾ ਕੈਲਕੁਲੇਟਰ ਕਾਉਂਟਰ 'ਤੇ ਰੱਖਿਆ, ਖਾਤੇ ਵਿਚ ਇਕ ਅੰਕੜਾ ਲਿਖਿਆ ਤੇ ਆਪਣੇ ਪੁੱਤਰ ਨੂੰ ਵੇਖਿਆ।

"ਤਰਖਾਣ।"

"ਤਰਖਾਣ ?" ਸੁਲਤਾਨ ਨੇ ਹੈਰਾਨੀ ਨਾਲ ਪੁੱਛਿਆ। "ਤੈਨੂੰ ਪੱਕਾ ਪਤਾ ਏ ?"

ਮਾਣ ਨਾਲ ਤਣਿਆ, ਇਵੇਂ ਜਿਵੇਂ ਉਸਨੇ ਆਪਣੇ ਅੱਬੂ ਨੂੰ ਕਿਸੇ ਖਤਰਨਾਕ ਮਾਫ਼ੀਆ



ਗੈਂਗ ਤੋਂ ਬਚਾਇਆ ਹੋਵੇ, ਪੁੱਤਰ ਨੇ ਭੂਰਾ ਲਿਫ਼ਾਫਾ ਅੱਬੂ ਦੇ ਹਵਾਲੇ ਕੀਤਾ। 'ਦੋ ਸੌ ਪੋਸਟ ਕਾਰਡ'। ਉਹਨੇ ਦੁਹਰਾਇਆ। "ਉਹ ਜਦੋਂ ਜਾਣ ਵਾਲਾ ਸੀ, ਤਾਂ ਉਹ ਨਜ਼ਰਾਂ ਫੇਰ ਰਿਹਾ ਸੀ ਪਰ ਕਿਉਂਕਿ ਇਹ ਉਸਦਾ ਆਖਰੀ ਦਿਨ ਸੀ, ਤਾਂ ਮੈਂ ਇਸ ਬਾਰੇ ਵਿਚ ਜ਼ਿਆਦਾ ਨਹੀਂ ਸੋਚਿਆ। ਉਹਨੇ ਪੁੱਛਿਆ ਕਿ ਉਸ ਦੇ ਕਰਨ ਲਈ ਕੋਈ ਹੋਰ ਕੰਮ ਏ ਕੀ ? ਉਹਨੇ ਕਿਹਾ ਕਿ ਉਹਨੂੰ ਕੰਮ ਚਾਹੀਦਾ ਏ। ਮੈਂ ਕਿਹਾ ਮੈਂ ਤੈਨੂੰ ਦੱਸਾਂਗਾ। ਆਖਿਰ ਸਾਰੇ ਸ਼ੈਲਫ਼ ਬਣ ਗਏ। ਤਦੇ ਮੈਂ ਉਸਦੀ ਅੰਦਰਲੀ ਜੇਬ 'ਚ ਕੁਝ ਵੇਖਿਆ। "ਉਹ ਕੀ ਏ ?" ਮੈਂ ਕਿਹਾ। "ਕੀ ?" ਉਹਨੇ ਪੁੱਛਿਆ ਤੇ ਥੋੜ੍ਹਾ ਜਿਹਾ ਘਬਰਾਇਆ ਲੱਗਿਆ। "ਤੇਰੀ ਜੇਬ ਵਿਚ।" ਮੈਂ ਕਿਹਾ। "ਕੁਝ ਸਾਮਾਨ ਏ, ਜੋ ਮੈਂ ਆਪਣੇ ਨਾਲ ਲਿਆਇਆ ਸਾਂ।" ਉਹਨੇ ਕਿਹਾ। "ਮੈਨੂੰ ਵਿਖਾ," ਮੈਂ ਕਿਹਾ। ਉਸਨੇ ਮਨ੍ਹਾਂ ਕਰ ਦਿੱਤਾ। ਆਖਰ, ਮੈਂ ਆਪਣੇ ਹੱਥਾਂ ਨਾਲ ਉਸਦੀ ਜੇਬ 'ਚੋਂ ਪੈਕਟ ਨੂੰ ਖਿੱਚ ਕੇ ਬਾਹਰ ਕੱਢਿਆ। ਤੇ ਉਹ ਇਹ ਹੈ ! ਉਹਨੇ ਆਪਣੇ ਇਥੋਂ ਪੋਸਟ ਕਾਰਡ ਚੋਰੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਹ ਕਾਮਯਾਬ ਨਹੀਂ ਹੋਈ, ਮੈਂ ਉਸ ਦੀ ਨਿਗਰਾਨੀ ਕਰ ਰਿਹਾ ਸਾਂ।"

ਮੰਸੂਰ ਨੇ ਇਹ ਕਿੱਸਾ ਵਧੇਰੇ ਖੁਦ ਘੜਿਆ ਹੈ। ਜਲਾਲੂਦੀਨ ਜਦੋਂ ਜਾਣ ਲਈ ਤਿਆਰ ਸੀ, ਤਦ ਉਹ ਹਮੇਸ਼ਾ ਵਾਂਗ ਉਨੀਂਦਾ ਬੈਠਾ ਸੀ। ਦਰਅਸਲ ਸ.ਫਾਈ ਕਰਨ ਵਾਲੇ ਮੁੰਡੇ, ਅਬਦੁਰ ਨੇ ਮਿਸਤਰੀ ਨੂੰ ਫੜਿਆ ਸੀ। ਅਬਦੁਰ ਨੇ ਉਹਨੂੰ ਕਾਰਡ ਚੁੱਕਦਿਆਂ ਵੇਖ ਲਿਆ ਸੀ। "ਤੂੰ ਮੰਸੂਰ ਨੂੰ ਆਪਣੀ ਜੇਬ ਵਿਚਲਾ ਸਾਮਾਨ ਨਹੀਂ ਵਿਖਾਵੇਂਗਾ ?" ਉਹਨੇ ਕਿਹਾ ਸੀ। ਜਲਾਲੂਦੀਨ ਚੁੱਪ-ਚਾਪ ਤੁਰਿਆ ਗਿਆ।

ਸ.ਫਾਈ ਵਾਲਾ ਮੁੰਡਾ ਗਰੀਬ ਹਜ਼ਾਰਾ ਪਰਿਵਾਰ ਦਾ ਹੈ। ਇਹ ਕਾਬੁਲ ਦੇ ਸਮਾਜਿਕ ਢਾਂਚੇ ਵਿਚ ਸਭ ਤੋਂ ਨੀਵੀਂ ਜਾਤ ਮੰਨੀ ਜਾਂਦੀ ਹੈ। ਉਹ ਕਦੇ-ਕਦਾਈਂ ਹੀ ਬੋਲਦਾ ਸੀ। "ਮੰਸੂਰ ਨੂੰ ਆਪਣੀ ਜੇਬ ਦੀ ਤਲਾਸ਼ੀ ਦੇ।" ਉਸਨੇ ਤਰਖਾਣ ਨੂੰ ਆਵਾਜ਼ ਦਿੱਤੀ। ਉਸ ਤੋਂ ਬਾਅਦ ਕਿਤੇ ਜਾ ਕੇ ਮੰਸੂਰ ਹਰਕਤ ਵਿਚ ਆਇਆ ਤੇ ਜਲਾਲੂਦੀਨ ਦੀ ਜੇਬ 'ਚੋਂ ਉਸਨੇ ਪੋਸਟ ਕਾਰਡ ਖਿੱਚ ਕੇ ਬਾਹਰ ਕੱਢੇ। ਹੁਣ ਉਹ ਆਪਣੇ ਅੱਬੂ ਦੀ ਸ਼ਾਬਾਸ਼ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਪਰ ਸੁਲਤਾਨ ਕਾਗਜ਼ਾਂ ਦੇ ਬੰਡਲ ਨੂੰ ਹੌਲੀ-ਹੌਲੀ ਪਲਟਾਉਣ ਵਿਚ ਲੱਗਾ ਹੈ ਤੇ ਆਖ ਰਿਹਾ ਹੈ-"ਹੂੰ, ਹੁਣ ਉਹ ਕਿੱਥੇ ਏ ?"

"ਮੈਂ ਉਸਨੂੰ ਘਰ ਜਾਣ ਦਿੱਤਾ, ਪਰ ਨਾਲ ਹੀ ਇਹ ਵੀ ਦੱਸ ਦਿੱਤਾ ਕਿ ਉਸਨੂੰ ਇੰਜ ਹੀ ਛੱਡਿਆ ਨਹੀਂ ਜਾਵੇਗਾ।"

ਸੁਲਤਾਨ ਚੁੱਪ ਹੈ, ਉਸਨੂੰ ਉਹ ਸਮਾਂ ਯਾਦ ਆ ਰਿਹਾ ਹੈ ਜਦੋਂ ਤਰਖਾਣ ਦੁਕਾਨ ਵਿਚ ਆ ਕੇ ਉਸਨੂੰ ਮਿਲਦਾ ਸੀ। ਉਹ ਦੋਵੇਂ ਇੱਕੋ ਹੀ ਪਿੰਡ ਦੇ ਸਨ ਤੇ ਇਕ ਤਰ੍ਹਾਂ ਨਾਲ ਗੁਆਂਢੀ ਹੀ ਸਨ। ਜਲਾਲੂਦੀਨ ਤਦ ਤੋਂ ਬਿਲਕੁਲ ਨਹੀਂ ਬਦਲਿਆ ਸੀ। ਉਹ ਬੜ੍ਹਾ ਪਤਲਾ ਸੀ, ਉਸ ਦੀਆਂ ਅੱਖਾਂ ਵੱਡੀਆਂ-ਵੱਡੀਆਂ, ਡਰੀਆਂ-ਡਰੀਆਂ ਤੇ ਥੋੜ੍ਹੀਆਂ ਜਿਹੀਆਂ ਬਾਹਰ ਨਿਕਲੀਆਂ ਹੋਈਆਂ ਸਨ। ਉਹ ਸ਼ਾਇਦ ਪਹਿਲਾਂ ਨਾਲੋਂ ਵੀ ਜ਼ਿਆਦਾ ਪਤਲਾ ਹੋ ਗਿਆ ਸੀ। ਹਾਲਾਂਕਿ ਉਹ ਸਿਰ.ਫ 40 ਸਾਲ ਦਾ ਸੀ, ਪਰ ਉਸਦੀ ਕਮਰ ਝੁਕ ਗਈ ਸੀ। ਉਸਦਾ ਪਰਿਵਾਰ ਗਰੀਬ ਸੀ। ਪਰ ਇੱਜ਼ਤ ਬੜੀ ਸੀ। ਉਹਦੇ ਅੱਬੂ ਵੀ ਤਰਖਾਣ ਹੀ ਸਨ, ਪਰ ਕੁਝ ਸਾਲ ਪਹਿਲਾਂ ਉਨ੍ਹਾਂ ਦੀ ਨਿਗ੍ਹਾ ਚਲੀ ਗਈ ਸੀ ਤੇ ਉਨ੍ਹਾਂ ਦਾ ਕੰਮ ਕਰਨਾ ਬੰਦ ਹੋ ਗਿਆ ਸੀ।

ਸੁਲਤਾਨ ਉਸਨੂੰ ਕੰਮ ਦੇ ਕੇ ਖ਼ੁਸ਼ ਸੀ। ਜਲਾਲੂਦੀਨ ਸਮਝਦਾਰ ਸੀ ਤੇ ਸੁਲਤਾਨ ਨੇ ਕਿਤਾਬਾਂ ਵਾਸਤੇ ਨਵੀਆਂ ਅਲਮਾਰੀਆਂ ਬਣਵਾਉਣੀਆਂ ਸਨ। ਅਜੇ ਤੱਕ ਉਹਦੀ ਦੁਕਾਨ 'ਚ ਸਾਧਾਰਨ ਢੰਗ ਦੇ ਸ਼ੈਲ.ਫ ਬਣੇ ਹੋਏ ਸਨ, ਜਿਨ੍ਹਾਂ ਵਿਚ ਕਿਤਾਬਾਂ ਨੂੰ ਸਿੱਧਿਆਂ ਖੜ੍ਹਾ ਕੀਤਾ ਜਾਂਦਾ ਸੀ ਤੇ ਉਨ੍ਹਾਂ ਦਾ ਨਾਂ, ਉਨ੍ਹਾਂ ਦੀ ਪੁੱਠ ਕੇ ਦਿੱਸਦਾ ਸੀ। ਜ਼ਿਆਦਾਤਰ ਸ਼ੈਲ.ਫਾਂ ਕੰਧਾਂ ਵਿਚ ਹੀ ਸਨ। ਇਸ

ਤੋਂ ਇਲਾਵਾ ਫਰਸ਼ 'ਤੇ ਵੀ ਕਿਤਾਬਾਂ ਦੇ ਬੰਡਲ ਪਏ ਰਹਿੰਦੇ ਸਨ। ਪਰ ਉਸਨੂੰ ਅਜਿਹੇ ਸ਼ੈਲਫ਼ਾਂ ਦੀ ਜ਼ਰੂਰਤ ਸੀ, ਜਿਨ੍ਹਾਂ 'ਚ ਉਹ ਕਿਤਾਬਾਂ ਦਾ ਠੀਕ ਪ੍ਰਦਰਸ਼ਨ ਕਰ ਸਕੇ। ਉਹ ਢਾਲਦਾਰ ਖਾਨੇ ਬਣਾਉਣਾ ਚਾਹੁੰਦਾ ਸੀ, ਜਿਨ੍ਹਾਂ ਵਿਚ ਸਾਹਮਣੇ 'ਚੋਂ ਇਕ ਪਤਲੀ ਚਿੱਟ ਲੱਗੀ ਹੋਵੇ ਤਾਂ ਕਿ ਕਿਤਾਬ ਦਾ ਪੂਰਾ ਮੁੱਖ ਪੰਨਾ ਵਿਖਾਈ ਦੇਵੇ। ਉਸਦੀ ਦੁਕਾਨ ਪੱਛਮ ਦੀਆਂ ਦੁਕਾਨਾਂ ਵਾਂਗ ਹੋ ਜਾਵੇਗੀ। ਉਨ੍ਹਾਂ ਵਿਚ ਤਿੰਨ ਪੌਂਡ ਪ੍ਰਤੀ ਦਿਨ ਦੀ ਮਜ਼ਦੂਰੀ ਤਹਿ ਹੋਈ ਤੇ ਜਲਾਲੂਦੀਨ ਅਗਲੇ ਦਿਨ ਆਪਣੇ ਨਾਲ ਹਥੌੜਾ, ਆਰੀ, ਗੁਨੀਆ, ਕਿੱਲਾਂ ਤੇ ਕੁਝ ਲੱਕੜ ਦੇ ਫੱਟੇ ਲੈ ਕੇ ਆ ਗਿਆ। ਦੁਕਾਨ ਦੇ ਪਿੱਛੇ ਸਟੋਰ ਰੂਮ ਨੂੰ ਤਰਖਾਣ ਦੀ ਵਰਕਸ਼ਾਪ ਬਣਾ ਦਿੱਤਾ ਗਿਆ। ਜਲਾਲੂਦੀਨ ਸਾਰਾ ਦਿਨ ਖਾਨਿਆਂ ਤੇ ਪੋਸਟ ਕਾਰਡਾਂ 'ਚ ਘਿਰਿਆ ਹਥੌੜੇ ਚਲਾਉਂਦਾ ਸੀ ਤੇ ਕਿੱਲਾਂ ਠੋਕਦਾ ਸੀ। ਕਾਰਡਾਂ ਨਾਲ ਸੁਲਤਾਨ ਨੂੰ ਚੰਗੀ ਕਮਾਈ ਹੁੰਦੀ ਹੈ। ਉਹ ਉਨ੍ਹਾਂ ਨੂੰ ਨਾਂਹ ਦੇ ਬਰਾਬਰ ਮੁੱਲ ਨਾਲ ਪਾਕਿਸਤਾਨ ਵਿਚੋਂ ਛਪਵਾਉਂਦਾ ਹੈ ਤੇ ਭਾਰੀ ਮੁਨਾਫ਼ੇ ਨਾਲ ਇੱਥੇ ਵੇਚਦਾ ਹੈ। ਆਮ ਤੌਰ 'ਤੇ ਸੁਲਤਾਨ ਆਪਣੀ ਪਸੰਦ ਦੀਆਂ ਤਸਵੀਰਾਂ ਉਨ੍ਹਾਂ 'ਤੇ ਛਪਵਾਉਂਦਾ ਹੈ, ਤੇ ਕਦੇ ਵੀ ਉਨ੍ਹਾਂ ਦੇ ਫੋਟੋਗ੍ਰਾਫਰ ਜਾਂ ਪੇਂਟਰ ਦਾ ਨਾਂ ਉਨ੍ਹਾਂ 'ਤੇ ਛਾਪਣ ਦੀ ਤਕਲੀਫ਼ ਨਹੀਂ ਉਠਾਉਂਦਾ। ਉਸ ਨੂੰ ਬੱਸ ਤਸਵੀਰ ਮਿਲਣੀ ਚਾਹੀਦੀ ਹੈ। ਕੁਝ ਫੋਟੋਗ੍ਰਾਫਰਾਂ ਨੇ ਉਸਨੂੰ ਆਪ ਤਸਵੀਰਾਂ ਦਿੱਤੀਆਂ ਤੇ ਪੈਸਾ ਵੀ ਨਹੀਂ ਮੰਗਿਆ। ਉਹ ਖ਼ੂਬ ਵਿਕੀਆਂ। ਸਭ ਤੋਂ ਵਧੀਆ ਗਾਹਕ ਅੰਤਰ-ਰਾਸ਼ਟਰੀ ਸ਼ਾਂਤੀ ਸੈਨਾ ਦੇ ਸਿਪਾਹੀ ਸਨ। ਉਹ ਜਦੋਂ ਕਾਬਲ 'ਚ ਗਸ਼ਤ ਕਰ ਰਹੇ ਸਨ ਤਾਂ ਸੁਲਤਾਨ ਦੀ ਦੁਕਾਨ 'ਤੇ ਆ ਕੇ ਪੋਸਟ ਕਾਰਡ ਖਰੀਦ ਕੇ ਲੈ ਜਾਂਦੇ ਸਨ : ਬੁਰਕਿਆਂ ਵਿਚ ਬੰਦ ਔਰਤਾਂ, ਟੈਂਕਾਂ 'ਤੇ ਖੇਡਦੇ ਬੱਚੇ, ਲੰਘੇ ਜ਼ਮਾਨੇ ਦੀਆਂ ਰਾਣੀਆਂ ਖੁੱਲ੍ਹੇ ਕੱਪੜਿਆਂ ਵਿਚ, ਬੁਜ਼ਕਸ਼ੀ ਦੇ ਘੋੜੇ, ਰਾਸ਼ਟਰੀ ਪਹਿਰਾਵੇ ਵਿਚ ਬੱਚੇ, ਜੰਗਲੀ ਦ੍ਰਿਸ਼, ਕਾਬਲ ਪਹਿਲਾਂ ਤੇ ਹੁਣ ਦੇ ਦ੍ਰਿਸ਼ਾਂ ਵਾਲੇ ਪੋਸਟ ਕਾਰਡ। ਸੁਲਤਾਨ ਨੂੰ ਤਸਵੀਰਾਂ ਦੀ ਚੰਗੀ ਪਰਖ ਹੈ ਤੇ ਸਿਪਾਹੀ ਅਕਸਰ ਇੱਕ-ਇੱਕ ਦਰਜਨ ਪੋਸਟ ਕਾਰਡ ਲੈ ਜਾਂਦੇ ਸਨ।

ਜਲਾਲੂਦੀਨ ਦੀ ਦਿਹਾੜੀ/ਮਜ਼ਦੂਰੀ ਪੂਰੇ ਨੌਂ ਪੋਸਟਕਾਰਡਾਂ ਦੇ ਮੁੱਲ ਦੇ ਬਰਾਬਰ ਸੀ। ਪਿਛਲੇ ਕਮਰੇ ਵਿਚ ਉਨ੍ਹਾਂ ਦਾ ਢੇਰ ਲੱਗਿਆ ਸੀ। ਇਕ-ਇਕ ਤਸਵੀਰ ਵਾਲੇ ਸੈਂਕੜੇ ਕਾਰਡ, ਬੋਰਿਆਂ ਦੇ ਅੰਦਰ ਤੇ ਬੋਰਿਆਂ ਦੇ ਬਾਹਰ, ਰੱਸੀ ਨਾਲ ਬੰਨ੍ਹੇ ਹੋਏ, ਬਿਨ੍ਹਾਂ ਰੱਸੀ ਦੇ, ਬਕਸਿਆਂ ਤੇ ਗੱਤੇ ਦੇ ਡੱਬਿਆਂ ਵਿੱਚ ਅਤੇ ਖਾਨਿਆਂ ਵਿਚ।

"ਦੋ ਸੌ, ਤੂੰ ਦੱਸਿਆ ਏ," ਸੁਲਤਾਨ ਨੇ ਕੁਝ ਸੋਚਦਿਆਂ ਹੋਇਆਂ ਕਿਹਾ, "ਤੈਨੂੰ ਕੀ ਲੱਗਦਾ ਏ, ਉਹ ਪਹਿਲੀ ਵਾਰ ਚੋਰੀ ਕਰ ਰਿਹਾ ਸੀ?"

"ਮੈਨੂੰ ਨਹੀਂ ਪਤਾ। ਉਸਨੇ ਕਿਹਾ ਕਿ ਉਹ ਇਨ੍ਹਾਂ ਦੀ ਕੀਮਤ ਦੇਣ ਵਾਲਾ ਸੀ, ਪਰ ਉਹ ਭੁੱਲ ਗਿਆ ਸੀ।"

"ਹਾਂ, ਉਹ ਇਸ ਗੱਲ ਦੀ ਕੋਸ਼ਿਸ਼ ਕਰ ਸਕਦਾ ਏ ਕਿ ਅਸੀਂ ਇਸ 'ਤੇ ਵਿਸ਼ਵਾਸ ਕਰੀਏ।"

"ਕਿਸੇ ਨੇ ਉਸਨੂੰ, ਉਨ੍ਹਾਂ ਨੂੰ ਚੋਰੀ ਕਰਨ ਲਈ ਕਿਹਾ ਹੋਵੇਗਾ।" ਮੰਸੂਰ ਨੇ ਕਿਹਾ। "ਉਹ ਇੰਨਾ ਚਲਾਕ ਨਹੀਂ ਏ ਕਿ ਕਾਰਡ ਵੇਚ ਸਕੇ। ਤੇ ਉਹਨੇ ਕਾਰਡਾਂ ਨੂੰ ਕੰਧ 'ਤੇ ਟੰਗਣ ਵਾਸਤੇ ਵੀ ਚੋਰੀ ਨਹੀਂ ਕੀਤਾ।" ਉਸਨੇ ਕਿਹਾ।

ਸੁਲਤਾਨ ਤਾਣੇ-ਮਿਹਣੇ ਮਾਰਦਾ ਹੈ। ਉਸਦੇ ਕੋਲ ਇਸ ਸਭ ਕਾਸੇ ਲਈ ਸਮਾਂ ਨਹੀਂ ਸੀ। ਦੋ ਦਿਨਾਂ ਵਿਚ ਉਸਨੇ ਈਰਾਨ ਜਾਣਾ ਸੀ, ਕਈ ਸਾਲ ਤੋਂ ਬਾਅਦ। ਉਸ ਤੋਂ ਪਹਿਲਾਂ ਕਈ ਕੰਮ ਕਰਨੇ ਸਨ, ਪਰ ਉਸਨੂੰ ਪਹਿਲਾਂ ਇਸਨੂੰ ਨਬੇੜਨਾ ਪਵੇਗਾ। ਉਸਦੇ ਚੋਰੀ ਕਰਕੇ ਕੋਈ ਵੀ, ਕੋਈ ਵੀ ਬੱਚ ਨਹੀਂ ਸਕਦਾ।

"ਤੂੰ ਦੁਕਾਨ ਦਾ ਧਿਆਨ ਕਰੀਂ ਤੇ ਮੈਂ ਉਸਦੇ ਘਰ ਜਾਵਾਂਗਾ। ਸਾਨੂੰ ਇਸ ਗੱਲ ਦੀ



ਗਹਿਰਾਈ ਤੱਕ ਜਾਣਾ ਚਾਹੀਦਾ ਏ।" ਸੁਲਤਾਨ ਨੇ ਕਿਹਾ। ਉਸਨੇ ਰਸੂਲ ਨੂੰ ਆਪਣੇ ਨਾਲ ਲਿਆ, ਉਹ ਤਰਖਾਣ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਦੇਹਖੁਦੈਦਾਦ ਪਿੰਡ ਵੱਲ ਆਪਣੀ ਕਾਰ ਵਿਚ ਰਵਾਨਾ ਹੋ ਗਏ।

ਪਿੰਡ ਵਿਚ ਕਾਰ ਦੇ ਪਿੱਛੇ ਮਿੱਟੀ ਦੀ ਗਰਦ ਉਡ ਰਹੀ ਸੀ। ਫਿਰ ਉਹ ਜਲਾਲੂਦੀਨ ਦੇ ਘਰ ਵੱਲ ਜਾਂਦੇ ਰਸਤੇ 'ਤੇ ਆ ਗਏ। "ਇਹ ਧਿਆਨ ਰੱਖੀਂ ਕਿ ਕਿਸੇ ਨੂੰ ਇਸ ਬਾਰੇ ਪਤਾ ਨਾ ਲੱਗੇ। ਸਾਰੇ ਪਰਿਵਾਰ ਨੂੰ ਇਹ ਸ਼ਰਮ ਨਾ ਝੱਲਣੀ ਪਵੇ।" ਸੁਲਤਾਨ ਨੇ ਰਸੂਲ ਨੂੰ ਸਮਝਾਇਆ।

ਕੋਨੇ 'ਤੇ ਪਿੰਡ ਦੀ ਦੁਕਾਨ ਵਿਚ, ਜਿੱਥੋਂ ਰਸਤਾ ਜਲਾਲੂਦੀਨ ਦੇ ਘਰ ਜਾਂਦਾ ਸੀ, ਲੋਕਾਂ ਦੀ ਭੀੜ ਸੀ। ਉਨ੍ਹਾਂ 'ਚ ਹੀ ਜਲਾਲੂਦੀਨ ਦਾ ਅੱਬੂ ਫੈਜ਼ ਵੀ ਖੜ੍ਹਾ ਸੀ। ਉਹ ਉਨ੍ਹਾਂ ਨੂੰ ਵੇਖ ਕੇ ਹੱਸਿਆ, ਸੁਲਤਾਨ ਦਾ ਹੱਥ ਘੁਟਿਆ ਤੇ ਉਸਨੂੰ ਗਲੇ ਨਾਲ ਲਾਇਆ। ਉਸਨੇ ਪਿਆਰ ਨਾਲ ਕਿਹਾ, "ਅੰਦਰ ਆਉ ਤੇ ਇਕ ਕੱਪ ਚਾਹ ਪੀਓ।" ਜ਼ਾਹਿਰ ਹੈ ਕਿ ਉਸਨੂੰ ਪੋਸਟਕਾਰਡ ਦੇ ਬਾਰੇ ਵਿਚ ਕੁਝ ਵੀ ਪਤਾ ਨਹੀਂ ਸੀ। ਬਾਕੀ ਲੋਕ ਵੀ ਸੁਲਤਾਨ ਨਾਲ ਗੱਲਾਂ ਕਰਨੀਆਂ ਚਾਹੁੰਦੇ ਸਨ-ਕਿਉਂਕਿ ਉਹ ਆਪਣੇ-ਆਪ ਨੂੰ ਉਚਾ ਚੁੱਕਣ, ਅਤੇ ਜ਼ਿੰਦਗੀ ਵਿਚ ਮੁਕਾਮ ਹਾਸਲ ਕਰਨ ਵਿਚ, ਕਾਮਯਾਬ ਰਿਹਾ ਸੀ।

"ਅਸੀਂ ਸਿਰਫ਼ ਤੇਰੇ ਪੁੱਤਰ ਨੂੰ ਮਿਲਣਾ ਚਾਹੁੰਦੇ ਹਾਂ।" ਸੁਲਤਾਨ ਨੇ ਕਿਹਾ। "ਕੀ ਤੂੰ ਉਸਨੂੰ ਬੁਲਾ ਸਕਦਾ ਏਂ?"

ਬੁੱਢਾ ਆਦਮੀ ਚਲਾ ਗਿਆ, ਉਹ ਆਪਣੇ ਪਿੱਛੇ ਪੁੱਤ ਨੂੰ ਲੈ ਕੇ ਪਰਤਿਆ। ਜਲਾਲੂਦੀਨ ਨੇ ਸੁਲਤਾਨ ਵੱਲ ਵੇਖਿਆ, ਉਹ ਕੰਬ ਰਿਹਾ ਸੀ।

"ਅਸੀਂ ਤੈਨੂੰ ਦੁਕਾਨ 'ਤੇ ਲੈ ਜਾਣਾ ਚਾਹੁੰਦੇ ਹਾਂ, ਕੀ ਤੂੰ ਸਾਡੇ ਨਾਲ ਥੋੜ੍ਹੀ ਦੇਰ ਲਈ ਆਵੇਂਗਾ?" ਸੁਲਤਾਨ ਨੇ ਪੁੱਛਿਆ। ਜਲਾਲੂਦੀਨ ਨੇ ਸਿਰ ਹਿਲਾ ਕੇ ਹਾਂ ਕਿਹਾ।

"ਤੈਨੂੰ ਫਿਰ ਕਿਸੇ ਦਿਨ ਆ ਕੇ ਚਾਹ ਪੀਣੀ ਪਵੇਗੀ।" ਅੱਬੂ ਨੇ ਪਿੱਛਿਓਂ ਆਵਾਜ਼ ਦਿੱਤੀ ਸੀ।

*****

"ਤੈਨੂੰ ਪਤਾ ਕਿ ਅਸੀਂ ਇੱਥੇ ਕਿਉਂ ਆਏ ਹਾਂ?" ਸੁਲਤਾਨ ਕਾਰ ਦੀ ਪਿਛਲੀ ਸੀਟ 'ਤੇ ਉਸਦੇ ਨਾਲ ਬੈਠੇ ਹੋਏ, ਰੁੱਖੇਪਨ ਨਾਲ ਉਸਨੂੰ ਪੁੱਛਦਾ ਹੈ। ਕਾਰ ਨੂੰ ਰਸੂਲ ਚਲਾ ਰਿਹਾ ਹੈ। ਉਹ ਵਕੀਲ ਦੇ ਭਰਾ ਮੀਰਦਜਾਨ ਕੋਲ ਜਾ ਰਹੇ ਹਨ, ਜੋ ਪੁਲਸ ਵਿਚ ਹੈ।

"ਮੈਂ ਸਿਰਫ਼ ਉਨ੍ਹਾਂ ਨੂੰ ਵੇਖਣਾ ਚਾਹੁੰਦਾ ਸੀ, ਮੈਂ ਉਨ੍ਹਾਂ ਨੂੰ ਵਾਪਸ ਮੋੜ ਦਿੱਤਾ। ਮੈਂ ਆਪਣੇ ਬੱਚਿਆਂ ਨੂੰ ਵਿਖਾਉਣਾ ਚਾਹੁੰਦਾ ਸੀ। ਉਹ ਬਹੁਤ ਸੁੰਦਰ ਸਨ।"

ਤਰਖਾਣ ਕੋਨੇ ਵਿਚ ਸੁੰਗੜਿਆ ਹੋਇਆ ਹੈ, ਮੋਢੇ ਲਮਕਾਈ, ਆਪਣੇ ਆਪ ਨੂੰ ਇਕਦਮ ਨੀਵਾਂ ਵਿਖਾਉਣ ਦੇ ਯਤਨ ਵਿਚ। ਉਸ ਦੀਆਂ ਮੁੱਠੀਆਂ, ਉਸ ਦੀਆਂ ਲੱਤਾਂ ਵਿਚ ਰਚੀੜੀਆਂ ਹੋਈਆਂ ਹਨ। ਉਹ ਵਾਰ-ਵਾਰ ਆਪਣੇ ਨਹੁੰਆਂ ਨਾਲ ਉਂਗਲਾਂ ਨੂੰ ਕਰੇਦਦਾ ਹੈ। ਬੋਲਣ ਵਕਤ ਉਹ ਇਕਦਮ ਘਬਰਾਹਟ ਭਰੀ ਨਜ਼ਰ ਸੁਲਤਾਨ 'ਤੇ ਸੁੱਟਦਾ ਹੈ ਤੇ ਕਿਸੇ ਡਰੇ ਹੋਏ ਚੂਚੇ ਨਾਲੋਂ ਵੱਖ ਨਹੀਂ ਲੱਗਦਾ। ਸੁਲਤਾਨ ਸੀਟ ਵਿਚ ਪਿੱਠ ਲਾਈ ਅਰਾਮ ਨਾਲ ਉਸਨੂੰ ਸਵਾਲ ਕਰ ਰਿਹਾ ਹੈ।

"ਮੈਨੂੰ ਇਸ ਦੱਸ ਕਿ ਤੂੰ ਕਿੰਨੇ ਪੋਸਟਕਾਰਡ ਲੈ ਗਿਆ ਸੀ?"

"ਬੱਸ ਉੰਨੇ ਹੀ ਜਿੰਨੇ ਤੁਸੀਂ ਵੇਖੇ।"

"ਤੂੰ ਝੂਠ ਬੋਲਦਾ ਏਂ।"

"ਇਹ ਸੱਚ ਏ।"

"ਤੂੰ ਜੇ ਇਹ ਨਾ ਮੰਨਿਆ ਕਿ ਹੋਰ ਜ਼ਿਆਦਾ ਲੈ ਗਿਆ ਸੀ ਤਾਂ ਮੈਂ ਤੈਨੂੰ ਪੁਲਸ ਕੋਲ ਲੈ ਜਾਵਾਂਗਾ।"

ਤਰਖਾਣ, ਸੁਲਤਾਨ ਦਾ ਹੱਥ ਖਿੱਚ ਕੇ ਪਾਗਲਾਂ ਵਾਂਗ ਚੁੰਮਦਾ ਹੈ। ਸੁਲਤਾਨ ਆਪਣਾ ਹੱਥ ਵਾਪਸ ਖਿੱਚ ਲੈਂਦਾ ਹੈ।

"ਬਕਵਾਸ ਬੰਦ ਕਰ, ਬੇਵਕੂਫ਼ਾਂ ਵਾਂਗ ਵਿਹਾਰ ਨਾ ਕਰ।"

"ਅੱਲ੍ਹਾ ਦਾ ਵਾਸਤਾ, ਮੇਰੀ ਇੱਜ਼ਤ ਦਾ ਵਾਸਤਾ, ਮੈਂ ਹੋਰ ਕੁਝ ਨਹੀਂ ਲੈ ਗਿਆ। ਮੈਨੂੰ ਜੇਲ੍ਹ ਵਿਚ ਨਾ ਸੁੱਟਣਾ, ਰਹਿਮ ਕਰੋ, ਮੈਂ ਪੈਸੇ ਦੇ ਦੇਵਾਂਗਾ। ਮੈਂ ਇੱਜ਼ਤਦਾਰ ਆਦਮੀ ਹਾਂ। ਮੈਨੂੰ ਮਾਫ਼ ਕਰ ਦੇਉ, ਮੈਂ ਬੇਵਕੂਫ਼ੀ ਕੀਤੀ, ਮੈਨੂੰ ਮਾਫ਼ ਕਰ ਦੇਉ। ਮੇਰੇ ਸੱਤ ਛੋਟੇ-ਛੋਟੇ ਬੱਚੇ ਨੇ, ਮੇਰੀਆਂ ਦੋ ਧੀਆਂ ਨੂੰ ਪੋਲੀਓ ਏ। ਮੇਰੀ ਪਤਨੀ ਫਿਰ ਗਰਭਵਤੀ ਏ ਤੇ ਸਾਡੇ ਕੋਲ ਖਾਣ ਲਈ ਕੁਝ ਵੀ ਨਹੀਂ ਏ। ਮੇਰੇ ਬੱਚੇ ਕਮਜ਼ੋਰ ਨੇ, ਮੇਰੀ ਪਤਨੀ ਰੋਜ਼ਾਨਾ ਚੀਕਦੀ ਏ, ਕਿਉਂਕਿ ਮੈਂ ਸਾਰਿਆਂ ਦਾ ਢਿੱਡ ਭਰਨ ਜੋਗਾ ਕੰਮਾਉਂਦਾ ਨਹੀਂ। ਅਸੀਂ ਆਲੂ ਤੇ ਉਬਲੀਆਂ ਸਬਜ਼ੀਆਂ ਖਾਂਦੇ ਹਾਂ। ਅਸੀਂ ਚੌਲ ਵੀ ਨਹੀਂ ਖਰੀਦ ਸਕਦੇ। ਮੇਰੀ ਮਾਂ ਹਸਪਤਾਲਾਂ ਤੇ ਢਾਬਿਆਂ 'ਚੋਂ ਜੂਠ ਲੈ ਕੇ ਆਉਂਦੀ ਏ। ਕਦੇ-ਕਦੇ ਕੁਝ ਉਬਲੇ ਹੋਏ ਚੌਲ ਵੀ ਮਿਲ ਜਾਂਦੇ ਨੇ। ਕਦੇ-ਕਦੇ ਉਹ ਬਚੇ-ਖੁਚੇ ਨੂੰ ਵੀ ਬਜ਼ਾਰ ਵਿਚ ਵੇਚ ਦਿੰਦੇ ਨੇ। ਪਿਛਲੇ ਕੁਝ ਦਿਨਾਂ ਤੋਂ ਅਸੀਂ ਰੋਟੀ ਵੀ ਨਹੀਂ ਖਾਧੀ ਏ। ਤੇ ਮੈਂ ਆਪਣੀ ਭੈਣ ਦੇ ਪੰਜ ਬੱਚਿਆਂ ਦਾ ਵੀ ਢਿੱਡ ਭਰਦਾ ਹਾਂ, ਉਸਦਾ ਪਤੀ ਬੇਰੁਜ਼ਗਾਰ ਹੈ ਤੇ ਮੇਰੇ ਨਾਲ ਮੇਰੀ ਬੁੱਢੀ ਮਾਂ, ਬਾਪ ਤੇ ਦਾਦੀ ਰਹਿੰਦੇ ਨੇ।"

"ਸੋਚ ਲੈ, ਜੇ ਤੂੰ ਇਹ ਮੰਨ ਲਵੇਂ ਕਿ ਤੂੰ ਜ਼ਿਆਦਾ ਚੋਰੀ ਕੀਤੇ ਨੇ ਤਾਂ ਤੈਨੂੰ ਜੇਲ੍ਹ ਨਹੀਂ ਭੇਜਾਂਗਾ।" ਸੁਲਤਾਨ ਨੇ ਕਿਹਾ।

ਗੱਲਬਾਤ ਹੁੰਦੀ ਰਹੀ। ਤਰਖਾਣ ਆਪਣੀ ਗਰੀਬੀ ਦੀ ਦੁਹਾਈ ਦਿੰਦਾ ਹੈ ਤੇ ਸੁਲਤਾਨ ਉਸ ਕੋਲੋਂ ਹੋਰ ਚੋਰੀ ਕੀਤੇ ਸਾਮਾਨ ਦਾ ਭੇਤ ਉਗਲਵਾਉਣਾ ਚਾਹੁੰਦਾ ਹੈ। ਉਹ ਇਹ ਵੀ ਪੁੱਛਦਾ ਹੈ ਕਿ ਉਸ ਨੇ ਕਿੰਨੇ ਕਾਰਡ ਕਿਸਨੂੰ ਵੇਚੇ ਹਨ।

ਉਹ ਕਾਬਲ ਦਾ ਚੱਕਰ ਲਾ ਕੇ ਫਿਰ ਮੈਦਾਨ ਵਿਚ ਆ ਗਏ। ਰਸੂਲ ਉਨ੍ਹਾਂ ਨੂੰ ਕੱਚੇ ਰਾਹਾਂ 'ਤੇ, ਰਾਤ ਹੋਣ ਤੋਂ ਪਹਿਲਾਂ ਘਰ ਅਪੜਨ ਦੀ ਕਾਹਲੀ ਵਿਚ ਲੱਗੇ ਲੋਕਾਂ ਨੂੰ ਪਿੱਛੇ ਛੱਡਦਾ ਹੋਇਆ, ਲੈ ਜਾ ਰਿਹਾ ਹੈ। ਕੁਝ ਅਵਾਰਾ ਕੁੱਤੇ ਇਕ ਹੱਡੀ ਵਾਸਤੇ ਲੜ ਰਹੇ ਹਨ। ਬੱਚੇ ਨੰਗੇ ਪੈਰੀਂ ਦੌੜ ਰਹੇ ਹਨ। ਬੁਰਕਾ ਪਾਈ ਇਕ ਔਰਤ ਆਪਣੇ ਮੀਏਂ ਦੇ ਡੰਡੇ 'ਤੇ ਸੰਤੁਲਨ ਬਣਾ ਰਹੀ ਹੈ, ਇਕ ਬੁੱਢਾ ਆਦਮੀ ਸੰਤਰਿਆਂ ਨਾਲ ਭਰੇ ਠੇਲੇ ਨੂੰ ਧੱਕਣ ਵਿਚ ਲੱਗਿਆ ਹੈ, ਉਸਦੇ ਪੈਰ ਮੀਂਹ ਕਾਰਨ ਬਣੇ ਟੋਇਆਂ ਵਿਚ ਧੱਸ ਰਹੇ ਹਨ। ਸਖ਼ਤ ਮਿੱਟੀ ਦੀ ਸੜਕ, ਪੈਖਾਨੇ, ਕੂੜੇ ਤੇ ਪਸ਼ੂਆਂ ਦੇ ਮਲ-ਮੂਤਰ ਦੀ ਗੰਦਗੀ ਚਿੱਕੜ ਵਿਚ ਬਦਲ ਗਈ ਹੈ। ਇਹ ਸਾਰਾ ਕੁਝ ਮੀਂਹ ਨਾਲ ਗਲੀਆਂ ਤੇ ਕਿਨਾਰਿਆਂ ਤੋਂ ਵਹਿ ਕੇ ਸੜਕ 'ਤੇ ਜਮ੍ਹਾਂ ਹੋ ਗਿਆ ਹੈ।

ਰਸੂਲ ਇਕ ਗੇਟ ਦੇ ਸਾਹਮਣੇ ਗੱਡੀ ਰੋਕਦਾ ਹੈ। ਸੁਲਤਾਨ ਉਸਨੂੰ ਉਤਰ ਕੇ ਦਰਵਾਜ਼ਾ ਖੜ੍ਹਕਾਉਣ ਲਈ ਆਖਦਾ ਹੈ। ਮੀਰਦਜਾਨ ਬਾਹਰ ਆਉਂਦਾ ਹੈ। ਉਨ੍ਹਾਂ ਸਭ ਨੂੰ ਜੀ ਆਇਆਂ ਆਖਦਾ ਹੈ ਤੇ ਉਨ੍ਹਾਂ ਨੂੰ ਅੰਦਰ ਆਉਣ ਲਈ ਕਹਿੰਦਾ ਹੈ।

ਉਹ ਲੋਕ ਜਦੋਂ ਪੌੜੀਆਂ ਚੜਦੇ ਹਨ ਤਾਂ ਸਕਰਟਾਂ ਦੀ ਆਵਾਜ਼ ਸੁਣਾਈ ਦਿੰਦੀ ਹੈ। ਘਰ ਦੀਆਂ ਔਰਤਾਂ ਲੁਕ ਰਹੀਆਂ ਹਨ। ਕੁਝ ਅੱਧ-ਖੁੱਲ੍ਹੇ ਦਰਵਾਜ਼ਿਆਂ ਦੇ ਪਿੱਛੇ ਖੜ੍ਹੀਆਂ ਹਨ ਤੇ ਬਾਕੀ ਪਰਦਿਆਂ ਦੇ ਪਿੱਛੇ। ਇੱਕ ਨਿੱਕੀ ਕੁੜੀ ਦਰਵਾਜ਼ੇ ਦੀਆਂ ਝੀਥਾਂ 'ਚੋਂ ਝਾਕ ਰਹੀ ਹੈ, ਤਾਂ ਕਿ ਇਹ ਵੇਖ ਸਕੇ ਕਿ ਦਿਨ ਵਿਚ ਇੰਨੀ ਦੇਰੀ ਨਾਲ, ਉਨ੍ਹਾਂ ਨੂੰ ਕੌਣ ਮਿਲਣ ਆਇਆ ਹੈ। ਪਰਿਵਾਰ ਦੇ ਬਾਹਰ ਦੇ ਕਿਸੇ ਆਦਮੀ ਨੂੰ ਉਨ੍ਹਾਂ ਦੀ ਸ਼ਕਲ ਨਹੀਂ ਵਿਖਾਈ ਦੇਣੀ ਚਾਹੀਦੀ। ਰਸੋਈ ਵਿਚੋਂ, ਮਾਂ-ਭੈਣਾਂ ਵੱਲੋਂ



ਬਣਾਈ ਗਈ ਚਾਹ ਨੂੰ ਵੱਡੇ ਮੁੰਡੇ ਬਾਹਰ ਲਿਆ ਕੇ ਰੱਖ ਰਹੇ ਹਨ।

"ਠੀਕ ਏ", ਮੀਰਦਜਾਨ ਨੇ ਕਿਹਾ। ਉਹ ਲੱਤ 'ਤੇ ਲੱਤ ਰੱਖ ਕੇ, ਲੰਬਾ ਕੁੜਤਾ ਤੇ ਖੁੱਲ੍ਹੀ ਸਲਵਾਰ ਪਾਈ ਬੈਠਾ ਹੈ। ਇਹ ਪਹਿਰਾਵਾ ਤਾਲਿਬਾਨ ਦੇ ਸਾਰੇ ਆਦਮੀਆਂ ਲਈ ਜਬਰਨ ਲਾਜਮੀਂ ਕਰ ਦਿੱਤਾ ਗਿਆ ਸੀ। ਮੀਰਦਜਾਨ ਨੂੰ ਇਹ ਪਸੰਦ ਹੈ। ਉਹ ਲੰਬਾ ਤੇ ਮੋਟਾ ਹੈ ਤੇ ਖੁੱਲ੍ਹੇ-ਡੁੱਲ੍ਹੇ ਕੱਪੜੇ ਉਸਨੂੰ ਅਰਾਮਦੇਹ ਲੱਗਦੇ ਹਨ। ਹੁਣ ਉਸ ਨੂੰ ਵਰਦੀ ਪਾਉਣੀ ਪਵੇਗੀ ਜਿਸਨੂੰ ਉਹ ਪਸੰਦ ਨਹੀਂ ਕਰਦਾ, ਪੁਰਾਣੀ ਅਫ਼ਗਾਨ ਪੁਲਸ ਦੀ ਵਰਦੀ ਜਿਸ ਨੂੰ ਪੁਲਸ ਤਾਲਿਬਾਨ ਦਾ ਰਾਜ ਆਉਣ ਤੋਂ ਪਹਿਲਾਂ ਪਹਿਨਦੀ ਸੀ। ਅਲਮਾਰੀ ਵਿਚ ਸਾਲਾਂਬੱਧੀ ਟੰਗੇ ਰਹਿਣ ਤੋਂ ਬਾਅਦ, ਹੁਣ ਉਹ ਵਰਦੀ ਕੁਝ ਤੰਗ ਹੋ ਗਈ ਹੈ। ਗਰਮ ਵੀ ਹੈ, ਕਿਉਂਕਿ ਮੋਟੇ ਕੱਪੜੇ ਤੋਂ ਬਣੀ ਸਰਦੀ ਦੀ ਵਰਦੀ ਹੀ ਇੰਨੇ ਦਿਨ ਪਏ-ਪਏ ਸਹੀ ਸਲਾਮਤ ਬਚੀ ਹੈ। ਵਰਦੀਆਂ ਰੂਸੀ ਨਮੂਨੇ ਦੀਆਂ ਬਣੀਆਂ ਹਨ ਤੇ ਕਾਬਲ ਦੀ ਬਜਾਇ ਸਾਇਬੇਰੀਆ ਵਾਸਤੇ ਜ਼ਿਆਦਾ ਲਾਭਦਾਇਕ ਹਨ। ਮੀਰਦਜਾਨ ਬਸੰਤ ਵਿੱਚ, ਜਦੋਂ ਤਾਪਮਾਨ 30 ਡਿਗਰੀ ਤੱਕ ਪਹੁੰਚ ਸਕਦਾ ਹੈ, ਪਸੀਨੇ ਵਿਚ ਤਰੋਬਤਰ ਦਿਨ ਬਿਤਾਉਂਦਾ ਹੈ।

ਸੁਲਤਾਨ ਛੇਤੀ ਨਾਲ ਆਪਣੇ ਆਉਣ ਦਾ ਮਕਸਦ ਦੱਸਦਾ ਹੈ। ਮੀਰਦਜਾਨ ਉਨ੍ਹਾਂ ਨੂੰ ਇੱਕ-ਇੱਕ ਕਰਕੇ ਬੋਲਣ ਲਈ ਆਖਦਾ ਹੈ, ਜਿਵੇਂ ਉਨ੍ਹਾਂ ਤੋਂ ਪੁੱਛਗਿੱਛ ਕਰ ਰਿਹਾ ਹੋਵੇ। ਸੁਲਤਾਨ ਇਕ ਪਾਸੇ 'ਤੇ ਬੈਠਾ ਹੈ, ਜਲਾਲੂਦੀਨ ਉਸ ਦੇ ਸਾਹਮਣੇ ਬੈਠਾ ਹੈ। ਉਹ ਸਮਝਦਿਆਂ ਹੋਇਆਂ ਗਰਦਨ ਹਿਲਾਉਂਦਾ ਹੈ ਤੇ ਹਲਕੇ-ਫੁਲਕੇ ਢੰਗ ਨਾਲ ਗੱਲ ਕਰਦਾ ਹੈ। ਸੁਲਤਾਨ ਤੇ ਜਲਾਲੂਦੀਨ ਨੂੰ ਚਾਹ ਤੇ ਕਰੀਮ ਦੇ ਬਿਸਕੁਟ ਪਰੋਸੇ ਜਾਂਦੇ ਹਨ ਅਤੇ ਗੱਲਬਾਤ ਹੁੰਦੀ ਰਹਿੰਦੀ ਹੈ।

"ਤੇਰੀ ਭਲਾਈ ਇਸੇ 'ਚ ਏ ਕਿ ਅਸਲ ਵਿਚ ਪੁਲਸ ਕੋਲ ਜਾਣ ਦੀ ਬਜਾਇ, ਅਸੀਂ ਮਾਮਲਾ ਇੱਥੇ ਹੀ ਸੁਲਝਾ ਲਈਏ," ਮੀਰਦਜਾਨ ਨੇ ਕਿਹਾ।

ਜਲਾਲੂਦੀਨ ਨੀਵੀਂ ਪਾਈ,ਹੱਥ ਮਲਦੇ ਹੋਏ ਹਕਲਾਕੇ, ਸੁਲਤਾਨ ਦੀ ਬਜਾਇ ਮੀਰਦਜਾਨ ਦੇ ਸਾਹਮਣੇ ਕਬੂਲ ਕਰਦਾ ਹੈ-"ਮੈਂ ਸ਼ਾਇਦ ਪੰਜ ਸੌ ਕਾਰਡ ਚੁੱਕੇ ਹੋਣਗੇ। ਪਰ ਉਹ ਸਾਰੇ ਘਰ 'ਚ ਹੀ ਹਨ। ਮੈਂ ਉਹ ਸਾਰੇ ਵਾਪਸ ਕਰ ਦੇਵਾਂਗਾ। ਮੈਂ ਉਨ੍ਹਾਂ ਨੂੰ ਹੱਥ ਵੀ ਨਹੀਂ ਲਾਇਆ।"

"ਮੈਂ ਅਜਿਹਾ ਨਹੀਂ ਕਿਹਾ।" ਪੁਲਸ ਵਾਲਾ ਬੋਲਿਆ।

ਪਰ ਸੁਲਤਾਨ ਇੰਨੇ 'ਚ ਹੀ ਨਹੀਂ ਮੰਨਦਾ। "ਮੈਨੂੰ ਪੱਕਾ ਵਿਸ਼ਵਾਸ ਹੈ ਕਿ ਤੂੰ ਹੋਰ ਵੀ ਵੱਧ ਚੋਰੀ ਕੀਤੇ ਨੇ। ਛੇਤੀ ਦੱਸ! ਤੂੰ ਉਨ੍ਹਾਂ ਨੂੰ ਕਿਸ ਕੋਲ ਵੇਚਿਆ ਏ?"

"ਭਲਾਈ ਇਸੇ 'ਚ ਏ ਕਿ ਸਭ ਕੁਝ ਹੁਣੇ ਕਬੂਲ ਕਰ ਲੈ।" ਮੀਰਦਜਾਨ ਨੇ ਕਿਹਾ-"ਜੇ ਪੁਲਸੀਏ ਢੰਗ ਨਾਲ ਪੁੱਛ-ਗਿੱਛ ਕਰਨੀ ਪਈ, ਤਾਂ ਉਹ ਇਸ ਤਰ੍ਹਾਂ ਨਹੀਂ ਹੋਣੀ ਤੇ ਚਾਹ ਤੇ ਬਿਸਕੁਟ ਵੀ ਨਹੀਂ ਮਿਲਣਗੇ।" ਉਹ ਤਲਖੀ ਨਾਲ ਕਹਿੰਦਾ ਹੈ ਤੇ ਜਲਾਲੂਦੀਨ ਨੂੰ ਵੇਖਦਾ ਹੈ।

"ਪਰ ਇਹ ਬਿਲਕੁਲ ਸੱਚ ਏ। ਮੈਂ ਉਨ੍ਹਾਂ ਨੂੰ ਵੇਚਿਆ ਨਹੀਂ ਏ। ਅੱਲ੍ਹਾ ਕਸਮ, ਮੈਂ ਵਾਅਦਾ ਕਰ ਰਿਹਾ ਹਾਂ।" ਇਹ ਆਖ ਕੇ ਉਸ ਨੇ ਸਾਰਿਆਂ ਵੱਲ ਟਿਕਟਿਕੀ ਲਾ ਵੇਖਿਆ। ਸੁਲਤਾਨ ਆਪਣੀ ਗੱਲ 'ਤੇ ਅੜਿਆ ਹੋਇਆ ਹੈ, ਉਸ ਨੂੰ ਦੁਹਰਾਉਂਦਾ ਹੈ, ਘਰ ਜਾਣ ਦਾ ਸਮਾਂ ਹੋ ਗਿਆ ਹੈ, ਕਰਫ਼ਿਊ ਤੋਂ ਬਾਅਦ ਬਾਹਰ ਘੁੰਮਦੇ ਆਦਮੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਲੋਕ ਮਾਰੇ ਵੀ ਗਏ ਹਨ, ਕਿਉਂਕਿ ਸਿਪਾਹੀਆਂ ਨੂੰ ਲੰਘਦੀਆਂ ਕਾਰਾਂ ਤੋਂ ਖ਼ਤਰਾ ਮਹਿਸੂਸ ਹੋਇਆ ਸੀ।

ਉਹ ਚੁੱਪ-ਚਾਪ ਕਾਰ ਵਿਚ ਬੈਠਦੇ ਹਨ। ਰਸੂਲ, ਤਰਖਾਣ ਨੂੰ ਸੱਚ ਦੱਸਣ ਲਈ ਕਹਿੰਦਾ ਹੈ। "ਨਹੀਂ ਤਾਂ ਇਹ ਮਾਮਲਾ ਲੰਬਾ ਹੁੰਦਾ ਜਾਵੇਗਾ, ਜਲਾਲੂਦੀਨ।" ਉਸਨੇ ਕਿਹਾ। ਜਦੋਂ ਉਹ ਤਰਖਾਣ ਦੇ ਘਰ ਅੱਪੜੇ ਤਾਂ ਉਹ ਪੋਸਟ ਕਾਰਡ ਲਿਆਉਣ ਅੰਦਰ ਚਲਾ ਗਿਆ। ਉਹ ਛੇਤੀ ਹੀ ਇਕ ਛੋਟਾ ਬੰਡਲ ਚੁੱਕ ਕੇ ਪਰਤਿਆ। ਕਾਰਡ, ਨਾਰੰਗੀ ਅਤੇ ਹਰੇ ਨਮੂਨੇ ਵਾਲੇ ਕੱਪੜੇ ਵਿਚ ਬੰਨੇ

ਹੋਏ ਹਨ। ਸੁਲਤਾਨ ਉਨ੍ਹਾਂ ਨੂੰ ਖੋਲ੍ਹ ਕੇ ਆਪਣੀਆਂ ਤਸਵੀਰਾਂ ਨੂੰ ਚੰਗਾ ਤਰ੍ਹਾਂ ਵੇਖਦਾ ਹੈ, ਜੋ ਹੁਣ ਉਨ੍ਹਾਂ ਦੇ ਅਸਲੀ ਮਾਲਕ ਕੋਲ ਆ ਗਈਆਂ ਹਨ ਤੇ ਫਿਰ ਸੈਲਫ਼ਾਂ ਵਿਚ ਸਜ਼ਾ ਦਿੱਤੀਆਂ ਜਾਣਗੀਆਂ। ਪਰ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਸਬੂਤ ਦੇ ਤੌਰ 'ਤੇ ਵਰਤਿਆ ਜਾਵੇਗਾ। ਰਸੂਲ, ਸੁਲਤਾਨ ਨੂੰ ਲੈ ਕੇ ਘਰ ਚਲਾ ਜਾਂਦਾ ਹੈ। ਤਰਖਾਣ, ਸ਼ਰਮਿੰਦਗੀ ਵਿਚ, ਉਸ ਖੂੰਝੇ 'ਚ ਖੜ੍ਹਾ ਰਹਿ ਜਾਂਦਾ ਹੈ, ਜਿੱਥੋਂ ਅੱਗੋਂ ਰਸਤਾ ਉਸ ਦੇ ਘਰ ਜਾਂਦਾ ਹੈ।

*****

480 ਪੋਸਟ ਕਾਰਡ। ਇਕਬਾਲ ਤੇ ਏਮਲ ਦਰੀ 'ਤੇ ਬੈਠ ਕੇ ਗਿਣਦੇ ਹਨ। ਸੁਲਤਾਨ ਇਸ ਗੱਲ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਤਰਖਾਣ ਕੁੱਲ ਕਿੰਨੇ ਲੈ ਗਿਆ ਹੋਵੇਗਾ। ਪੋਸਟ ਕਾਰਡਾਂ 'ਤੇ ਵੱਖ-ਵੱਖ ਤਸਵੀਰਾਂ ਹਨ। ਪਿਛਲੇ ਕਮਰੇ ਵਿਚ ਅਜਿਹੇ ਹਜ਼ਾਰਾਂ ਰੱਖੇ ਹੋਏ ਹਨ, "ਜੇ ਪੂਰਾ ਪੈਕਟ ਹੀ ਚਲਾ ਗਿਆ ਹੋਵੇਗਾ ਤਾਂ ਅੰਦਾਜ਼ਾ ਲਾਉਣਾ ਮੁਸ਼ਕਲ ਏ, ਜੇ ਕਈ ਪੈਕਟਾਂ ਵਿਚੋਂ ਕੁਝ ਦਰਜਨ ਹੀ ਗੁੰਮ ਨੇ ਤਾਂ ਇਹ ਸੰਭਵ ਏ ਕਿ ਉਸ ਨੇ ਕੁਝ ਹੀ ਪੈਕਟ ਖੋਲ੍ਹੇ ਹੋਣ ਤੇ ਹਰੇਕ ਵਿਚੋਂ ਥੋੜ੍ਹੇ-ਥੋੜ੍ਹੇ ਕਾਰਡ ਕੱਢੇ ਹੋਣ।" ਸੁਲਤਾਨ ਨੇ ਆਪਣੇ ਆਪ ਨੂੰ ਸਮਝਾਇਆ। "ਸਾਨੂੰ ਕਲ੍ਹ ਗਿਣਨਾ ਪਵੇਗਾ।"

ਅਗਲੀ ਸਵੇਰ, ਜਦੋਂ ਉਹ ਗਿਣ ਰਹੇ ਹਨ, ਤਰਖਾਣ ਅਚਾਨਕ ਦਰਵਾਜ਼ੇ 'ਤੇ ਖੜਾ ਵਿਖਾਈ ਦਿੰਦਾ ਹੈ। ਉਹ ਉਥੇ ਹੀ ਕੋਨੇ 'ਤੇ ਖੜ੍ਹਾ ਰਹਿੰਦਾ ਹੈ ਤੇ ਪਹਿਲਾਂ ਨਾਲੋਂ ਵੀ ਵੱਧ ਝੁਕਿਆ ਹੋਇਆ ਲੱਗਦਾ ਹੈ। ਅਚਾਨਕ ਉਹ ਸੁਲਤਾਨ ਵੱਲ ਦੌੜਦਾ ਹੈ ਤੇ ਉਸ ਦੇ ਪੈਰਾਂ ਨੂੰ ਚੁੰਮਣ ਲੱਗਦਾ ਹੈ। ਸੁਲਤਾਨ ਉਸ ਨੂੰ ਫੜ੍ਹ ਕੇ ਫਰਸ਼ ਤੋਂ ਚੁੱਕਦਾ ਹੈ ਅਤੇ ਗੁੱਸੇ ਵਿੱਚ ਬੋਲਦਾ ਹੈ, "ਆਪਣੇ ਆਪ ਨੂੰ ਸੰਭਾਲ, ਭਰਾਵਾ, ਮੈਨੂੰ ਤੇਰੀਆਂ ਦੁਆਵਾਂ ਨਹੀਂ ਚਾਹੀਦੀਆਂ।"

"ਮਾਫ਼ ਕਰ ਦੇਉ, ਮੈਨੂੰ ਮਾਫ਼ ਕਰ ਦੇਉ, ਮੈਂ ਤੁਹਾਨੂੰ ਮੋੜ ਦੇਵਾਂਗਾ। ਮੇਰੇ ਘਰ ਵਿਚ ਬੱਚੇ ਭੁੱਖੇ ਨੇ।" ਤਰਖਾਣ ਨੇ ਕਿਹਾ।

"ਮੈਂ ਕਲ੍ਹ ਵਾਲੀ ਗੱਲ ਹੀ ਦੁਹਰਾ ਰਿਹਾਂ, ਮੈਨੂੰ ਤੇਰੇ ਪੈਸੇ ਨਹੀਂ ਚਾਹੀਦੇ, ਪਰ ਮੈਨੂੰ ਇਹ ਦੱਸ ਕਿ ਤੂੰ ਉਨ੍ਹਾਂ ਨੂੰ ਕਿਸ ਕੋਲ ਵੇਚਿਆ ਏ। ਤੂੰ ਕਿੰਨੇ ਲੈ ਗਿਆ ਸੀ ?"

ਜਲਾਲੂਦੀਨ ਦਾ ਬੁੱਢਾ ਪਿਓ ਫੈਜ਼ ਵੀ ਉਥੇ ਹੈ। ਉਹ ਵੀ ਝੁਕ ਕੇ ਸੁਲਤਾਨ ਦੇ ਪੈਰ ਚੁੰਮਣ ਦੀ ਕੋਸ਼ਿਸ਼ ਕਰਦਾ ਹੈ, ਪਰ ਸੁਲਤਾਨ ਉਸ ਫਰਸ਼ 'ਤੇ ਬੈਠਣ ਤੋਂ ਪਹਿਲਾਂ ਹੀ ਫੜ੍ਹ ਕੇ ਖੜ੍ਹਾ ਕਰ ਦਿੰਦਾ ਹੈ। ਉਸਨੂੰ ਆਪਣੀ ਜੁੱਤੀ ਚੁੰਮੀ ਜਾਣਾ ਪਸੰਦ ਨਹੀਂ ਹੈ, ਖਾਸ ਤੌਰ 'ਤੇ ਕਿਸੇ ਬਜ਼ੁਰਗ ਗੁਆਂਢੀ ਦੁਆਰਾ।

"ਤੁਸੀਂ ਇਹ ਜਾਣ ਲਵੋ, ਮੈਂ ਇਸ ਨੂੰ ਸਾਰੀ ਰਾਤ ਕੁੱਟਿਆ ਏ। ਮੈਂ ਬਹੁਤ ਸ਼ਰਮਿੰਦਾ ਹਾਂ। ਮੈਂ ਇਸ ਨੂੰ ਪਾਲ-ਪੋਸ ਕੇ ਇਮਾਨਦਾਰ ਕਾਰੀਗਰ ਬਣਾਇਆ ਸੀ, ਤੇ ਹੁਣ। ਮੇਰਾ ਪੁੱਤ ਇਕ ਚੋਰ ਏ।" ਫੈਜ਼ ਨੇ ਕਿਹਾ ਤੇ ਆਪਣੇ ਪੁੱਤ 'ਤੇ ਨਰਾਜ਼ਗੀ ਵਿਖਾਈ, ਜੋ ਖੂੰਜੇ ਵਿਚ ਖੜ੍ਹਾ ਹੈ। ਉਹ ਝੁਕਿਆ ਹੋਇਆ ਤਰਖਾਣ, ਉਸ ਛੋਟੇ ਜਿਹੇ ਬੱਚੇ ਵਾਂਗ ਲੱਗ ਰਿਹਾ ਹੈ, ਜਿਸ ਨੇ ਚੋਰੀ ਕਰਕੇ ਝੂਠ ਬੋਲਿਆ ਹੈ ਤੇ ਹੁਣ ਉਸ ਨੂੰ ਸਜ਼ਾ ਮਿਲਣ ਵਾਲੀ ਹੈ।

ਸੁਲਤਾਨ ਹਲੀਮੀ ਨਾਲ ਪਿਓ ਨੂੰ ਪੂਰਾ ਕਿੱਸਾ ਸੁਣਾਉਂਦਾ ਹੈ ਕਿ ਜਲਾਲੂਦੀਨ ਆਪਣੇ ਨਾਲ ਪੋਸਟਕਾਰਡ ਚੁੱਕ ਕੇ ਘਰ ਲੈ ਗਿਆ ਸੀ, ਤੇ ਉਹ ਹੁਣ ਇਹੋ ਪੁੱਛ ਰਹੇ ਹਨ ਕਿ ਉਹ ਕਿੰਨੇ ਲੈ ਗਿਆ ਸੀ, ਤੇ ਉਸਨੇ ਕਿਸ ਕੋਲ ਉਨ੍ਹਾਂ ਨੂੰ ਵੇਚਿਆ ਸੀ।

"ਮੈਨੂੰ ਇਕੋ ਦਿਨ ਦਾ ਸਮਾਂ ਦੇਵੋ ਤੇ ਮੈਂ ਇਸ ਕੋਲੋਂ ਪੂਰੀ ਗੱਲ ਕਬੂਲ ਕਰਦਾ ਲਵਾਂਗਾ।" ਫੈਜ਼ ਨੇ ਗਿੜ-ਗਿੜਾ ਕੇ ਕਿਹਾ। ਉਸਦੀ ਜੁੱਤੀ ਦੀ ਸਿਲਾਈ ਉਧੜੀ ਹੋਈ ਹੈ ਤੇ ਉਸ ਨੇ ਪਜਾਮੇ ਨੂੰ



ਰੱਸੀ ਨਾਲ ਬੰਨਿਆ ਹੋਇਆ ਹੈ। ਉਹ ਆਪਣੇ ਪੁੱਤ ਵਾਂਗ ਹੀ ਦਿੱਸਦਾ ਹੈ। ਸੁਲਤਾਨ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਉਹ ਕੀ ਕਰੇ। ਜੈਕੇਟ ਦੀਆਂ ਬਾਹਾਂ ਘਸ-ਘਸ ਕੇ ਚਮਕੀਲੀਆਂ ਹੋ ਗਈਆਂ ਹਨ। ਉਹ ਬੁੱਢੇ ਆਦਮੀ ਦੇ ਸਾਹਮਣੇ ਸ਼ਰਮਿੰਦਾ ਹੋਇਆ ਮਹਿਸਸ ਕਰ ਰਿਹਾ ਹੈ। ਉਹ ਆਦਮੀ ਜੋ ਸ਼ਾਇਦ ਉਸ ਦਾ ਬਾਪ ਵੀ ਹੋ ਸਕਦਾ ਹੈ।

ਆਖਰ ਫੈਜ਼ ਜਾਣ ਲੱਗਦਾ ਹੈ। ਉਹ ਸੋਚ-ਸਮਝ ਕੇ ਕਿਤਾਬਾਂ ਦੀ ਉਸ ਪੇਟੀ ਕੋਲ ਜਾਂਦਾ ਹੈ, ਜਿੱਥੇ ਉਸਦਾ ਪੁੱਤ ਖੜ੍ਹਾ ਹੈ। ਬਿਜਲੀ ਦੀ ਤੇਜ਼ੀ ਵਾਂਗ ਉਸਦੀ ਬਾਂਹ ਉਠਦੀ ਹੈ ਅਤੇ ਉਹ ਆਪਣੇ ਪੁੱਤ ਨੂੰ ਉਥੇ ਹੀ ਕੁੱਟਣ ਲੱਗਦਾ ਹੈ।

"ਤੂੰ .....ਤੂੰ ਪੂਰੇ ਖਾਨਦਾਨ 'ਤੇ ਧੱਬਾ ਏਂ। ਤੈਨੂੰ ਜੰਮਣਾ ਹੀ ਨਹੀਂ ਚਾਹੀਦਾ ਸੀ। ਤੂੰ ਤਾਂ ਕਾਇਰ ਏਂ....ਠੱਗ ਏਂ।" ਉਹਦਾ ਪਿਓ ਉਸਨੂੰ ਲੱਤ ਮਾਰਦਿਆਂ ਕਹਿੰਦਾ ਹੈ। ਉਹ ਆਪਣਾ ਗੋਡਾ ਆਪਣੇ ਪੁੱਤ ਦੇ ਢਿੱਡ 'ਚ ਮਾਰਦਾ ਹੈ। ਜਲਾਲੂਦੀਨ ਬੁੱਤ ਬਣਿਆ ਖੜ੍ਹਾ ਰਹਿੰਦਾ ਹੈ। ਫਿਰ ਅਚਾਨਕ ਆਪਣੇ ਆਪ ਨੂੰ ਛੁਡਾਉਂਦਾ ਉਹ ਦੁਕਾਨ 'ਚੋਂ ਬਾਹਰ ਭੱਜ ਜਾਂਦਾ ਹੈ।

ਫੈਜ਼ ਦੀ ਭੇਡ ਦੀ ਖੱਲ ਦੀ ਟੋਪੀ ਫਰਸ਼ 'ਤੇ ਪਈ ਹੈ। ਉਹ ਕੁੱਟਣ ਦੌਰਾਨ ਜ਼ਮੀਨ 'ਤੇ ਡਿੱਗ ਪਈ ਸੀ ਉਹ ਸੁਲਤਾਨ ਤੋਂ ਵਿਦਾਈ ਲੈਂਦਾ ਹੈ ਅਤੇ ਬਾਹਰ ਚਲਾ ਜਾਂਦਾ ਹੈ। ਤਾਕੀ 'ਚੋਂ ਸੁਲਤਾਨ ਵੇਖਦਾ ਹੈ ਕਿ ਆਪਣੀ ਪੁਰਾਣੀ ਸਾਇਕਲ 'ਤੇ ਕਿਵੇਂ ਸੰਤੁਲਨ ਬਣਾ ਰਿਹਾ ਹੈ ਅਤੇ ਖੱਬੇ ਸੱਜੇ ਵੇਖਦੇ ਹੋਇਆਂ ਚੁੱਪ-ਚਾਪ ਪਿੰਡ ਵੱਲ ਰਵਾਨਾ ਹੋ ਜਾਂਦਾ ਹੈ।

ਇਸ ਸ਼ਰਮਨਾਕ ਦ੍ਰਿਸ਼ ਤੋਂ ਬਾਅਦ ਜਦੋਂ ਮਸਲਾ ਕੁਝ ਠੰਢਾ ਪੈਂਦਾ ਹੈ ਤਾਂ ਸੁਲਤਾਨ ਆਪਣੀ ਗਿਣਤੀ ਜ਼ਾਰੀ ਰੱਖਦਾ ਹੈ। "ਉਸਨੇ ਇੱਥੇ 40 ਦਿਨ ਕੰਮ ਕੀਤਾ....ਜੇ ਇਹ ਮੰਨ ਲਈਏ ਕਿ ਉਹ ਰੋਜ਼ਾਨਾ 200 ਕਾਰਡ ਰੋਜ਼ ਲੈ ਗਿਆ ਹੋਵੇ ਤਾਂ ਕੁੱਲ 8 ਹਜ਼ਾਰ ਕਾਰਡ ਗਏ। ਮੈਨੂੰ ਪੱਕਾ ਯਕੀਨ ਏ ਕਿ ਉਸਨੇ 8 ਹਜ਼ਾਰ ਕਾਰਡ ਚੋਰੀ ਕੀਤੇ ਨੇ।"

ਇਹ ਆਖ ਕੇ ਉਹ ਮੰਸੂਰ ਵੱਲ ਵੇਖਦਾ ਹੈ, ਜੋ ਆਪਣੇ ਮੋਢੇ ਝਾੜ ਦਿੰਦਾ ਹੈ। ਆਪਣੇ ਬਾਪ ਹੱਥੋਂ ਗਰੀਬ ਤਰਖਾਣ ਨੂੰ ਕੁੱਟਦਿਆਂ ਦੇਖਣਾ ਬੜਾ ਦਰਦਨਾਕ ਸੀ। ਮੰਸੂਰ ਲਈ ਪੋਸਟਕਾਰਡ ਦੀ ਕੋਈ ਅਹਿਮੀਅਤ ਨਹੀਂ ਹੈ। ਉਸਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਵਾਪਸ ਮਿਲਣ ਤੋਂ ਬਾਅਦ, ਹੁਣ ਇਹ ਸਾਰਾ ਬੇਕਾਰ ਕਿੱਸਾ ਭੁੱਲ ਜਾਣਾ ਚਾਹੀਦਾ ਹੈ-"ਉਸ ਵਿਚ ਉਨ੍ਹਾਂ ਨੂੰ ਵੇਚ ਕੇ ਖਾਣ ਦੀ ਅਕਲ ਨਹੀਂ ਏ। ਹੁਣ ਉਨ੍ਹਾਂ ਨੂੰ ਭੁੱਲ ਜਾਓ।" ਉਹ ਬੇਨਤੀ ਕਰਦਾ ਹੈ।

"ਇਹ ਸ਼ਾਇਦ ਕਿਸੇ ਦੇ ਆਖਣ 'ਤੇ ਕੀਤਾ ਗਿਆ ਏ। ਤੂੰ ਉਨ੍ਹਾਂ ਸਾਰੇ ਸਟਾਲਾਂ ਵਾਲਿਆਂ ਨੂੰ ਜਾਣਦਾ ਏਂ, ਜੋ ਸਾਡੇ ਕੋਲੋਂ ਪੋਸਟਕਾਰਡ ਖਰੀਦਿਆ ਕਰਦੇ ਨੇ। ਉਨ੍ਹਾਂ 'ਚੋਂ ਕੁਝ ਤਾਂ ਕਾਫ਼ੀ ਚਿਰ ਤੋਂ ਨਹੀਂ ਆਏ। ਮੈਂ ਸਮਝਦਾ ਸੀ ਕਿ ਉਨ੍ਹਾਂ ਨੇ ਬਹੁਤ ਖਰੀਦ ਲਏ ਨੇ। ਪਰ ਵੇਖ, ਉਨ੍ਹਾਂ ਨੇ ਤਰਖਾਣ ਕੋਲੋਂ ਸਸਤੇ ਵਿਚ ਖਰੀਦੇ ਨੇ ਤੇ ਉਹ ਇੰਨਾ ਬੇਵਕੂਫ ਏ ਕਿ ਉਸ ਨੇ ਉਨ੍ਹਾਂ ਨੂੰ ਕੌਡੀਆਂ ਦੇ ਭਾਅ 'ਤੇ ਵੇਚ ਦਿੱਤਾ ਹੋਵੇਗਾ। ਤੇਰਾ ਕੀ ਖਿਆਲ ਏ ?"

ਮੰਸੂਰ ਫਿਰ ਆਪਣੇ ਮੋਢੇ ਝਾੜ ਦਿੰਦਾ ਹੈ। ਉਹ ਆਪਣੇ ਪਿਓ ਨੂੰ ਜਾਣਦਾ ਹੈ ਤੇ ਇਹ ਵੀ ਜਾਣਦਾ ਹੈ ਕਿ ਉਹ ਮਾਮਲੇ ਦੀ ਡੂੰਘਾਈ ਤੱਕ ਜਾਣਾ ਚਾਹੁੰਦੇ ਹਨ। ਉਸਨੂੰ ਇਹ ਵੀ ਪਤਾ ਹੈ ਕਿ ਉਸੇ ਨੂੰ ਇਹ ਜ਼ੁੰਮੇਵਾਰੀ ਸੌਂਪੀ ਜਾਵੇਗੀ। ਉਸਦਾ ਅੱਬੂ ਈਰਾਨ ਜਾ ਰਿਹਾ ਹੈ ਤੇ ਇਕ ਮਹੀਨਾ ਬਾਹਰ ਹੀ ਰਹੇਗਾ।

"ਤੂੰ ਤੇ ਮੀਰਦਜਾਨ, ਮੇਰੇ ਪਿਛੋਂ ਕੁਝ ਪੜਤਾਲ ਕਰ ਸਕੋਂਗੇ ? ਸੱਚ ਸਾਹਮਣੇ ਆ ਜਾਵੇਗਾ। ਸੁਲਤਾਨ ਦਾ ਮਾਲ ਕੋਈ ਚੋਰੀ ਨਹੀਂ ਕਰ ਸਕਦਾ।" ਉਹ ਮੰਸੂਰ ਨੂੰ ਬਿਨਾਂ ਪਲਕ ਝਬਕੇ ਵੇਖਦਾ ਹੈ ਤੇ ਕਹਿੰਦਾ ਹੈ-"ਉਹ ਤਾਂ ਮੇਰਾ ਸਾਰਾ ਵਪਾਰ ਹੀ ਚੌਪਟ ਕਰ ਦਿੰਦਾ।" ਉਸਨੇ ਕਿਹਾ, "ਜ਼ਰਾ ਸੋਚੋ, ਉਹ

ਹਜ਼ਾਰਾਂ ਪੋਸਟਕਾਰਡ ਚੋਰੀ ਕਰਕੇ ਸਾਰੇ ਕਾਬੁਲ ਦੀਆਂ ਸਟਾਲਾਂ ਤੇ ਦੁਕਾਨਾਂ 'ਤੇ ਵੇਚਦਾ ਰਿਹਾ। ਉਹ ਉਨ੍ਹਾਂ ਨੂੰ ਮੇਰੇ ਤੋਂ ਵੀ ਬਹੁਤ ਸਸਤਾ ਵੇਚ ਰਹੇ ਨੇ। ਲੋਕ ਮੇਰੀ ਬਜਾਇ ਉਨ੍ਹਾਂ ਕੋਲ ਜਾਣਾ ਸ਼ੁਰੂ ਕਰ ਦੇਣਗੇ। ਮੈਂ ਉਨ੍ਹਾਂ ਸਾਰੇ ਫੌਜ਼ੀਆਂ ਤੋਂ ਹੱਥ ਧੋ ਬੈਠਾਂਗਾ, ਜੋ ਪੋਸਟਕਾਰਡ ਖਰੀਦਦੇ ਨੇ। ਮੇਰੇ ਤੇ ਸਭ ਤੋਂ ਮਹਿੰਗਾ ਹੋਣ ਦਾ ਠੱਪਾ ਲੱਗ ਜਾਵੇਗਾ, ਆਖਿਰ ਮੈਂ ਕੰਗਾਲ ਹੋ ਕੇ ਬੈਠ ਜਾਵਾਂਗਾ।"

ਮੰਸੂਰ ਆਪਣੇ ਪਿਤਾ ਦੀ ਤਬਾਹੀ ਦੀਆਂ ਭਵਿੱਖਬਾਣੀਆਂ ਅਨਮੰਨੇ ਮਨ ਨਾਲ ਸੁਣਦਾ ਹੈ। ਉਹ ਚਿੜ-ਚਿੜਾ ਹੈ ਤੇ ਇਸ ਗੱਲ ਨਾਲ ਬੌਖਲਾ ਗਿਆ ਹੈ ਕਿ ਉਸਨੂੰ ਅੱਬੂ ਦੇ ਜਾਣ ਮਗਰੋਂ ਇਕ ਹੋਰ ਕੰਮ ਸੌਂਪ ਦਿੱਤਾ ਗਿਆ ਹੈ। ਸਾਰੀਆਂ ਕਿਤਾਬਾਂ ਨੂੰ ਰਜਿਸਟਰ ਵਿਚ ਦਰਜ ਕਰਨਾ, ਪਾਕਿਸਤਾਨ ਦੇ ਪ੍ਰਿੰਟਰਾਂ ਵੱਲੋਂ ਭੇਜੀਆਂ ਗਈਆਂ ਕਿਤਾਬਾਂ ਵਾਸਤੇ ਨਵੇਂ ਬਕਸੇ ਲਿਆਉਣਾ, ਲਾਲ ਫੀਤਾਸ਼ਾਹੀ ਨਾਲ ਨਿਪਟਨਾ, ਜੋ ਕਾਬੁਲ ਵਿਚ ਕਿਤਾਬਾਂ ਦੀ ਦੁਕਾਨ ਚਲਾਉਣ ਦਾ ਖਮਿਆਜ਼ਾ ਹੈ ਤੇ ਡਰਾਈਵਰ ਦਾ ਫਰਜ਼ ਨਿਭਾਉਣਾ ਤੇ ਉਪਰੋਂ ਆਪਣੀ ਦੁਕਾਨ ਦੀ ਸੰਭਲ। ਉਸ ਨੂੰ ਹੁਣ ਪੁਲਸ ਇੰਸਪੈਕਟਰ ਦਾ ਰੋਲ ਨਿਭਾਉਣਾ ਪਵੇਗਾ।

"ਮੈਂ ਇਸ ਮਾਮਲੇ ਨੂੰ ਵੇਖ ਲਵਾਂਗਾ।" ਉਸਨੇ ਅਚਾਨਕ ਕਿਹਾ। ਉਹ ਹੋਰ ਕੁਝ ਆਖ ਵੀ ਨਹੀਂ ਸਕਦਾ ਸੀ।

"ਨਰਮੀ ਨਾ ਵਰਤੀਂ, ਨਰਮੀ ਕਦੇ ਨਾ ਵਰਤੀਂ।" ਇਹ ਸੁਲਤਾਨ ਦੇ, ਤਹਿਰਾਨ ਲਈ ਸ਼ਾਮ ਵੇਲੇ ਹਵਾਈ ਜਹਾਜ਼ 'ਚ ਬੈਠਣ ਤੋਂ ਪਹਿਲਾਂ ਦੇ ਆਖਰੀ ਸ਼ਬਦ ਸਨ।

*****

ਆਪਣੇ ਅੱਬੂ ਦੇ ਜਾਣ ਮਗਰੋਂ ਬਾਅਦ ਮੰਸੂਰ ਸਾਰਾ ਮਾਮਲਾ ਭੁੱਲ ਜਾਂਦਾ ਹੈ।

ਉਧਰ ਜਲਾਲੂਦੀਨ ਦੇ ਘਰ ਵਿਚ ਕੋਈ ਵੀ ਸੌਂ ਨਾ ਸਕਿਆ। ਬੱਚੇ ਫਰਸ਼ 'ਤੇ ਪਏ ਬਿਨਾਂ ਆਵਾਜ਼ ਤੋਂ ਰੋ ਰਹੇ ਹਨ। ਪਿਛਲੇ 24 ਘੰਟੇ ਉਨ੍ਹਾਂ ਦੀ ਜ਼ਿੰਦਗੀ ਦੇ ਸਭ ਤੋਂ ਮਾੜੇ ਲੰਘੇ। ਆਪਣੇ ਸਾਊ ਪਿਓ ਨੂੰ ਆਪਣੇ ਬਾਬੇ ਦੇ ਹੱਥੋਂ ਕੁੱਟ ਖਾਂਦੇ ਵੇਖਣਾ ਅਤੇ ਚੋਰ ਪੁਕਾਰਿਆ ਜਾਣਾ। ਸਭ ਕੁਝ ਉਲਟ ਹੋਇਆ ਸੀ। ਦਲਾਨ ਵਿਚ ਜਲਾਲੂਦੀਨ ਦਾ ਪਿਓ ਗੁੱਸੇ 'ਚ ਚੱਕਰ ਕੱਟ ਰਿਹਾ ਹੈ-"ਮੇਰਾ ਪੁੱਤ ਅਜਿਹਾ ਕਿਵੇਂ ਹੋ ਸਕਦਾ ਏ, ਸਾਰੇ ਪਰਿਵਾਰ ਨੂੰ ਸ਼ਰਮਿੰਦਾ ਹੋਣਾ ਪਵੇਗਾ ? ਮੈਂ ਕੀ ਗਲਤੀ ਕੀਤੀ ਏ?"

ਸਭ ਤੋਂ ਵੱਡਾ ਪੁੱਤ, ਉਹ ਠੰਗ, ਦਰੀ 'ਤੇ ਇਕੱਲੇ ਕਮਰੇ ਵਿਚ ਬੈਠਾ ਹੈ। ਉਹ ਲੇਟ ਨਹੀਂ ਸਕਦਾ ਕਿਉਂਕਿ ਉਸ ਦੇ ਪਿਉ ਨੇ ਮੋਟੇ ਡੰਡੇ ਨਾਲ ਕੁੱਟਿਆ ਸੀ ਤੇ ਉਸਦੇ ਲੱਕ 'ਚੋਂ ਖੂਨ ਵਹਿ ਰਿਹਾ ਸੀ।

*****

ਮੰਸੂਰ ਆਪਣੇ ਅੱਬੂ ਦੇ ਜਾਣ ਤੋਂ ਬਾਅਦ ਪਹਿਲੀ ਸਵੇਰ ਜਦੋਂ ਸੌਂ ਕੇ ਉਠਿਆ ਤਾਂ ਅਜ਼ਾਦੀ ਦਾ ਨਸ਼ਾ ਉਸ 'ਤੇ ਛਾ ਗਿਆ ਸੀ। ਉਸਨੇ ਇਹ ਸਾਰਾ ਦਿਨ ਪੂਰੀ ਐਸ਼ਪ੍ਰਸਤੀ 'ਚ ਲੰਘਾਇਆ ਸੀ।

ਤਦੇ ਇਕ ਦਿਨ ਸੁਲਤਾਨ ਨੇ ਇਕ ਸੰਦੇਸ਼ ਭੇਜਿਆ ਕਿ ਉਹ ਅਗਲੇ ਦਿਨ ਘਰ ਪਹੁੰਚ ਜਾਵੇਗਾ। ਮੰਸੂਰ ਤੁਰੰਤ ਹੋਸ਼ ਵਿਚ ਆ ਗਿਆ। ਉਸਨੇ ਉਹ ਕਈ ਕੰਮ ਨਹੀਂ ਕੀਤੇ ਸੀ ਜੋ ਉਸਦੇ ਅੱਬੂ ਨੇ ਵਿਦੇਸ਼ ਜਾਂਦੇ ਵਕਤ ਉਸ ਨੂੰ ਸੌਂਪੇ ਸਨ।

ਸ਼ਰੀਫ਼ਾ ਉਸਨੂੰ ਪੁੱਛਦੀ ਹੈ-"ਕੀ ਹੋਇਆ, ਮੇਰੇ ਪੁੱਤ ? ਕੀ ਤੂੰ ਬਿਮਾਰ ਏਂ ?"

ਉਹ ਬੋਲਦਾ ਹੈ-"ਕੁਛ ਨਹੀਂ।"

ਉਹ ਉਸ ਤੋਂ ਫਿਰ ਪੁੱਛਦੀ ਹੈ। ਮੰਸੂਰ ਚੀਕਦਾ ਹੈ "ਆਪਣਾ ਮੂੰਹ ਬੰਦ ਰੱਖ, ਪਾਕਿਸਤਾਨ



ਵਾਪਸ ਚਲੀ ਜਾਹ, ਜਦੋਂ ਤੋਂ ਆਈ ਏਂ-ਸਾਡਾ ਕੰਮ ਬਿਗੜ ਗਿਆ ਏ।"

ਸ਼ਰੀਫ਼ਾ ਰੋਣ ਲੱਗਦੀ ਹੈ-"ਮੇਰਾ ਪੁੱਤ ਇਸ ਤਰ੍ਹਾਂ ਕਿਉਂ ਹੋ ਗਿਆ-ਮੈਂ ਅਜਿਹੀ ਕੀ ਗਲਤੀ ਕੀਤੀ ਏ ਕਿ ਤੂੰ ਆਪਣੀ ਮਾਂ ਦੀ ਸ਼ਕਲ ਵੀ ਨਹੀਂ ਵੇਖਣਾ ਚਾਹੁੰਦਾ ?"

ਅਗਲੇ ਦਿਨ ਜਦੋਂ ਸੁਲਤਾਨ ਮੁੜਦਾ ਹੈ ਤਾਂ ਮੰਸੂਰ ਇੰਨਾ ਘਬਰਾਇਆ ਹੋਇਆ ਹੈ ਕਿ ਉਹ ਉਸ ਦੀਆਂ ਤੇਜ਼ ਨਜ਼ਰਾਂ ਨਾਲ ਅੱਖ ਨਹੀਂ ਮਿਲਾਉਂਦਾ, ਪਰ ਉਸਨੂੰ ਅਜੇ ਵੀ ਇੰਨੀ ਚਿੰਤਾ ਦੀ ਜ਼ਰੂਰਤ ਨਹੀਂ ਹੈ। ਸੁਲਤਾਨ ਜ਼ਿਆਦਾ ਸੋਨੀਆ ਨਾਲ ਗੱਲੀਂ ਪਿਆ ਰਹਿੰਦਾ ਹੈ। ਅਗਲੇ ਦਿਨ ਹੀ ਉਹ ਦੁਕਾਨ ਵਿਚ ਆਪਣੇ ਪੁੱਤ ਤੋਂ ਪੁੱਛਦਾ ਹੈ ਕਿ ਉਸਨੇ ਉਹਦੇ ਦੱਸੇ ਸਾਰੇ ਕੰਮ ਕੀਤੇ ਹਨ ਜਾਂ ਨਹੀਂ। ਮੰਸੂਰ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਉਹ ਨਵੀਆਂ ਹਦਾਇਤਾਂ ਦੇਣ ਲੱਗਦਾ ਹੈ। ਪਰ ਇਕ ਗੱਲ ਉਹ ਨਹੀਂ ਭੁੱਲਿਆ-ਤਰਖਾਣ।

"ਤੂੰ ਕੁਝ ਵੀ ਪਤਾ ਨਹੀਂ ਕੀਤਾ ?" ਸੁਲਤਾਨ ਆਪਣੇ ਮੁੰਡੇ ਨੂੰ ਹੈਰਾਨੀ ਨਾਲ ਵੇਖਦਾ ਹੈ। "ਕੀ ਤੂੰ ਮੇਰਾ ਕੰਮ ਟਾਲ ਰਿਹਾ ਏਂ ? ਕੱਲ੍ਹ ਨੂੰ ਪੁਲਸ ਕੋਲ ਜਾਵੀਂ ਤੇ ਉਸਦੀ ਸ਼ਿਕਾਇਤ ਕਰੀਂ। ਉਸਦਾ ਪਿਓ ਮੈਨੂੰ ਇਕ ਦਿਨ ਵਿਚ ਉਸ ਦਾ ਇਕਰਾਰਨਾਮਾ ਦੇਣ ਵਾਲਾ ਸੀ ਤੇ ਹੁਣ ਤਾਂ ਇਕ ਮਹੀਨਾ ਵੀ ਲੰਘ ਗਿਆ ਏ। ਤੇ ਮੇਰੇ ਪਾਕਿਸਤਾਨ ਤੋਂ ਮੁੜਨ ਤੱਕ ਜੇ ਉਸਨੂੰ ਜੇਲ੍ਹ ਨਾ ਭੇਜਿਆ ਗਿਆ ਤਾਂ ਤੂੰ ਮੇਰਾ ਪੁੱਤ ਨਹੀਂ....।" ਉਸਨੇ ਧਮਕੀ ਦਿੱਤੀ..."ਮੇਰੀ ਜ਼ਾਇਦਾਦ 'ਚੋਂ ਚੋਰੀ ਕਰਨ ਵਾਲਾ ਖੁਸ਼ ਨਹੀਂ ਰਹਿ ਸਕੇਗਾ।" ਉਸਨੇ ਤਿੱਖੀ ਆਵਾਜ਼ ਵਿਚ ਕਿਹਾ ਸੀ।

ਅਗਲੀ ਸਵੇਰ ਅਜੇ ਹਨੇਰਾ ਹੀ ਸੀ, ਦੋ ਔਰਤਾਂ ਆਪਣੀ ਗੋਦ ਵਿਚ ਦੋ ਬੱਚੇ ਚੁੱਕੀ ਖਾਨ ਪਰਿਵਾਰ ਦਾ ਦਰਵਾਜ਼ਾ ਖੜ੍ਹਕਾਉਣ ਲੱਗੀਆਂ। ਲੈਲਾ ਉਨੀਂਦੀ ਜਿਹੀ ਦਰਵਾਜ਼ਾ ਖੋਲ੍ਹਦੀ ਹੈ। ਔਰਤਾਂ ਰੋ ਰਹੀਆਂ ਹਨ ਤੇ ਕਸਮਾਂ ਖਾ ਰਹੀਆਂ ਹਨ ਅਤੇ ਕੁਝ ਪਲਾਂ ਬਾਅਦ ਲੈਲਾ ਨੂੰ ਸਮਝ ਵਿਚ ਆਇਆ ਕਿ ਇਹ ਤਾਂ ਤਰਖਾਣ ਦੀ ਦਾਦੀ ਤੇ ਭੂਆ, ਉਥੋਂ ਉਸਦੇ ਬੱਚਿਆਂ ਨਾਲ ਖੜ੍ਹੀਆਂ ਹਨ।

"ਰਹਿਮ ਕਰੋ, ਉਸਨੂੰ ਮਾਫ਼ ਕਰ ਦੇਉ।" ਉਨ੍ਹਾਂ ਕਿਹਾ-"ਅੱਲਾ ਦੇ ਨਾਂ 'ਤੇ ਰਹਿਮ ਕਰੋ।" ਉਹ ਰੋਣ ਲੱਗੀਆਂ। ਬੁੱਢੀ ਦਾਦੀ ਮਾਂ ਕਰੀਬ 90 ਸਾਲਾਂ ਦੀ ਹੈ, ਛੋਟੀ ਜਿਹੀ, ਚੂਹੀ ਦੇ ਚਿਹਰੇ ਵਾਲੀ। ਉਸ ਦੀ ਠੋਡੀ ਲੰਬੀ, ਵਾਲਾਂ ਨਾਲ ਭਰੀ ਹੈ। ਇਹ ਤਰਖਾਣ ਦੇ ਪਿਉ ਦੀ ਮਾਂ ਹੈ ਜੋ ਆਪਣੇ ਪੁੱਤ ਨੂੰ ਕੁੱਟ-ਕੁੱਟ ਕੇ, ਪਿਛਲੇ ਹਫਤਿਆਂ ਤੋਂ ਸੱਚ ਉਗਲਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

"ਸਾਡੇ ਕੋਲ ਖਾਣ ਲਈ ਕੁਝ ਵੀ ਨਹੀਂ ਏ, ਅਸੀਂ ਭੁੱਖੇ ਮਰ ਰਹੇ ਹਾਂ, ਬੱਚਿਆਂ ਵੱਲ ਵੇਖੋ। ਅਸੀਂ ਪੋਸਟਕਾਰਡਾਂ ਦੇ ਪੈਸੇ ਚੁਕਾ ਦੇਵਾਂਗੇ।"

ਲੈਲਾ ਉਨ੍ਹਾਂ ਨੂੰ ਅੰਦਰ ਬੁਲਾ ਲੈਂਦੀ ਹੈ। ਚੂਹੇ ਵਰਗੀ ਨਿੱਕੀ ਜਿਹੀ ਦਾਦੀ, ਪਰਿਵਾਰ ਦੀਆਂ ਔਰਤਾਂ ਦੇ ਪੈਰਾਂ 'ਚ ਡਿੱਗ ਜਾਂਦੀ ਹੈ, ਜੋ ਕਿ ਰੋਣ ਦੀ ਆਵਾਜ਼ ਸੁਣ ਕੇ ਜਾਗੀਆਂ ਹਨ ਤੇ ਕਮਰੇ ਵਿਚ ਆ ਗਈਆਂ ਹਨ। ਉਹ ਉਸਦਾ ਦੁੱਖ ਵੇਖ ਕੇ ਬਹੁਤ ਸ਼ਰਮਿੰਦਾ ਹੋ ਰਹੀਆਂ ਹਨ। ਔਰਤਾਂ ਦੇ ਨਾਲ ਦੋ ਸਾਲ ਦਾ ਇੱਕ ਬੱਚਾ ਹੈ ਤੇ ਪੋਲੀਓ ਦੀਆਂ ਮਾਰੀਆਂ ਕੁੜੀਆਂ 'ਚੋਂ ਇਕ ਕੁੜੀ ਵੀ ਹੈ। ਕੁੜੀ ਫਰਸ਼ 'ਤੇ ਬੜੀ ਔਖਿਆਈ ਨਾਲ ਬੈਠਦੀ ਹੈ, ਪੋਲੀਓ ਨਾਲ ਆਕੜੀ ਲੱਤ ਉਹ ਸਾਹਮਣੇ ਫੈਲਾ ਦਿੰਦੀ ਹੈ। ਉਹ ਚੁੱਪ-ਚਾਪ ਬੈਠ ਕੇ ਗੱਲਬਾਤ ਸੁਣਨ ਲੱਗਦੀ ਹੈ।

ਪੁਲਸ ਜਿਸ ਸਮੇਂ ਉਨ੍ਹਾਂ ਦੇ ਘਰ ਆਈ, ਜਲਾਲੂਦੀਨ ਉਥੇ ਨਹੀਂ ਸੀ, ਇਸੇ ਲਈ ਉਹ ਉਸ ਦੇ ਅੱਬੂ ਤੇ ਚਾਚੇ ਨੂੰ ਲੈ ਗਏ। ਉਨ੍ਹਾਂ ਕਿਹਾ ਕਿ ਉਹ ਕੱਲ੍ਹ ਸਵੇਰੇ ਫਿਰ ਆਉਣਗੇ ਤੇ ਉਸ ਨੂੰ ਵੀ ਲੈ ਜਾਣਗੇ। ਸਾਰੀ ਰਾਤ ਕੋਈ ਵੀ ਨਹੀਂ ਸੌਂ ਸਕਿਆ ਸੀ। ਪਹੁ ਫੁੱਟਦਿਆਂ ਹੀ, ਪੁਲਸ ਦੇ ਫਿਰ ਆਉਣ ਤੋਂ ਪਹਿਲਾਂ ਹੀ, ਦੋ ਬੁੱਢੀਆਂ ਔਰਤਾਂ ਸੁਲਤਾਨ ਤੋਂ ਆਪਣੇ ਰਿਸ਼ਤੇਦਾਰ ਵਾਸਤੇ ਦਇਆ ਤੇ ਮਾਫ਼ੀ ਮੰਗਣ ਲਈ ਨਿਕਲ ਪਈਆਂ ਸਨ।

"ਉਸਨੇ ਜੇ ਕੁਛ ਚੋਰੀ ਵੀ ਕੀਤਾ ਤਾਂ ਉਹ ਆਪਣੇ ਪਰਿਵਾਰ ਨੂੰ ਬਚਾਉਣ ਲਈ ਹੀ ਕੀਤਾ। ਇਨ੍ਹਾਂ ਵੱਲ ਵੇਖੋ, ਬੱਚਿਆਂ ਨੂੰ ਵੇਖੋ, ਕਿੰਨੇ ਕਮਜ਼ੋਰ ਨੇ,ਚੰਗੇ ਕੱਪੜੇ ਵੀ ਨਹੀਂ...ਖਾਣ ਨੂੰ ਵੀ ਕੁਝ ਨਹੀਂ ਮਿਲਿਆ।"

ਖਾਨ ਪਰਿਵਾਰ ਦੇ ਮੈਂਬਰਾਂ ਦੇ ਦਿਲ ਪੰਘਰ ਗਏ, ਪਰ ਉਨ੍ਹਾਂ ਦਾ ਇੱਥੇ ਆਉਣਾ ਬੇਕਾਰ ਹੀ ਰਿਹਾ। ਉਨ੍ਹਾਂ ਨੂੰ ਸਿਰਫ਼ ਦਇਆ ਹੀ ਮਿਲੀ। ਸੁਲਤਾਨ ਜਦੋਂ ਕਿਸੇ ਚੀਜ਼ ਬਾਰੇ ਠਾਣ ਲੈਂਦਾ ਹੈ ਤਾਂ ਫਿਰ ਖਾਨ ਪਰਿਵਾਰ ਦੀਆਂ ਔਰਤਾਂ ਕੁਝ ਵੀ ਨਹੀਂ ਕਰ ਸਕਦੀਆਂ। ਖਾਸ ਤੌਰ 'ਤੇ ਉਦੋਂ ਤਾਂ ਬਿਲਕੁਲ ਹੀ ਨਹੀਂ, ਜਦੋਂ ਉਸਦਾ ਅਸਰ ਦੁਕਾਨ 'ਤੇ ਪੈਂਦਾ ਹੋਵੇ।

"ਅਸੀਂ ਤੁਹਾਡੀ ਜ਼ਰੂਰ ਮੱਦਦ ਕਰਦੇ, ਪਰ ਅਸੀਂ ਕੁਝ ਵੀ ਨਹੀਂ ਕਰ ਸਕਦੇ। ਸੁਲਤਾਨ ਹੀ ਤਹਿ ਕਰਦਾ ਏ।" ਉਨ੍ਹਾਂ ਕਿਹਾ-"ਉਹ ਘਰ ਵਿਚ ਨਹੀਂ ਏ।"

ਔਰਤਾਂ ਦਾ ਰੋਣ-ਧੋਣ ਜ਼ਾਰੀ ਰਿਹਾ, ਉਨ੍ਹਾਂ ਨੂੰ ਇਹ ਪਤਾ ਹੈ ਕਿ ਇਹ ਸੱਚ ਹੈ, ਪਰ ਫਿਰ ਵੀ ਆਸ ਦਾ ਪੱਲਾ ਨਹੀਂ ਛੱਡ ਸਕਦੀਆਂ। ਲੈਲਾ ਤਲੇ ਹੋਏ ਆਂਡੇ ਤੇ ਡਬਲ ਰੋਟੀ ਲੈ ਕੇ ਆਉਂਦੀ ਹੈ। ਉਸ ਨੇ ਦੋਵਾ ਬੱਚਿਆਂ ਲਈ ਦੁੱਧ ਵੀ ਗਰਮ ਕਰ ਲਿਆ ਹੈ। ਮੰਸੂਰ ਜਦੋਂ ਕਮਰੇ ਵਿਚ ਆਉਂਦਾ ਹੈ ਤਾਂ ਦੋਵੇਂ ਔਰਤਾਂ ਦੌੜ ਕੇ ਉਸ ਦੇ ਪੈਰ ਚੁੰਮਣ ਲੱਗਦੀਆਂ ਹਨ। ਉਹ ਉਨ੍ਹਾਂ ਨੂੰ ਪਰ੍ਹਾਂ ਕਰ ਦਿੰਦਾ ਹੈ। ਉਹ ਜਾਣਦੀਆਂ ਹਨ ਕਿ ਉਸ ਕੋਲ, ਆਪਣੇ ਅੱਬੂ ਦਾ ਸਭ ਤੋਂ ਵੱਡਾ ਪੁੱਤ ਹੋਣ ਦੇ ਨਾਤੇ, ਉਸਦੀ ਗੈਰ-ਮੌਜੂਦਗੀ ਵਿਚ ਸਾਰੇ ਹੱਕ ਹਨ। ਪਰ ਮੰਸੂਰ ਨੇ ਆਪਣੇ ਅੱਬੂ ਅਨੁਸਾਰ ਹੀ ਕੰਮ ਕਰਨ ਦਾ ਮਨ ਬਣਾ ਲਿਆ ਹੈ।

"ਸੁਲਤਾਨ ਨੇ ਜਦੋਂ ਤੋਂ ਉਸਦੇ ਸੰਦ ਖੋਹੇ ਨੇ, ਉਹ ਆਪਣਾ ਕੰਮ ਨਹੀਂ ਕਰ ਸਕਿਆ। ਅਸੀਂ ਕਈ ਹਫਤਿਆਂ ਤੋਂ ਖਾਣਾ ਨਹੀਂ ਖਾਧਾ। ਅਸੀਂ ਖੰਡ ਦਾ ਸੁਆਦ ਵੀ ਭੁੱਲ ਗਏ ਹਾਂ।" ਦਾਦੀ ਰੋ ਕੇ ਕਹਿੰਦੀ ਹੈ।"ਅਸੀਂ ਜੋ ਚੌਲ ਖਰੀਦਦੇ ਹਾਂ, ਉਸ ਵੀ ਸਾਰੇ ਸੜੇ ਹੋਏ...ਉਸਦੇ ਬੱਚੇ ਕਮਜ਼ੋਰ ਹੁੰਦੇ ਜਾ ਰਹੇ ਨੇ, ਵੇਖੋ, ਉਨ੍ਹਾਂ ਦੇ ਸਰੀਰ 'ਤੇ ਸਿਰਫ਼ ਹੱਡੀਆਂ ਤੇ ਖੱਲ ਹੀ ਰਹਿ ਗਈ ਏ। ਜਲਾਲੂਦੀਨ ਨੂੰ ਉਹਦਾ ਪਿਓ ਰੋਜ਼ ਕੁੱਟਦਾ ਏ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਚੋਰ ਨੂੰ ਪਾਲ-ਪੋਸ ਕੇ ਵੱਡਾ ਕਰਾਂਗੀ।" ਖਾਨ ਪਰਿਵਾਰ ਦੀਆਂ ਔਰਤਾਂ ਸੁਲਤਾਨ ਨੂੰ ਮਨਾਉਣ ਦੀ ਕੋਸ਼ਿਸ਼ ਕਰਨ ਦਾ ਵਾਅਦਾ ਤਾਂ ਕਰ ਦਿੰਦੀਆਂ ਹਨ ਪਰ ਉਨ੍ਹਾਂ ਨੂੰ ਪਤਾ ਹੈ ਕਿ ਜੁਗਤ ਕਾਰਗਰ ਨਹੀਂ ਹੋਵੇਗੀ।

ਜਦੋਂ ਤੱਕ ਦਾਦੀ ਤੇ ਭੂਆ ਨੇ ਉਨ੍ਹਾਂ ਦੋ ਬੱਚਿਆਂ ਸਮੇਤ ਪਿੰਡ ਜਾਣ ਵਾਲਾ ਰਾਹ ਫੜ੍ਹਿਆ, ਪੁਲਸ ਉਥੇ ਜਲਾਲੂਦੀਨ ਨੂੰ ਲੈਣ ਲਈ ਪਹੁੰਚ ਚੁੱਕੀ ਸੀ।

ਦੁਪਹਿਰੇ ਮੰਸੂਰ ਨੂੰ ਗਵਾਹ ਦੇ ਤੌਰ 'ਤੇ ਬੁਲਾਇਆ ਗਿਆ। ਉਹ ਚੀਫ਼ ਕਾਂਸਟੇਬਲ ਦੀ ਮੇਜ਼ ਕੋਲ ਪਏ ਸੂਟਲ 'ਤੇ ਬੈਠ ਜਾਂਦਾ ਹੈ। ਚੀਫ਼ ਦੀ ਪੁੱਛ-ਗਿੱਛ ਨੂੰ ਸੱਤ ਲੋਕ ਸੁਣ ਰਹੇ ਹਨ। ਉਥੇ ਕੁਰਸੀਆਂ ਘੱਟ ਹਨ ਤੇ ਉਨ੍ਹਾਂ 'ਚੋਂ ਦੋ ਨੂੰ ਇਕੋ ਹੀ ਕੁਰਸੀ 'ਤੇ ਬੈਠਣਾ ਪਿਆ ਹੈ। ਤਰਖਾਣ ਫਰਸ਼ 'ਤੇ ਬੈਠਾ ਹੈ। ਉਹਨੇ ਮਿਲਦੀ ਜੁਲਦੀ ਵਰਦੀ ਪਾਈ ਹੈ, ਕੁਝ ਪੁਲਸ ਵਾਲੇ ਮੋਟੀ, ਸਲੇਟੀ, ਠੰਢ ਵਾਲੀ ਵਰਦੀ ਪਹਿਨੇ ਹੋਏ ਹਨ, ਕੁਝ-ਸਧਾਰਨ ਕੱਪੜੇ, ਤੇ ਹੋਰ ਹਰੀ ਐਸ.ਪੀ. ਵਰਦੀ ਪਾਈ ਖਲੋਤੇ ਹਨ, ਇਸ ਥਾਣੇ 'ਚ ਕੁਝ ਖਾਸ ਨਹੀਂ ਹੁੰਦਾ, ਇਸੇ ਕਾਰਨ ਪੋਸਟ ਕਾਰਡ ਦੀ ਚੋਰੀ ਵੀ ਵੱਡਾ ਮਸਲਾ ਹੈ। ਇਕ ਪੁਲਸ ਵਾਲਾ ਦਰਵਾਜ਼ੇ ਕੋਲ ਖੜ੍ਹਿਆ ਹੈ, ਬਿਨਾਂ ਆਗਿਆ ਦੇ ਕਿ ਉਸਨੇ ਅੰਦਰ ਰਹਿਣਾ ਹੈ ਜਾਂ ਬਾਹਰ।

"ਤੈਨੂੰ ਇਹ ਦੱਸਣਾ ਪਵੇਗਾ ਕਿ ਤੂੰ ਕਾਰਡ ਕਿਸ ਨੂੰ ਵੇਚੇ ਨੇ, ਨਹੀਂ ਤਾਂ ਤੈਨੂੰ ਕੇਂਦਰੀ ਜੇਲ੍ਹ ਲੈ ਕੇ ਜਾਵਾਂਗੇ।" ਚੀਫ਼ ਕਾਂਸਟੇਬਲ ਨੇ ਸਮਝਾਇਆ। ਕੇਂਦਰੀ ਜੇਲ੍ਹ ਦਾ ਨਾਂ ਸੁਣਦਿਆਂ ਹੀ ਕਮਰੇ ਵਿਚ ਸਨਸਨੀ ਫੈਲ ਜਾਂਦੀ ਹੈ। ਕੇਂਦਰੀ ਜੇਲ੍ਹ-ਉਥੇ ਹੀ ਅਸਲੀ ਅਪਰਾਧੀ ਜਾਂਦੇ ਹਨ। ਤਰਖਾਣ



ਫਰਸ਼ 'ਤੇ ਪਸਰ ਜਾਂਦਾ ਹੈ। ਉਹ ਬੇਸਹਾਰਾ ਦਿਖਾਈ ਦੇ ਰਿਹਾ ਹੈ। ਉਹ ਆਪਣੇ ਤਰਖਾਣ ਵਾਲੇ ਹੱਥ ਹਿਲਾ ਰਿਹਾ ਹੈ, ਉਨ੍ਹਾਂ 'ਤੇ ਕਿੰਨੇ ਛੋਟੇ-ਛੋਟੇ ਜ਼ਖ਼ਮਾਂ ਦੇ ਨਿਸ਼ਾਨ ਹਨ। ਸੂਰਜ ਦੀ ਤੇਜ਼ ਧੁੱਪ ਨਾਲ ਇਹ ਨਿਸ਼ਾਨ ਚਮਕ ਰਹੇ ਹਨ। ਅਜਿਹਾ ਲੱਗਦਾ ਹੈ ਕਿ ਚਿਹਰੇ ਦੀ ਥਾਂਵੇ ਉਸਦੇ ਹੱਥ ਹੀ, ਤਰਖਾਣ ਦੇ ਨੁਮਾਇੰਦੇ ਹਨ ਤੇ ਹੁਣ ਉਹ ਹੀ ਚੁੱਪਚਾਪ ਕਮਰੇ ਵਿਚ ਸੱਤ ਲੋਕਾਂ ਨੂੰ ਵੇਖ ਰਹੇ ਹਨ, ਇਵੇਂ ਜਿਵੇਂ ਉਸਨੂੰ ਇਸ ਮਾਮਲੇ ਵਿਚ ਕੋਈ ਵੀ ਲੈਣਾ-ਦੇਣਾ ਨਾ ਹੋਵੇ। ਕੁਝ ਦੇਰ ਬਾਅਦ ਉਹ ਉਸਨੂੰ ਇਕ ਵਰਗਮੀਟਰ ਦੀ ਕੋਠੜੀ ਵਿਚ ਭੇਜ ਦਿੰਦੇ ਹਨ। ਅਜਿਹੀ ਕੋਠੜੀ ਜਿਸ ਵਿਚ ਉਹ ਖੜ੍ਹਾ ਨਹੀਂ ਹੋ ਸਕਦਾ, ਸਿਰਫ਼ ਪੈਰ ਮੋੜ ਕੇ ਬੈਠ ਸਕਦਾ ਹੈ, ਜਾਂ ਫਿਰ ਢਿੱਡ ਵਿਚ ਗੋਡੇ ਫਸਾ ਕੇ ਲੇਟ ਸਕਦਾ ਹੈ।

ਜਲਾਲੂਦੀਨ ਦੀ ਤਕਦੀਰ ਮੰਸੂਰ ਦੇ ਪਰਿਵਾਰ ਦੇ ਹੱਥ ਵਿਚ ਹੈ। ਉਹ ਸ਼ਿਕਾਇਤ ਨੂੰ ਵਾਪਸ ਲੈ ਸਕਦੇ ਹਨ ਜਾਂ ਉਸ 'ਤੇ ਡਟੇ ਰਹਿ ਸਕਦੇ ਹਨ। ਜੇ ਉਹ ਡਟੇ ਰਹਿੰਦੇ ਹਨ ਤਾਂ ਉਸ ਤੇ ਕਾਰਵਾਈ ਕੀਤੀ ਜਾਵੇਗੀ ਤੇ ਫਿਰ ਉਸਨੂੰ ਛੱਡਣਾ ਔਖਾ ਹੋ ਜਾਵੇਗਾ। ਤਦ ਪੁਲਸ ਹੀ ਫੈਸਲਾ ਕਰੇਗੀ। "ਅਸੀਂ ਇਸਨੂੰ 72 ਘੰਟੇ ਹੀ ਰੱਖ ਸਕਦੇ ਹਾਂ, ਤੁਹਾਨੂੰ ਫੈਸਲਾ ਕਰਨਾ ਪਵੇਗਾ।" ਚੀਫ਼ ਕਾਂਸਟੇਬਲ ਨੇ ਕਿਹਾ। ਉਹ ਇੰਜ ਸੋਚ ਰਿਹਾ ਸੀ ਕਿ ਜਲਾਲੂਦੀਨ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ, ਗਰੀਬੀ ਕਾਰਨ ਚੋਰੀ ਨਹੀਂ ਕੀਤੀ ਜਾ ਸਕਦੀ।

"ਕਈ ਲੋਕ ਗਰੀਬ ਨੇ। ਜੇ ਅਸੀਂ ਅਪਰਾਧ ਦੀ ਸਜ਼ਾ ਨਹੀਂ ਦਿੰਦੇ ਤਾਂ ਸਮਾਜ ਪੂਰੀ ਤਰ੍ਹਾਂ ਨਾਲ ਅਨੈਤਿਕ ਹੋ ਜਾਵੇਗਾ। ਇਸ ਲਈ ਨਿਯਮ ਤੋੜੇ ਜਾਣ ਤੇ ਮਿਸਾਲ ਕਾਇਮ ਕਰਨਾ ਜ਼ਰੂਰੀ ਏ।" ਉੱਚੀ ਬੋਲਣ ਵਾਲਾ ਚੀਫ਼ ਕਾਂਸਟੇਬਲ ਮੰਸੂਰ ਨੂੰ ਸਮਝਾਉਂਦਾ ਹੈ, ਜੋ ਅਜੇ ਤੱਕ ਪੂਰੇ ਮਾਮਲੇ ਦੀ ਤੁਕ ਹੀ ਨਹੀਂ ਸਮਝ ਸਕਿਆ, ਉਸਨੂੰ ਜਦੋਂ ਇਹ ਪਤਾ ਲੱਗਦਾ ਹੈ ਕਿ ਪੋਸਟਕਾਰਡ ਚੋਰੀ ਕਰਨ ਦੀ ਸਜ਼ਾ ਛੇ ਸਾਲ ਤੱਕ ਹੋ ਸਕਦੀ ਹੈ, ਤਾਂ ਉਹ ਉਸਦੇ ਬੱਚਿਆਂ ਬਾਰੇ ਸੋਚਣ ਲੱਗਦਾ ਹੈ, ਭੁੱਖੇ, ਪਾਟੇ ਕੱਪੜਿਆਂ ਵਾਲੇ। ਉਹ ਆਪਣੀ ਜ਼ਿੰਦਗੀ ਦੇ ਬਾਰੇ ਸੋਚਦਾ ਹੈ, ਇਹ ਕਿੰਨੀ ਸਰਲ ਹੈ, ਉਹ ਤਾਂ ਦਿਨ ਵਿਚ ਉੱਨਾ ਪੈਸਾ ਇਕ ਝਟਕੇ 'ਚ ਹੀ ਉਡਾ ਦਿੰਦਾ ਹੈ, ਜਿੰਨੇ 'ਚ ਤਰਖਾਣ ਦਾ ਪਰਿਵਾਰ ਪੂਰਾ ਇਕ ਮਹੀਨਾ ਗੁਜ਼ਾਰਾ ਕਰਦਾ ਹੈ।

"ਭੁੱਲ ਨਾ, ਤਾਲਿਬਾਨ ਦੇ ਰਾਜ ਵਿਚ ਇਸ ਦੇ ਹੱਥ ਕੱਟ ਦਿੱਤੇ ਜਾਂਦੇ।" ਚੀਫ਼ ਕਾਂਬਟੇਬਲ ਨੇ ਜ਼ੋਰ ਦੇ ਕੇ ਕਿਹਾ। "ਅਜਿਹਾ ਇਸ ਤੋਂ ਕਿਤੇ ਘੱਟ ਦਰਜ਼ੇ ਵਾਲੇ ਅਪਰਾਧ ਕਰਨ ਵਾਲਿਆਂ ਦੇ ਨਾਲ ਹੋਇਆ ਏ।" ਕਾਂਸਟੇਬਲ ਇਕ ਔਰਤ ਦੀ ਕਹਾਣੀ ਸੁਣਾਉਂਦਾ ਹੈ ਜੋ ਆਪਣੇ ਪਤੀ ਦੀ ਮੌਤ ਤੋਂ ਬਾਅਦ ਇਕੱਲੀ ਮਾਂ ਬਣ ਗਈ ਸੀ-"ਉਹ ਬੜੀ ਗਰੀਬ ਸੀ, ਸਭ ਤੋਂ ਛੋਟੇ ਪੁੱਤ ਕੋਲ ਜੁੱਤੀ ਨਹੀਂ ਸੀ ਤੇ ਪੈਰ ਠੰਡੇ ਪੈ ਜਾਂਦੇ ਸਨ-ਸਰਦੀ ਦੀ ਰੁੱਤ ਸੀ ਤੇ ਉਹ ਬੂਹੇ ਦੇ ਬਾਹਰ ਵੀ ਨਹੀਂ ਜਾ ਸਕਦਾ ਸੀ। ਸਭ ਤੋਂ ਵੱਡਾ ਪੁੱਤ ਕਿਸ਼ੋਰ ਹੀ ਸੀ, ਉਹਨੇ ਆਪਣੇ ਛੋਟੇ ਭਰਾ ਲਈ ਇਕ ਜੋੜਾ ਜੁੱਤੇ ਚੁਰਾ ਲਏ। ਉਹ ਰੰਗੇ ਹੱਥੀਂ ਫੜ੍ਹਿਆ ਗਿਆ ਤੇ ਉਸਦਾ ਸੱਜਾ ਹੱਥ ਕੱਟ ਦਿੱਤਾ ਗਿਆ, ਉਹ ਤਾਂ ਕੁਝ ਜ਼ਿਆਦਤੀ ਹੀ ਸੀ। ਇਹਨੇ ਕਈ ਵਾਰ ਚੋਰੀ ਕੀਤੀ ਏ। ਜੇ ਤੁਸੀਂ ਆਪਣੇ ਬੱਚਿਆਂ ਦਾ ਢਿੱਡ ਭਰਨ ਲਈ ਚੋਰੀ ਕਰਦੇ ਹੋ ਤਾਂ ਚੋਰੀ ਸਿਰਫ਼ ਇਕ ਵਾਰ ਹੀ ਹੁੰਦੀ ਏ।" ਉਹ ਕਹਿੰਦਾ ਹੈ।

ਚੀਫ਼ ਕਾਂਸਟੇਬਲ ਮੰਸੂਰ ਨੂੰ ਆਪਣੇ ਪਿੱਛੇ ਬਣੀ ਅਲਮਾਰੀ 'ਚ ਰੱਖੀਆਂ ਸਾਰੀਆਂ ਫੜੀਆਂ ਚੀਜ਼ਾਂ ਵਿਖਾਉਂਦਾ ਹੈ। ਤੇਜ਼ ਚਾਕੂ, ਰਸੋਈ ਦੇ ਚਾਕੂ, ਮਾਰਨ ਲਈ ਵੱਡੇ ਹੈਂਡਲ ਵਾਲੇ ਚਾਕੂ, ਪਿਸਤੌਲ, ਟਾਰਚ, ਤਾਸ਼ ਦੇ ਪੱਤਿਆਂ ਦੀ ਗੱਠੀ ਵੀ ਉਥੇ ਜਮਾਂ ਹੈ। ਪੈਸਿਆਂ 'ਤੇ ਜੂਆ ਖੇਡਣ 'ਤੇ ਤੁਹਾਨੂੰ ਛੇ ਮਹੀਨਿਆਂ ਦੀ ਸਜ਼ਾ ਹੋ ਸਕਦੀ ਹੈ। "ਤਾਸ਼ ਦੀ ਗੱਠੀ ਇਸੇ ਲਈ ਜਬਤ ਕਰਨੀ ਪਈ, ਕਿਉਂਕਿ ਹਾਰਣ ਵਾਲੇ ਖਿਡਾਰੀ ਨੇ ਜਿੱਤਣ ਵਾਲੇ ਖਿਡਾਰੀ ਨੂੰ ਹੇਠਾਂ ਡੇਗ ਕੇ ਉਸਨੂੰ ਚਾਕੂਆਂ ਨਾਲ ਜ਼ਖ਼ਮੀ ਕਰ ਦਿੱਤਾ ਸੀ ਉਹ ਸ਼ਰਾਬ ਪੀ ਰਹੇ ਸਨ। ਇਸੇ ਲਈ ਚਾਕੂਬਾਜ਼ੀ, ਸ਼ਰਾਬ ਪੀਣ ਤੇ ਜੂਆ

ਖੇਡਣ ਦੀ ਸਜ਼ਾ ਮਿਲੀ।" ਉਹ ਹੱਸਦਾ ਹੈ-"ਦੂਜੇ ਖਿਡਾਰੀ ਨੂੰ ਛੱਡ ਦਿੱਤਾ ਗਿਆ, ਕਿਉਂਕਿ ਹੁਣ ਉਹ ਅਪਾਹਜ ਹੋ ਗਿਆ ਸੀ ਤੇ ਇਹੋ ਸਜ਼ਾ ਉਸ ਲਈ ਕਾਫ਼ੀ ਸੀ।"

"ਸ਼ਰਾਬ ਪੀਣ ਦੀ ਕੀ ਸਜ਼ਾ ਏ ?" ਮੰਸੂਰ ਨੇ ਪੁੱਛਿਆ। ਉਸਨੂੰ ਪਤਾ ਹੈ ਕਿ ਸ਼ਰਿਆ ਦੇ ਨਿਯਮਾਂ ਦੇ ਤਹਿਤ ਸ਼ਰਾਬ ਪੀਣੀ ਬੜੀ ਭਾਰੀ ਬੁਰਾਈ ਹੈ ਤੇ ਇਸਦੀ ਸਖ਼ਤ ਸਜ਼ਾ ਹੈ। ਕੁਰਾਨ ਵਿਚ ਇਸ ਲਈ 80 ਕੋੜੇ ਮਾਰਨ ਦਾ ਉਲੇਖ ਹੈ।

"ਇਮਾਨਦਾਰੀ ਦੀ ਗੱਲ ਇਹ ਏ ਕਿ ਮੈਂ ਆਮ ਤੌਰ 'ਤੇ ਅਜਿਹੀਆਂ ਹਰਕਤਾਂ ਤੋਂ ਅੱਖਾਂ ਫੇਰ ਲੈਂਦਾ ਹਾਂ। ਵਿਆਹ ਦੇ ਮੌਕੇ ਤੇ ਮੈਂ ਉਨ੍ਹਾਂ ਨੂੰ ਦੱਸ ਦਿੰਦਾ ਹਾਂ ਕਿ ਹੁਣ ਖੁੱਲ੍ਹ ਹੈ ਪਰ ਸਾਰੇ ਕੰਮ ਤਮੀਜ ਨਾਲ ਹੋਣੇ ਚੀਹੀਦੇ ਨੇ ਤੇ ਪਰਿਵਾਰ ਤੋਂ ਬਾਹਰ ਵੀ ਨਹੀਂ ਜਾਣਾ ਚਾਹੀਦਾ।" ਚੀਫ਼ ਕਾਂਸਟੇਬਲ ਨੇ ਕਿਹਾ।

"ਤੇ ਬੇਵਫ਼ਾਈ ਦੀ ?"

"ਜੇ ਉਹ ਸਾਦੀ-ਸ਼ੁਦਾ ਨੇ ਤਾਂ ਉਨ੍ਹਾਂ ਦੀ ਪੱਥਰ ਮਾਰ ਕੇ ਹੱਤਿਆ ਕਰ ਦਿੱਤੀ ਜਾਵੇਗੀ। ਜੇ ਗੈਰ-ਸ਼ਾਦੀਸ਼ੁਦਾ ਏ ਤਾਂ 100 ਕੌੜਿਆਂ ਦੀ ਸਜ਼ਾ ਏ ਤੇ ਉਨ੍ਹਾਂ ਨੂੰ ਵਿਆਹ ਵੀ ਕਰਾਉਣਾ ਪਵੇਗਾ। ਜੇ ਉਨ੍ਹਾਂ 'ਚੋਂ ਕੋਈ ਇਕ ਵਿਆਹਿਆ ਏ ਅਤੇ ਉਹ ਆਦਮੀ ਏ, ਔਰਤ ਗੈਰ-ਸ਼ਾਦੀਸ਼ੁਦਾ ਏ, ਤਾਂ ਉਸਨੂੰ ਆਪਣੀ ਦੂਜੀ ਪਤਨੀ ਬਣਾਉਣਾ ਪਵੇਗਾ। ਤੇ ਜੇ ਔਰਤ ਵਿਆਹੀ ਏ ਤੇ ਮਰਦ ਗੈਰ-ਸ਼ਾਦੀਸ਼ੁਦਾ ਏ ਤਾਂ ਔਰਤ ਦੀ ਹੱਤਿਆ ਕਰ ਦਿੱਤੀ ਜਾਵੇਗੀ ਤੇ ਆਦਮੀ ਨੂੰ ਕੋਹੜੇ ਮਾਰ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਵੇਗਾ।" ਕਾਂਸਟੇਬਲ ਨੇ ਦੱਸਿਆ-"ਪਰ ਮੈਂ ਕਦੇ-ਕਦੇ ਉਸ ਦੇ ਬਾਰੇ ਵੀ ਰਿਆਇਤ ਕਰਦਾ ਹਾਂ। ਉਹ ਵਿਧਵਾ ਹੋ ਸਕਦੀਆਂ ਏ, ਜਿਨ੍ਹਾਂ ਨੂੰ ਪੈਸੇ ਵੀ ਜ਼ਰੂਰਤ ਏ। ਮੈਂ ਉਸਦੀ ਮੱਦਦ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਉਨ੍ਹਾਂ ਨੂੰ ਫਿਰ ਸਹੀ ਰਸਤੇ 'ਤੇ ਲਿਆਉਣ ਦੀ ਕੋਸ਼ਿਸ਼ ਕਰਦਾ ਹਾਂ।"

"ਹਾਂ, ਤੁਸੀਂ ਵੇਸਵਾਵਾਂ ਦੇ ਬਾਰੇ ਗੱਲ ਕਰ ਰਹੇ ਹੋ, ਪਰ ਸਧਾਰਨ ਲੋਕਾਂ ਨਾਲ ਕੀ ਹੁੰਦਾ ਏ?"

"ਇਕ ਵਾਰ ਅਸੀਂ ਔਰਤ ਆਦਮੀ ਨੂੰ ਇਕ ਕਾਰ ਵਿਚ ਫੜਿਆ। ਅਸੀਂ ਜਾਂ ਦਰਅਸਲ ਉਨ੍ਹਾਂ ਮਾਂ-ਬਾਪ ਨੇ, ਉਨ੍ਹਾਂ ਨੂੰ ਵਿਆਹ ਲਈ ਮਜਬੂਰ ਕੀਤਾ।" ਉਹਨੇ ਦੱਸਿਆ-"ਉਹ ਠੀਕ ਸੀ, ਤੁਹਾਨੂੰ ਨਹੀਂ ਲੱਗਦਾ ? ਆਖ਼ਰਕਾਰ ਅਸੀਂ ਲੋਕ ਤਾਲਿਬਾਨ ਨਹੀਂ ਹਾਂ।" ਕਾਂਸਟੇਬਲ ਨੇ ਕਿਹਾ-"ਸਾਨੂੰ ਲੋਕਾਂ 'ਤੇ ਪੱਥਰ ਵਰਾਉਣ ਤੋਂ ਬਚਣਾ ਚਾਹੁੰਦਾ ਏ। ਅਫ਼ਗਾਨ ਬੜਾ ਦੁੱਖ ਬਰਦਾਸ਼ਤ ਕਰ ਚੁੱਕੇ ਨੇ।"

*****

ਮੰਸੂਰ ਆਪਣੇ ਖਿਆਲਾਂ ਵਿਚ ਗੁਆਚਿਆ ਪੁਲਸ ਥਾਣੇ ਤੋਂ ਰਵਾਨਾ ਹੁੰਦਾ ਹੈ। ਚੀਫ਼ ਕਾਂਸਟੇਬਲ ਨੇ ਉਸ ਨੂੰ ਤਿੰਨ ਦਿਨਾਂ ਦੀ ਮਿਆਦ ਦਿੱਤੀ ਹੈ, ਉਹ ਹੁਣ ਵੀ ਅਪਰਾਧੀ ਨੂੰ ਮਾਫ਼ ਕਰ ਸਕਦਾ ਹੈ, ਪਰ ਮਾਮਲਾ ਅੱਗੇ ਵੱਧ ਗਿਆ ਤਾਂ ਦੇਰ ਹੋ ਜਾਵੇਗੀ। ਮੰਸੂਰ ਵਾਪਸ ਦੁਕਾਨ 'ਤੇ ਜਾਣ ਦੇ ਮੂਡ ਵਿਚ ਨਹੀਂ ਹੈ, ਪਰ ਘਰੇ ਦੁਪਹਿਰ ਦਾ ਖਾਣਾ ਖਾਣ ਚਲਾ ਜਾਂਦਾ ਹੈ, ਜੋ ਕਿ ਬਹੁਤ ਹੀ ਘੱਟ ਹੁੰਦਾ ਹੈ। ਉਹ ਦਰੀ 'ਤੇ ਬੈਠ ਜਾਂਦਾ ਹੈ, ਤੇ ਅੱਲ੍ਹਾ ਦਾ ਸ਼ੁਕਰ ਹੈ, ਅਮਨ ਦੀ ਖਾਤਰ ਖਾਣਾ ਤਿਆਰ ਹੈ।

"ਆਪਣੀ ਜੁੱਤੀ ਉਤਾਰ।" ਉਸਦੀ ਮਾਂ ਆਖਦੀ ਹੈ।

"ਖੂਹ 'ਚ ਜਾਓ।" ਮੰਸੂਰ ਜਵਾਬ ਦਿੰਦਾ ਹੈ।

"ਮੰਸੂਰ, ਤੈਨੂੰ ਆਪਣੀ ਮਾਂ ਦਾ ਆਖਾ ਮੰਨਣਾ ਚਾਹੀਦਾ ਏ"', ਸ਼ਰੀਫ਼ਾ ਕਹਿੰਦੀ ਹੈ। ਮੰਸੂਰ ਕੋਈ ਜਵਾਬ ਨਹੀਂ ਦਿੰਦਾ ਪਰ ਫਰਸ਼ 'ਤੇ ਲੰਮਾ ਪੈ ਜਾਂਦਾ ਹੈ, ਹਵਾ 'ਚ ਇਕ ਪੈਰ ਚੁੱਕ ਕੇ ਦੂਜੇ ਦੇ ਉਪਰ ਰੱਖ ਕੇ। ਉਹ ਜੁੱਤੀ ਪਾਈ ਰੱਖਦਾ ਹੈ। ਉਸਦੀ ਮਾਂ ਚੁੱਪ ਰਹਿੰਦੀ ਹੈ।



"ਸਾਨੂੰ ਕਾਰਪੈਂਟਰ ਬਾਰੇ ਫੈਸਲਾ ਕਰਨਾ ਪਵੇਗਾ।" ਮੰਸੂਰ ਕਹਿੰਦਾ ਹੈ। ਉਹ ਸਿਗਰਟ ਬਾਲ ਲੈਂਦਾ ਹੈ ਤੇ ਉਸਦੀ ਮਾਂ ਰੋਣ ਲੱਗਦੀ ਹੈ। ਮੰਸੂਰ ਆਪਣੇ ਅੱਬੂ ਦੇ ਸਾਹਮਣੇ ਕਦੇ ਵੀ ਸਿਗਰਟ ਨਹੀਂ ਪੀਂਦਾ। ਪਰ ਜਿਵੇਂ ਹੀ ਉਹਦਾ ਅੱਬੂ ਘਰ ਤੋਂ ਬਾਹਰ ਜਾਂਦਾ ਹੈ, ਉਹ ਨਾ ਸਿਰਫ਼ ਸਿਗਰਟ ਪੀਣ ਦਾ ਸੁਆਦ ਲੈਂਦਾ ਹੈ, ਬਲਕਿ ਖਾਣਾ ਖਾਣ ਤੋਂ ਪਹਿਲਾਂ ਤੇ ਖਾਣੇ ਦੇ ਸਮੇਂ ਤੇ ਉਸ ਤੋਂ ਬਾਅਦ ਵੀ ਸਿਗਰਟ ਪੀ ਕੇ ਆਪਣੀ ਮਾਂ ਨੂੰ ਤੰਗ ਕਰਦਾ ਹੈ। ਛੋਟੇ ਕਮਰੇ ਵਿਚ ਧੂੰਆਂ ਭਰ ਜਾਂਦਾ ਹੈ। ਬੀਬੀ ਗੁਲ ਕਾਫ਼ੀ ਸਮੇਂ ਤੋਂ ਇਹ ਸ਼ਿਕਾਇਤ ਕਰ ਰਹੀ ਹੈ ਕਿ ਉਹ ਆਪਣੀ ਮਾਂ ਨਾਲ ਕਿੰਨਾ ਰੁੱਖਾ ਬੋਲਦਾ ਹੈ। ਪਰ ਇਸ ਵਾਰ ਇੱਛਾ ਜ਼ੋਰ ਫੜਦੀ ਹੈ। ਉਹ ਆਪਣਾ ਹੱਥ ਵਧਾ ਕੇ ਹੌਲੀ ਜਿਹੇ ਆਖਦੀ ਹੈ-"ਇਕ ਮੈਂ ਵੀ ਪੀ ਲਵਾਂ ?"

ਚੁੱਪ ਛਾ ਜਾਂਦੀ ਹੈ। ਕੀ ਦਾਦੀ ਸਿਗਰਟ ਪੀਣਾ ਸ਼ੁਰੂ ਕਰ ਰਹੀ ਹੈ ?

"ਉਸਨੂੰ ਛੱਡ ਦੇਉ।" ਸਿਗਰਟ ਪੀਣ ਤੋਂ ਬਾਅਦ ਉਹ ਕਹਿੰਦੀ ਹੈ-"ਉਸਨੂੰ ਸਜ਼ਾ ਮਿਲ ਚੁੱਕੀ ਏ, ਉਸ ਦੇ ਪਿਓ ਦੇ ਹੱਥੋਂ ਮਾਰ, ਸ਼ਰਮਿੰਦਗੀ ਨਾਲ, ਤੇ ਉਸ ਵੀ ਉਸਨੇ ਆਪਣੇ ਪੋਸਟਕਾਰਡ ਮੋੜ ਦਿੱਤੇ ਨੇ।"

"ਤੂੰ ਉਸਦੇ ਬੱਚਿਆਂ ਨੂੰ ਵੇਖਿਆ ਏ ? ਉਹ ਬਿਨ੍ਹਾਂ ਆਪਣੇ ਪਿਓ ਦੀ ਕਮਾਈ ਤੋਂ ਕਿਵੇਂ ਰਹਿਣਗੇ ?" ਸ਼ਰੀਫ਼ਾ ਉਨ੍ਹਾਂ ਦਾ ਸਮਰੱਥਨ ਕਰਦੀ ਹੈ।

"ਅਸੀਂ ਉਸਦੇ ਬੱਚਿਆਂ ਦੀ ਮੌਤ ਦੇ ਜ਼ਿੰਮੇਵਾਰ ਹੋਵਾਂਗੇ।" ਲੈਲਾ ਕਹਿੰਦੀ ਹੈ। ਉਹ ਆਪਣੀ ਮਾਂ ਦੇ ਸਿਗਰਟ ਪੀਣਾ ਬੰਦ ਕਰ ਤੋਂ ਬਾਅਦ ਕਮਰੇ ਵਿਚ ਆ ਗਈ ਹੈ। "ਜੇ ਉਹ ਬਿਮਾਰ ਹੋ ਗਏ ਤੇ ਡਾਕਟਰ ਨੂੰ ਨਾ ਵਿਖਾ ਸਕੇ। ਤਦ ਉਹ ਸਾਡੇ ਕਾਰਨ ਮਰ ਜਾਣਗੇ, ਜਾਂ ਫਿਰ ਉਹ ਭੁੱਖ ਕਾਰਨ ਵੀ ਮਰ ਸਕਦੇ ਨੇ।" ਉਹ ਕਹਿੰਦੀ ਹੈ-"ਤੇ ਉਂਜ ਵੀ ਤਰਖਾਣ ਜੇਲ੍ਹ ਵਿਚ ਹੀ ਮਰ ਸਕਦਾ ਏ। ਸ਼ਾਇਦ ਛੇ ਸਾਲ ਪੂਰੇ ਨਾ ਕੱਟ ਸਕੇ। ਉਥੇ ਇੰਨਫੈਕਸ਼ਨ ਫੈਲੀ ਹੋਈ ਏ, ਤਪਦਿਕ ਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਦੀ।"

"ਦਇਆ ਕਰੋ।" ਬੀਬੀ ਗੁਲ ਕਹਿੰਦੀ ਹੈ।

ਮੰਸੂਰ ਪਾਕਿਸਤਾਨ ਵਿਚ ਸੁਲਤਾਨ ਨੂੰ ਉਸਦੇ ਨਵੇਂ ਮੋਬਾਇਲ 'ਤੇ ਫੋਨ ਕਰਦਾ ਹੈ। ਉਹ ਤਰਖਾਣ ਨੂੰ ਛੁਡਾਉਣ ਦੀ ਆਗਿਆ ਮੰਗਦਾ ਹੈ। ਕਮਰੇ ਵਿਚ ਖਾਮੋਸ਼ੀ ਹੈ, ਸਾਰੇ ਸਾਹ ਘੁੱਟ ਕੇ ਗੱਲਾਂ ਸੁਣ ਰਹੇ ਹਨ।

ਉਹ ਸੁਲਤਾਨ ਦੀ ਆਵਾਜ਼ ਨੂੰ ਪਾਕਿਸਤਾਨ 'ਚੋਂ ਗਰਜ਼ਦੀ ਸੁਣਦੇ ਹਨ, "ਉਹ ਮੇਰੇ ਵਪਾਰ ਨੂੰ ਤਬਾਹ ਕਰਨਾ ਚਾਹੁੰਦਾ ਏ, ਭਾਅ ਡੇਗਣਾ ਚਾਹੁੰਦਾ ਏ। ਮੈਂ ਉਸ ਨੂੰ ਮਜ਼ਦੂਰੀ ਦਿੱਤੀ। ਚੋਰੀ ਦੀ ਕੋਈ ਜ਼ਰੂਰਤ ਨਹੀਂ ਸੀ। ਉਹ ਠੱਗ ਏ। ਉਹ ਅਪਰਾਧੀ ਏ ਤੇ ਉਸ ਨੂੰ ਮਾਰ-ਮਾਰ ਕੇ ਸੱਚ ਉਗਲਵਾਉਣਾ ਪਵੇਗਾ। ਕੋਈ ਵੀ, ਕੋਈ ਵੀ ਮੇਰਾ ਵਪਾਰ ਤਬਾਹ ਕਰਕੇ ਬਚ ਨਹੀਂ ਸਕਦਾ।"

"ਉਹ ਸ਼ਾਇਦ ਛੇ ਸਾਲਾਂ ਲਈ ਅੰਦਰ ਚਲਾ ਜਾਵੇ। ਉਹ ਜਦੋਂ ਤੱਕ ਬਾਹਰ ਆਵੇਗਾ ਤਦ ਤੱਕ ਉਸਦੇ ਬੱਚੇ ਵੀ ਮਰ ਸਕਦੇ ਨੇ।" ਮੰਸੂਰ ਜਵਾਬ ਵਿਚ ਚੀਕਦਾ ਹੈ।

"ਉਸਨੂੰ ਜੇ ਛੇ ਸਾਲ ਦੀ ਸਜ਼ਾ ਵੀ ਮਿਲੇ, ਮੈਨੂੰ ਕੋਈ ਫਰਕ ਨਹੀਂ ਪੈਂਦਾ। ਉਸ ਨੂੰ ਤਦ ਤੱਕ ਭੁਗਤਨਾ ਪਵੇਗਾ, ਜਦੋਂ ਤੱਕ ਉਹ ਮੈਨੂੰ ਇਹ ਨਾ ਦੱਸ ਦੇਵੇ ਕਿ ਉਸਨੇ ਕਾਰਡ ਕਿਸ ਨੂੰ ਵੇਚੇ ਸੀ।"

"ਇੰਜ, ਤੁਸੀਂ ਹੀ ਆਖ ਸਕਦੇ ਹੋ, ਕਿਉਂਕਿ ਤੁਹਾਡਾ ਪੇਟ ਭਰਿਆ ਹੋਇਆ ਏ।" ਮੰਸੂਰ ਚੀਕਦਾ ਹੈ-"ਮੈਂ ਉਸਦੇ ਪਿੰਜਰ ਬਣੇ ਬੱਚਿਆਂ ਬਾਰੇ ਸੋਚਦਾ ਹਾਂ ਤਾਂ ਰੋਣ ਲੱਗਦਾ ਹਾਂ। ਉਸਦਾ ਪਰਿਵਾਰ ਖਤਮ ਹੋ ਰਿਹਾ ਏ।"

"ਤੇਰੀ ਆਪਣੇ ਪਿਉ ਦੀ ਗੱਲ ਕੱਟਣ ਦੀ ਹਿੰਮਤ ਕਿਵੇਂ ਹੋਈ।" ਸੁਲਤਾਨ ਉਧਰੋਂ ਚੀਕਦਾ ਹੈ।"ਤੂੰ ਕਿਹੋ-ਜਿਹਾ ਪੁੱਤ ਏਂ ? ਤੈਨੂੰ ਮੇਰੀ ਹਰ ਗੱਲ ਮੰਨਣੀ ਏ। ਤੈਨੂੰ ਕੀ ਹੋ ਗਿਆ ਏ ? ਤੂੰ ਆਪਣੇ ਪਿਉ ਨਾਲ ਗੁੱਸੇ ਕਿਉਂ ਹੋ ਰਿਹਾ ਏਂ ?"

ਮੰਸੂਰ ਦੇ ਚਿਹਰੇ 'ਤੇ ਉਸਦਾ ਅੰਦਰੂਨੀ ਸੰਘਰਸ਼ ਵਿਖਾਈ ਦੇ ਰਿਹਾ ਹੈ ਜੋ ਉਸਦਾ ਅੱਬੂ ਕਹਿੰਦਾ ਹੈ, ਉਸ ਤੋਂ ਇਲਾਵਾ ਉਸਨੇ ਕਦੇ ਕੁਝ ਹੋਰ ਨਹੀਂ ਕੀਤਾ।

"ਠੀਕ ਏ।" ਉਸਨੇ ਕਿਹਾ ਤੇ ਫੋਨ ਰੱਖ ਦਿੱਤਾ। ਪਰਿਵਾਰ ਚੁੱਪ ਹੈ।

"ਉਹਦਾ ਦਿਲ ਪੱਥਰ ਦਾ ਏ।" ਸ਼ਰੀਫ਼ਾ ਠੰਢਾ ਸਾਹ ਲੈ ਕੇ ਕਹਿੰਦੀ ਹੈ। ਸੋਨੀਆ ਚੁੱਪ ਹੈ।

*****

ਹਰ ਸਵੇਰ ਤੇ ਹਰ ਸ਼ਾਮ ਤਰਖਾਣ ਦਾ ਪਰਿਵਾਰ ਆ ਜਾਂਦਾ ਹੈ। ਕਦੇ ਦਾਦੀ, ਕਦੇ ਮਾਂ, ਕਦੇ ਭੂਆ ਜਾਂ ਫਿਰ ਉਸਦੀ ਪਤਨੀ। ਇਕ ਜਾਂ ਦੋ ਬੱਚੇ ਉਨ੍ਹਾਂ ਨਾਲ ਜ਼ਰੂਰ ਹੁੰਦੇ ਹਨ। ਉਨ੍ਹਾਂ ਨੂੰ ਹਰ ਵਾਰ ਇਕੋ ਹੀ ਜਵਾਬ ਮਿਲਦਾ ਹੈ। ਸੁਲਤਾਨ ਦਾ ਫੈਸਲਾ ਹੈ। ਉਸਦੇ ਘਰ ਪਰਤਣ ਤੱਕ ਸਾਰਾ ਮਾਮਲਾ ਆਪੇ ਹੀ ਸੁਲਝ ਜਾਵੇਗਾ। ਪਰ ਉਹ ਜਾਣਦੇ ਹਨ ਕਿ ਇਹ ਗੱਲ ਸੱਚ ਨਹੀਂ ਹੈ, ਸੁਲਤਾਨ ਆਪਣਾ ਫੈਸਲਾ ਸੁਣਾ ਚੁੱਕਿਆ ਹੈ।

ਆਖਰ ਉਹ ਹੋਰ ਬਰਦਾਸ਼ਤ ਨਹੀਂ ਕਰ ਸਕਦੇ। ਉਹ ਬੂਹਾ ਨਾ ਖੋਲ੍ਹਦੇ, ਸਗੋਂ ਚੁੱਪ-ਚਾਪ ਬੈਠੇ ਰਹਿੰਦੇ। ਜਿਵੇਂ ਘਰ ਹੀ ਨਾ ਹੋਣ। ਮੰਸੂਰ ਥਾਣੇ ਜਾਂਦਾ ਹੈ, ਮਾਮਲੇ ਨੂੰ ਟਲਵਾਉਣ ਲਈ। ਉਹ ਆਪਣੇ ਅੱਬੂ ਦੇ ਪਰਤਣ ਦਾ ਇੰਤਜ਼ਾਰ ਕਰਨਾ ਚਾਹੁੰਦਾ ਹੈ, ਉਹ ਖੁਦ ਭੁਗਤ ਜਾਵੇਗਾ।

ਪਰ ਚੀਫ਼ ਕਾਂਸਟੇਬਲ ਹੁਣ ਹੋਰ ਉਡੀਕ ਨਹੀਂ ਕਰ ਸਕਦਾ। ਇਕ ਵਰਗਮੀਟਰ ਦੀ ਕੋਠੜੀ ਵਿਚ ਕੈਦੀਆਂ ਨੂੰ ਦੋ-ਚਾਰ ਦਿਨ ਤੋਂ ਜ਼ਿਆਦਾ ਨਹੀਂ ਰੱਖਿਆ ਜਾ ਸਕਦਾ। ਉਹ ਫਿਰ ਤਰਖਾਣ ਨੂੰ ਇਹ ਕਬੂਲ ਕਰਨ ਲਈ ਕਹਿੰਦੇ ਹਨ ਕਿ ਉਸਨੇ ਹੋਰ ਜ਼ਿਆਦਾ ਪੋਸਟਕਾਰਡ ਕਿਸ ਕੋਲ ਵੇਚੇ ਹਨ, ਪਰ ਉਹ ਮਨ੍ਹਾਂ ਕਰ ਦਿੰਦਾ ਹੈ। ਜਲਾਲੂਦੀਨ ਦੇ ਹੱਥਾਂ 'ਚ ਹੱਥਕੜੀ ਲੱਗੀ ਹੋਈ ਹੈ ਤੇ ਉਸਨੂੰ ਮਿੱਟੀ ਦੀ ਰੋਟੀ ਕੋਠੜੀ 'ਚੋਂ ਬਾਹਰ ਲਿਆਇਆ ਜਾਂਦਾ ਹੈ।

ਸਥਾਨਕ ਥਾਣੇ ਵਿਚ ਕਾਰ ਨਹੀਂ ਹੈ, ਇਸ ਲਈ ਇਹ ਜ਼ਿੰਮੇਵਾਰੀ ਮੰਸੂਰ 'ਤੇ ਪਾਈ ਜਾਂਦੀ ਹੈ ਕਿ ਉਹ ਤਰਖਾਣ ਨੂੰ ਲੈ ਕੇ ਕਾਬੁਲ ਵਿਚ ਕੇਂਦਰੀ ਪੁਲਸ ਥਾਣੇ ਚਲਾ ਜਾਵੇ।

ਬਾਹਰ ਤਰਖਾਣ ਦੇ ਪਿਉ, ਪੁੱਤ ਅਤੇ ਦਾਦੀ ਖੜ੍ਹੇ ਹਨ। ਮੰਸੂਰ ਜਦੋਂ ਪਹੁੰਚਦਾ ਹੈ ਤਾਂ ਉਹ ਝਿਝਕਦੇ ਹੋਏ ਉਸਦੇ ਕੋਲ ਆਉਂਦੇ ਹਨ। ਮੰਸੂਰ ਨੂੰ ਅਜਿਹੇ ਹਰ ਪਲ ਨਾਲ ਘ੍ਰਿਣਾ ਹੈ। ਦਾਦੀ ਅਤੇ ਨਿੱਕਾ ਪੁੱਤ ਘਰ ਪਰਤ ਜਾਂਦੇ ਹਨ। ਬਾਪ ਆਪਣੀ ਟੁੱਟੀ-ਫੁੱਟੀ ਸਾਇਕਲ 'ਤੇ ਚੜ੍ਹ ਕੇ, ਮੰਸੂਰ ਦੀ ਕਾਰ ਦੇ ਪਿੱਛੇ ਹੀ ਚੱਲ ਪੈਂਦਾ ਹੈ। ਉਹ ਹਿੰਮਤ ਨਹੀਂ ਛੱਡ ਰਿਹਾ, ਤੇ ਜਿੱਥੋਂ ਤੱਕ ਹੋ ਸਕੇ ਆਪਣੇ ਪੁੱਤ ਦੇ ਪਿੱਛੇ ਜਾਣ ਦੀ ਕੋਸ਼ਿਸ਼ ਕਰ ਰਿਹਾ ਹੈ।

ਮੰਸੂਰ ਆਪਣੀ ਗਤੀ ਤੋਂ ਘੱਟ ਹੌਲੀ ਕਾਰ ਚਲਾ ਰਿਹਾ ਹੈ। ਹੁਣ ਸ਼ਾਇਦ ਤਰਖਾਣ ਕਈ ਸਾਲ ਬਾਅਦ ਇਹ ਸੜਕਾਂ ਵੇਖ ਸਕੇਗਾ।

ਉਹ ਕੇਂਦਰੀ ਪੁਲਸ ਥਾਣੇ ਪਹੁੰਚ ਜਾਂਦੇ ਹਨ। ਤਾਲਿਬਾਨ ਦੇ ਰਾਜ ਵਿਚ ਇਹ ਕਾਬੁਲ ਦੀ ਸਭ ਤੋਂ ਜ਼ਿਆਦਾ ਨਫ਼ਰਤਾਂ ਨਾਲ ਵੇਖੀ ਜਾਣ ਵਾਲੀ ਇਮਾਰਤਾਂ 'ਚੋਂ ਇਕ ਸੀ।

ਤਰਖਾਣ ਪੰਜਵੀਂ ਮੰਜਲ ਤੱਕ ਉੱਚੀਆਂ ਪੌੜੀਆਂ ਚੜ੍ਹਦਾ ਹੈ। ਉਹ ਮੰਸੂਰ ਦੇ ਨਾਲ-ਨਾਲ ਤੁਰਨ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਉਸ ਵੱਲ ਵੇਖਦਾ ਹੈ। ਇਕ ਹਫ਼ਤਾ ਬੰਦ ਰਹਿਣ ਤੋਂ ਬਾਅਦ ਉਸਦੀਆਂ ਅੱਖਾਂ ਵੱਡੀਆਂ—ਵੱਡੀਆਂ ਹੋ ਗਈਆਂ ਲੱਗਦੀਆਂ ਹਨ-"ਮੈਨੂੰ ਮਾਫ਼ ਕਰ ਦਿਉ-ਮੈਂ ਜ਼ਿੰਦਗੀ ਭਰ ਤੁਹਾਡੀ ਗੁਲਾਮੀ ਕਰਾਂਗਾ। ਮੈਨੂੰ ਮਾਫ਼ ਕਰ ਦੇਉ।"



ਮੰਸੂਰ ਸਿੱਧਾ ਸਾਹਮਣੇ ਵੇਖਦਾ ਹੈ। ਹੁਣ ਉਸ ਪਿਘਲਣਾ ਨਹੀਂ ਹੈ। ਸੁਲਤਾਨ ਨੇ ਆਪਣਾ ਫੈਸਲਾ ਸੁਣਾ ਦਿੱਤਾ ਹੈ ਤੇ ਉਹ ਉਸ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦਾ। ਉਸਨੂੰ ਜ਼ਾਇਦਾਦ ਤੋਂ ਵੀ ਬੇਦਖਲ ਕੀਤਾ ਜਾ ਸਕਦਾ ਹੈ। ਘਰੋਂ ਵੀ ਕੱਢਿਆ ਜਾ ਸਕਦਾ ਹੈ। ਉਸਨੂੰ ਹੁਣੇ ਹੀ ਇਹ ਪਤਾ ਲੱਗਾ ਹੈ ਕਿ ਸੁਲਤਾਨ ਉਸਦੇ ਭਰਾ ਨੂੰ ਜ਼ਿਆਦਾ ਚਾਹੁੰਦਾ ਹੈ। ਇਕਬਾਲ ਕੰਪਿਊਟਰ ਸਿੱਖ ਰਿਹਾ, ਇਕਬਾਲ ਨੂੰ ਉਸਨੇ ਸਾਇਕਲ ਲੈ ਕੇ ਦੇਣ ਦਾ ਵਾਅਦਾ ਕੀਤਾ ਹੈ। ਜੇ ਮੰਸੂਰ ਹੁਣ ਉਸਦਾ ਵਿਰੋਧ ਕਰਦਾ ਹੈ ਤਾਂ ਸੁਲਤਾਨ ਉਸ ਨਾਲੋਂ ਹਮੇਸ਼ਾਂ ਲਈ ਸੰਬੰਧ ਤੋੜ ਲਵੇਗਾ। ਉਸਦੇ ਮਨ ਵਿਚ ਤਰਖਾਣ ਪ੍ਰਤੀ ਭਾਵੇਂ ਦਇਆ ਦਾ ਭਾਵ ਜਿੰਨਾ ਵੀ ਆਏ,ਪਰ ਉਹ ਇੰਨਾ ਵੱਡਾ ਫੈਸਲਾ ਨਹੀਂ ਕਰ ਸਕਦਾ।

ਉਹ ਪੁੱਛਗਿੱਛ ਤੇ ਰਿਪੋਰਟ ਲਿਖਵਾਉਣ ਦੀ ਉਡੀਕ ਕਰਦੇ ਹਨ। ਨਿਯਮ ਇਹ ਹੈ ਕਿ ਜਿਸ ਦੇ ਵਿਰੁੱਧ ਰਿਪੋਰਟ ਲਿਖਾਈ ਜਾਂਦੀ ਹੈ, ਉਸ ਬੰਦੇ ਨੂੰ ਨਿਰਦੋਸ਼ ਜਾਂ ਅਪਰਾਧੀ ਸਿੱਧ ਹੋਣ ਤੱਕ ਕੈਦ ਵਿਚ ਰੱਖਿਆ ਜਾਂਦਾ ਹੈ। ਕੋਈ ਵੀ ਕਿਸੇ ਦੇ ਵਿਰੁੱਧ ਰਿਪੋਰਟ ਲਿਖਾ ਸਕਦਾ ਹੈ ਤੇ ਉਸਨੂੰ ਸਜ਼ਾ ਕਰਵਾ ਸਕਦਾ ਹੈ।

ਮੰਸੂਰ, ਪੁੱਛਗਿੱਛ ਕਰਨ ਵਾਲੇ ਦੇ ਸਾਹਮਣੇ ਆਪਣਾ ਮਾਮਲਾ ਰੱਖਦਾ ਹੈ। ਤਰਖਾਣ ਫਰਸ਼ 'ਤੇ ਬੈਠ ਜਾਂਦਾ ਹੈ। ਮੇਜ਼ ਦੇ ਪਰਲੇ ਪਾਸੇ ਬੈਠਾ ਅਫ਼ਸਰ ਦੋਵਾਂ ਦੀਆਂ ਗੱਲਾਂ ਧਿਆਨ ਨਾਲ ਲਿਖਦਾ ਹੈ।

"ਤੂੰ ਸੁਲਤਾਨ ਦੇ ਪੋਸਟਕਾਰਡਾਂ ਦੇ ਪਿੱਛੇ ਕਿਉਂ ਪਿਆ ਏਂ ?" ਪੁਲਸ ਵਾਲਾ ਹੱਸਦਾ ਹੈ। ਉਸ ਨੂੰ ਇਹ ਮਾਮਲਾ ਕੁਝ ਅਨੋਖਾ ਲੱਗਦਾ ਹੈ ਪਰ ਤਰਖਾਣ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਉਹ ਪੁੱਛਦਾ ਹੈ-"ਹੁਣ ਮੈਨੂੰ ਇਹ ਦੱਸ ਕਿ ਤੂੰ ਉਨ੍ਹਾਂ ਨੂੰ ਕਿਸ ਕੋਲ ਵੇਚਿਆ ਏ...ਸਾਨੂੰ ਸਾਰਿਆਂ ਨੂੰ ਇਹ ਸਮਝ ਵਿਚ ਆਉਂਦਾ ਏ ਕਿ ਤੂੰ ਉਨ੍ਹਾਂ ਨੂੰ ਕਿਸੇ ਰਿਸ਼ਤੇਦਾਰ ਨੂੰ ਭੇਜਣ ਲਈ ਚੋਰੀ ਨਹੀਂ ਕੀਤਾ।"

"ਮੈਂ ਕੇਵਲ 200 ਲੈ ਗਿਆ ਸੀ ਤੇ ਕੁਝ ਮੈਨੂੰ ਰਸੂਲ ਨੇ ਦਿੱਤੇ ਸਨ।" ਤਰਖਾਣ ਬੋਲਦਾ ਹੈ।

"ਰਸੂਲ ਨੇ ਤੈਨੂੰ ਕਦੇ ਕੋਈ ਪੋਸਟਕਾਰਡ ਨਹੀਂ ਦਿੱਤਾ...ਇਹ ਝੂਠ ਏ।" ਮੰਸੂਰ ਨੇ ਕਿਹਾ।

"ਤੂੰ ਇਸ ਕਮਰੇ ਨੂੰ ਯਾਦ ਰੱਖੇਗਾ ਕਿ ਇੱਥੇ ਹੀ ਤੈਨੂੰ ਸੱਚ ਦੱਸਣ ਦਾ ਮੌਕਾ ਮਿਲਿਆ ਸੀ।" ਪੁਲਸ ਵਾਲੇ ਨੇ ਕਿਹਾ। ਉਹ ਉਸ ਦੇ ਕੋਲ ਹੋ ਕੇ ਫਿਰ ਬੋਲਿਆ-"ਮੈਨੂੰ ਪਤਾ ਏ ਕਿ ਤੇਰੇ ਬੱਚੇ ਭੁੱਖੇ ਨੇ, ਮੈਨੂੰ ਇਹ ਵੀ ਪਤਾ ਏ ਕਿ ਤੂੰ ਦੋਸ਼ੀ ਨਹੀਂ...ਮੈਂ ਤੈਨੂੰ ਆਖਰੀ ਮੌਕਾ ਦੇ ਰਿਹਾ ਹਾਂ...ਜੇ ਤੂੰ ਮੈਨੂੰ ਇਹ ਦੱਸ ਦੇਵੇਂ ਕਿ ਤੂੰ ਕਾਰਡ ਕਿਸ ਕੋਲ ਵੇਚੇ ਨੇ ਤਾਂ ਮੈਂ ਤੈਨੂੰ ਛੱਡ ਦੇਵਾਂਗਾ....ਜੇ ਤੂੰ ਨਹੀਂ ਦੱਸੇਗਾ ਤਾਂ ਤੈਨੂੰ ਕਈ ਸਾਲਾਂ ਲਈ ਜੇਲ੍ਹ ਭੇਜ ਦੇਵਾਂਗਾ।"

ਮੰਸੂਰ ਬੋਰ ਹੋ ਗਿਆ ਹੈ। ਤਰਖਾਣ ਨੂੰ ਇਹ ਲੱਗਭਗ 100ਵੀਂ ਵਾਰ ਕਿਹਾ ਗਿਆ ਹੈ। ਪਰ ਉਹ ਕੁਝ ਨਹੀਂ ਦੱਸ ਰਿਹਾ। ਸ਼ਾਇਦ ਉਹ ਸੱਚ ਹੀ ਬੋਲਦਾ ਹੋਵੇ। ਸ਼ਾਇਦ ਉਹਨੇ ਉਨ੍ਹਾਂ ਨੂੰ ਕਿਸੇ ਕੋਲ ਨਾ ਵੇਚਿਆ ਹੋਵੇ। ਮੰਸੂਰ ਆਪਣੀ ਘੜੀ ਵੱਲ ਵੇਖ ਕੇ ਅੰਗੜਾਈ ਲੈਂਦਾ ਹੈ।

ਅਚਾਨਕ, ਜਲਾਲੂਦੀਨ ਦੇ ਬੁੱਲ੍ਹਾਂ 'ਚੋਂ ਇਕ ਨਾਂ ਫੁਟਦਾ ਹੈ, ਇੰਨਾ ਹੌਲੀ ਕਿ ਲਗਭਗ ਉਸਨੂੰ ਸੁਣਿਆ ਹੀ ਨਾ ਜਾ ਸਕੇ।

ਮੰਸੂਰ ਲਪਕਦਾ ਹੈ।

ਜਲਾਲੂਦੀਨ ਨੇ ਜਿਸ ਆਦਮੀ ਦਾ ਨਾਂ ਲਿਆ, ਉਸਦਾ ਬਾਜ਼ਾਰ ਵਿਚ ਇਕ ਖੋਖਾ ਹੈ, ਜਿੱਥੇ ਉਹ ਕਲੰਡਰ, ਪੈੱਨ ਤੇ ਕਾਰਡ ਵੇਚਦਾ ਹੈ। ਉਹ ਕਾਰਡ ਹਮੇਸ਼ਾ ਸੁਲਤਾਨ ਦੀ ਦੁਕਾਨ ਤੋਂ ਹੀ ਖਰੀਦਦਾ ਸੀ, ਪਰ ਉਹ ਕਾਫ਼ੀ ਸਮੇਂ ਤੋਂ ਉਥੇ ਨਹੀਂ ਆਇਆ। ਮੰਸੂਰ ਨੂੰ ਚੰਗੀ ਤਰ੍ਹਾਂ ਯਾਦ ਹੈ, ਕਿਉਂਕਿ ਉਹ ਹਮੇਸ਼ਾ ਮੁੱਲ ਦੇ ਬਾਰੇ ਸ਼ਿਕਾਇਤ ਕਰਦਾ ਸੀ।

ਇਵੇਂ ਲੱਗਾ ਜਿਵੇਂ ਕਿਸੇ ਬੋਤਲ ਦਾ ਢੱਕਣ ਖੋਲ੍ਹ ਦਿੱਤਾ ਗਿਆ ਹੋਵੇ। ਪਰ ਦੱਸਦਿਆਂ ਹੋਇਆ ਜਲਾਲੂਦੀਨ ਅਜੇ ਵੀ ਕੰਬ ਰਿਹਾ ਸੀ।

"ਇਕ ਦਿਨ ਸ਼ਾਮ ਨੂੰ ਜਦੋਂ ਕੰਮ ਤੋਂ ਮੈਂ ਵਾਪਸ ਜਾ ਰਿਹਾ ਸੀ ਤਾਂ ਉਹ ਮੇਰੇ ਕੋਲ ਆਇਆ। ਅਸੀਂ ਗੱਲਬਾਤ ਕੀਤੀ ਤੇ ਉਸਨੇ ਮੈਨੂੰ ਪੁੱਛਿਆ ਕਿ ਕੀ ਤੈਨੂੰ ਰੁਪਏ ਚਾਹੀਦੇ ਨੇ। ਹਾਂ, ਮੈਨੂੰ ਰੁਪਏ ਚਾਹੀਦੇ ਸਨ। ਫਿਰ ਉਸਨੇ ਮੈਨੂੰ ਪੁੱਛਿਆ ਕਿ ਕੀ ਮੈਂ ਉਸ ਨੂੰ ਪੋਸਟਕਾਰਡ ਲਿਆ ਕੇ ਦੇ ਸਕਦਾ ਹਾਂ। ਸ਼ੁਰੂ ਵਿਚ ਮੈਂ ਉਸ ਨੂੰ ਮਨ੍ਹਾਂ ਕਰ ਦਿੱਤਾ, ਫਿਰ ਉਸਨੇ ਮੈਨੂੰ ਉਹ ਰਕਮ ਦੱਸੀ, ਜੋ ਉਨ੍ਹਾਂ ਬਦਲੇ ਮੈਨੂੰ ਮਿਲਣੀ ਸੀ। ਮੈਨੂੰ ਘਰ ਵਿਚਲੇ ਬੱਚਿਆਂ ਦਾ ਖਿਆਲ ਆਇਆ। ਤਰਖਾਣ ਦੀ ਦਿਹਾੜੀ ਤੋਂ ਮੈਂ ਉਨ੍ਹਾਂ ਦਾ ਪੇਟ ਨਹੀਂ ਭਰ ਸਕਦਾ ਸਾਂ। ਮੈਨੂੰ ਆਪਣੀ ਪਤਨੀ ਦਾ ਖਿਆਲ ਆਇਆ ਜਿਸਦੇ ਦੰਦ ਡਿੱਗਣ ਲੱਗੇ ਸਨ, ਉਹ ਸਿਰਫ਼ ਤੀਹ ਸਾਲ ਦੀ ਏ। ਮੈਨੂੰ ਘਰ ਵਿਚਲੀਆਂ ਸਾਰੀਆਂ ਸ਼ਿਕਾਇਤ ਭਰਪੂਰ ਨਜ਼ਰਾਂ ਦਾ ਚੇਤਾ ਆਇਆ, ਕਿਉਂਕਿ ਮੇਰੀ ਕਮਾਈ ਉਨ੍ਹਾਂ ਲਈ ਕਾਫ਼ੀ ਨਹੀਂ ਸੀ। ਇਸੇ ਲਈ ਮੈਂ ਸੋਚਿਆ ਕਿ ਜਦੋਂ ਤੱਕ ਮੈਂ ਕਿਤਾਬਾਂ ਦੀ ਦੁਕਾਨ 'ਤੇ ਕੰਮ ਕਰ ਰਿਹਾ ਹਾਂ, ਕੁਝ ਕਾਰਡ ਚੁੱਕ ਕੇ ਆਪਣੀਆਂ ਕੁਝ ਸਮੱਸਿਆਵਾਂ ਨੂੰ ਦੂਰ ਤਾਂ ਕਰ ਹੀ ਸਕਦਾ ਹਾਂ। ਸੁਲਤਾਨ ਨੂੰ ਪਤਾ ਨਹੀਂ ਲੱਗੇਗਾ। ਉਸਦੇ ਕੋਲ ਕਿੰਨੇ ਪੋਸਟਕਾਰਡ ਨੇ ਤੇ ਕਿੰਨਾ ਸਾਰਾ ਪੈਸਾ। ਤੇ ਤਦ ਮੈਂ ਕੁਝ ਕਾਰਡ ਚੁੱਕ ਲਏ।"

"ਮਹਿਮੂਦ ਕਿੱਥੇ ਏ?" ਪੁਲਸ ਵਾਲੇ ਨੇ ਪੋਸਟਕਾਰਡ ਦੇ ਖੋਖੇ 'ਤੇ ਜਾ ਕੇ, ਛੋਟੇ ਮੁੰਡੇ ਨੂੰ ਪੁੱਛਿਆ। ਉਹ ਸਾਦੀ ਵਰਦੀ ਵਿਚ ਹੈ। ਮਹਿਮੂਦ ਖਾਣਾ ਖਾਣ ਗਿਆ ਹੈ। ਪੁਲਸ ਵਾਲੇ ਨੇ ਮੁੰਡੇ ਨੂੰ ਪਛਾਣ ਪੱਤਰ ਵਿਖਾਇਆ ਤੇ ਦੱਸਿਆ ਕਿ ਉਹ ਪੋਸਟਕਾਰਡ ਵੇਖਣਾ ਚਾਹੁੰਦੇ ਹਨ। ਮੁੰਡਾ ਉਨ੍ਹਾਂ ਨੂੰ ਪਿੱਛੇ ਲੈ ਜਾ ਸਾਰੇ ਕਾਰਡ ਵਿਖਾਉਂਦਾ ਹੈ। ਸੁਲਤਾਨ ਨੇ ਜੋ ਕਾਰਡ ਛਪਵਾਏ ਸਨ, ਉਹ ਇਕ ਬੈਗ ਵਿਚ ਭਰੇ ਪਏ ਹਨ। ਗਿਣਤੀ ਵਿਚ ਕਈ ਹਜ਼ਾਰ ਹਨ। ਪਰ ਉਨ੍ਹਾਂ 'ਚੋਂ ਮਹਿਮੂਦ ਨੇ ਕਿੰਨੇ ਕਾਨੂੰਨਣ ਖਰੀਦੇ ਸਨ ਤੇ ਕਿੰਨੇ ਜਲਾਲੂਦੀਨ ਤੋਂ ਖਰੀਦੇ ਸਨ, ਇਹ ਕਹਿਣਾ ਔਖਾ ਹੈ। ਉਹ ਇਸ ਮੁੰਡੇ ਨੂੰ ਤੇ ਪੋਸਟਕਾਰਡਾਂ ਨੂੰ ਥਾਣੇ ਲੈ ਆਉਂਦੇ ਹਨ।

ਇਕ ਪੁਲਸ ਵਾਲੇ ਨੂੰ ਮਹਿਮੂਦ ਦੀ ਉਡੀਕ ਕਰਨ ਲਈ ਛੱਡ ਦਿੱਤਾ ਜਾਂਦਾ ਹੈ। ਖੋਖੇ ਨੂੰ ਸੀਲ ਕਰ ਦਿੱਤਾ ਗਿਆ। ਮਹਿਮਦ ਅੱਜ ਕੁਝ ਵੀ ਨਹੀਂ ਵੇਚ ਸਕੇਗਾ।

ਕਬਾਬ ਦੀ ਹਵਾੜ ਮਾਰਦਾ ਮਹਿਮੂਦ ਜਦੋਂ ਪੁਲਸ ਥਾਣੇ ਤੱਕ ਪਹੁੰਚਦਾ ਹੈ ਤਾਂ ਪੁੱਛਗਿੱਛ ਨਵੇਂ ਸਿਰੇ ਤੋਂ ਸ਼ੁਰੂ ਹੁੰਦੀ ਹੈ। ਸ਼ੁਰੂ ਵਿਚ ਮਹਿਮੂਦ, ਤਰਖਾਣ ਨੂੰ ਪਛਾਨਣ ਤੋਂ ਇਨਕਾਰ ਕਰ ਦਿੰਦਾ ਹੈ। ਉਹ ਆਖਦਾ ਹੈ ਕਿ ਉਸਨੇ ਸਭ ਕੁਝ ਸੁਲਤਾਨ ਤੋਂ, ਯੂਨੁਸ ਤੋਂ, ਇਕਬਾਲ ਤੋਂ, ਮੰਸੂਰ ਤੋਂ ਕਾਨੂੰਨਣ ਖਰੀਦਿਆ ਹੈ। ਉਸ ਤੋਂ ਬਾਅਦ ਉਹ ਆਪਣਾ ਬਿਆਨ ਬਦਲਦਾ ਹੈ ਤੇ ਕਹਿੰਦਾ ਹੈ ਕਿ ਹਾਂ, ਇਕ ਦਿਨ ਤਰਖਾਣ ਨੇ ਉਸ ਨਾਲ ਗੱਲ ਜ਼ਰੂਰ ਕੀਤੀ ਸੀ, ਪਰ ਉਸਨੇ, ਉਹ ਕੋਲੋਂ ਕੁਝ ਨਹੀਂ ਖਰੀਦਿਆ।

ਖੋਖੇ ਦੇ ਮਾਲਕ ਨੂੰ ਵੀ ਰਾਤ ਹਵਾਲਾਤ ਵਿਚ ਹੀ ਲੰਘਾਉਣੀ ਪਵੇਗੀ। ਆਖਰਕਾਰ ਮੰਸੂਰ ਉਥੋਂ ਜਾ ਸਕਦਾ ਹੈ। ਬਰਾਂਡੇ ਵਿਚ ਤਰਖਾਣ ਦਾ ਅੱਬਾ, ਚਾਚਾ, ਭਤੀਜੇ ਤੇ ਪੁੱਤ ਇੰਤਜ਼ਾਰ ਕਰ ਰਹੇ ਹਨ। ਉਹ ਉਸ ਵੱਲ ਦੌੜੇ ਹਨ ਤੇ ਉਹ ਕਾਹਲੀ ਨਾਲ ਚਲਿਆ ਜਾਂਦਾ ਹੈ, ਤਾਂ ਡਰ ਨਾਲ ਉਹ ਵੇਖਦੇ ਹੀ ਰਹਿ ਜਾਂਦੇ ਹਨ। ਉਹ ਹੁਣ ਹੋਰ ਬਰਦਾਸ਼ਤ ਨਹੀਂ ਕਰ ਸਕਦਾ। ਜਲਾਲੂਦੀਨ ਨੇ ਕਬੂਲ ਕਰ ਲਿਆ ਹੈ, ਸੁਲਤਾਨ ਖੁਸ਼ ਹੋ ਜਾਵੇਗਾ, ਮਾਮਲਾ ਸੁਲਝ ਗਿਆ ਹੈ। ਹੁਣ ਚੋਰੀ ਤੇ ਚੋਰੀ ਹੋਇਆ ਮਾਲ ਵੇਚਣ ਦੀ ਗੱਲ ਸਿੱਧ ਹੋ ਗਈ ਹੈ ਤਾਂ ਅਪਰਾਧਕ ਮੁਕੱਦਮਾ ਸ਼ੁਰੂ ਹੋ ਸਕਦਾ ਹੈ।

ਪੁਲਸ ਦੇ ਪੁੱਛਗਿੱਛ ਕਰਨ ਵਾਲੇ ਸ਼ਖ਼ਸ਼ ਨੇ ਜੋ ਕਿਹਾ ਸੀ, ਉਹ ਉਸਨੂੰ ਯਾਦ ਕਰਦਾ ਹੈ। "ਇਹ ਤੇਰੇ ਲਈ ਆਖਰੀ ਮੌਕਾ ਏ, ਜੇ ਤੂੰ ਕਬੂਲ ਕਰ ਲਵੇਗਾ ਤਾਂ ਅਸੀਂ ਤੈਨੂੰ ਘਰ ਜਾਣ ਦੇਵਾਂਗੇ।"



ਮੰਸੂਰ ਦੀ ਤਬੀਅਤ ਖਰਾਬ ਹੋ ਰਹੀ ਹੈ। ਉਹ ਬਾਹਰ ਦੌੜਦਾ ਹੈ। ਉਸਦੇ ਮਨ ਵਿਚ ਸੁਲਤਾਨ ਵੱਲੋਂ ਕਹੇ ਗਏ ਆਖਰੀ ਸ਼ਬਦ ਗੂੰਜ ਰਹੇ ਹਨ-"ਆਪਣੀ ਜਾਨ ਖਤਰੇ ਵਿਚ ਪਾ ਕੇ ਮੈਂ ਆਪਣਾ ਵਪਾਰ ਜਮਾਇਆ ਏ। ਮੈਨੂੰ ਕੈਦ ਹੋਈ, ਕੁੱਟਿਆ ਵੀ ਗਿਆ। ਮੈਂ ਜ਼ਿੰਦਗੀ ਦਾਅ 'ਤੇ ਲਾ ਕੇ ਕੋਸ਼ਿਸ਼ ਕੀਤੀ ਕਿ ਅਫ਼ਗਾਨਿਸਤਾਨ ਵਾਸਤੇ ਕੁਝ ਬਣਾ ਕੇ ਖੜ੍ਹਾ ਕਰ ਸਕਾਂ ਤੇ ਇਕ ਮਾੜ੍ਹਾ ਜਿਹਾ ਤਰਖਾਣ ਆ ਕੇ ਮੇਰੀ ਜ਼ਿੰਦਗੀ ਭਰ ਦੀ ਮੇਹਨਤ ਹੜੱਪਣਾ ਚਾਹੁੰਦਾ ਏ। ਉਸਨੂੰ ਸਜ਼ਾ ਮਿਲੇਗੀ। ਨਰਮ ਨਾ ਪੈ, ਮੰਸੂਰ, ਦਬਾਉ ਵਿਚ ਨਾ ਆ।"

ਦੇਹਖੁਦੈਦਾਦ ਵਿਚ ਮਿੱਟੀ ਦੀ ਇਕ ਟੁੱਟੀ-ਫੁੱਟੀ ਝੌਂਪੜੀ ਵਿਚ ਬੈਠੀ ਇਕ ਔਰਤ ਅਸਮਾਨ ਵੱਲ ਵੇਖ ਰਹੀ ਹੈ। ਉਸਦੇ ਸਭ ਤੋਂ ਛੋਟੇ ਬੱਚੇ ਰੋ ਰਹੇ ਹਨ, ਉਨ੍ਹਾਂ ਨੂੰ ਅਜੇ ਤੱਕ ਕੁਝ ਖਾਣ ਲਈ ਨਹੀਂ ਮਿਲਿਆ, ਤੇ ਆਪਣੇ ਦਾਦੇ ਦੀ ਸ਼ਹਿਰ ਤੋਂ ਪਰਤਣ ਦੀ ਉਡੀਕ ਕਰ ਰਹੇ ਹਨ। ਸ਼ਾਇਦ ਉਹ ਆਪਣੇ ਨਾਲ ਕੁਝ ਲੈ ਕੇ ਆਵੇ। ਉਹ ਆਪਣੇ ਸਾਇਕਲ 'ਤੇ ਜਦੋਂ ਬੂਹੇ ਵਿਚ ਵੜਦਾ ਹੈ ਤਾਂ ਉਹ ਸਭ ਉਸ ਵੱਲ ਦੌੜਦੇ ਹਨ। ਪਰ ਉਸ ਦੇ ਹੱਥ ਖਾਲੀ ਹਨ, ਪਿੱਛੇ ਸਾਇਕਲ ਦਾ ਕੈਰੀਅਰ ਵੀ ਖਾਲੀ ਹੈ। ਉਸਦਾ ਉਤਰਿਆ ਹੋਇਆ ਚਿਹਰਾ ਵੇਖ ਕੇ ਉਹ ਰੁਕ ਜਾਂਦੇ ਹਨ। ਉਹ ਇੱਕ ਮਿੰਟ ਲਈ ਚੁੱਪ ਹੋ ਜਾਂਦੇ ਹਨ ਅਤੇ ਉਸ ਤੋਂ ਬਾਅਦ ਰੋਂਦੇ ਹੋਏ ਚਿੰਬੜ ਜਾਂਦੇ ਹਨ। "ਅੱਬੂ ਕਿੱਥੇ ਏ? ਅੱਬੂ ਕਦੋਂ ਵਾਪਸ ਆਉਣਗੇ?"

**-ਅਨੁਵਾਦ:ਅਨੇਮਨ ਸਿੰਘ**

**(ਅਰਵਿੰਦਰ ਕੁਮਾਰ ਦੇ ਸਹਿਯੋਗ ਨਾਲ)**

---

**ਬਾਕੀ ਪੰਨਾ ਨੰ: 68 ਤੋਂ ਅੱਗੇ**

ਗੁਰਗਾਬੀ ਦੀ ਤਰ੍ਹਾਂ ਢਿਲਾ ਹੋ ਜਾਂਦਾ ਹੈ ਉਹ ਜ਼ਰੂਰ ਹੇਠਲੇ ਵਰਗ ਨੂੰ ਦੇ ਦਿੱਤਾ ਜਾਂਦਾ ਹੈ। ਜਿਵੇਂ ਪੁਰਾਣੇ ਲੀੜੇ ਬੜੀ ਮੁਹੱਬਤ ਨਾਲ ਖਾਨਦਾਨੀ ਨੌਕਰਾਂ ਨੂੰ ਦੇ ਦਿੱਤੇ ਜਾਂਦੇ ਹਨ ਤਾਂ ਬੱਸ ਇਕ ਅਨਪੜ੍ਹ ਹਨ ਜਿਹੜੇ ਆਪਣਾ ਸਭ ਕੁਝ ਬਿਨਾਂ ਕਿਸੇ ਭੇਦਭਾਵ ਦੇ ਸਾਰਿਆਂ ਨੂੰ ਦੇ ਦਿੰਦੇ ਹਨ ਤੇ ਉਹਦੀ ਕੋਈ ਕੀਮਤ ਨਹੀਂ ਮੰਨਦੇ। ਆਪਣਾ ਸਾਰਾ ਵਜੂਦ ਪੂਰੇ ਦਾ ਪੂਰਾ ਵਜੂਦ ਲੋਕਾਂ ਨੂੰ ਦੇ ਦਿੰਦੇ ਹਨ ਤੇ ਉਸ ਵਿਚੋਂ ਰਿੱਤੱਕਰ ਗਿਆਨ ਦੀਆਂ ਨਹਿਰਾਂ ਅਨਾਦੀ ਨਾਲ ਤੱਕ ਵਗਦੀਆਂ ਰਹਿੰਦੀਆਂ ਹਨ ਪਰ ਸਾਡੇ ਗਿਆਨ ਦਾ ਹੰਕਾਰ ਤਾਂ ਬੜਾ ਟੇਡਾ ਹੈ। ਇਹ ਹੰਕਾਰ ਬੰਦੇ ਨੂੰ ਬੰਦਾ ਨਹੀਂ ਸਮਝਦਾ ਪਰ ਉਸ ਕੋਲੋਂ "ਡੋ" ਜ਼ਰੂਰ ਮਨਾਉਂਦਾ ਹੈ।

ਇਕ ਝਾਊਂ-ਮਾਊਂ ਮੂਰਖ, ਪਾਗਲ, ਅਸ਼ਰਫ਼ ਨੂੰ ਲਕੜੀ ਅਤੇ ਪਲਾਸਟਿਕ ਦੇ ਇਕ ਡੱਬੇ ਵਿਚ ਬਿਠਾ ਕੇ ਕੋਈ ਦੋ ਢਾਈ ਸੌ ਪ੍ਰੋਫ਼ੈਸਰ-ਸਕਾਲਰ ਤੇ ਵਿਗਿਆਨਕ ਉਸ ਨੂੰ ਨਿਊਯਾਰਕ ਦੇ ਹਵਾਈ ਅੱਡੇ 'ਤੇ ਜਹਾਜ਼ 'ਤੇ ਚੜ੍ਹਾਉਣ ਆਏ। ਜਦੋਂ ਜਹਾਜ਼ ਟੈਕਸੀ ਕਰ ਰਿਹਾ ਸੀ ਤਾਂ ਉਹਨਾਂ ਸਾਰਿਆਂ ਨੇ ਲੰਮੇ ਵਰਾਂਡੇ 'ਚੋਂ ਆਪਣੇ ਹੱਥ ਹਵਾ ਵਿਚ ਲਹਿਰਾ ਕੇ ਅਸ਼ਰਫ਼ ਨੂੰ ਅਲਵਿਦਾ ਕਹੀ ਪਰ ਜਹਾਜ਼ ਦੇ ਅੰਦਰ ਬੈਠੇ ਹੋਏ ਅਸ਼ਰਫ਼ ਨੂੰ ਕੁਝ ਵੀ ਪਤਾ ਨਹੀਂ ਸੀ ਕਿ ਇਹ ਸਭ ਕੁਝ ਕੀ ਏ ਤੇ ਉਹ ਕੀ ਏ? ਉਹਨੂੰ ਸਿਰਫ਼ ਇਹ ਈ ਅਨੁਮਾਨ ਸੀ ਕਿ ਉਸ ਦੇ ਆਲੇ-ਦੁਆਲੇ ਦੀ ਹਰ ਸ਼ੈਅ ਮਰ ਚੁੱਕੀ ਹੈ। ਇਕ ਸਿਰਫ਼ ਉਹ ਜਿਉਂਦਾ ਹੈ ਤੇ ਅਮਰ ਹੈ। ਇਸ ਭਰਪੂਰ ਦੁਨੀਆਂ ਵਿਚ ਹਰ ਚੀਜ਼ ਦੇ ਫਨਾ ਹੋ ਚੁੱਕਣ ਦਾ ਖਿਆਲ ਉਹਨੂੰ ਹੋਰ ਵੀ ਡਰਾ ਰਿਹਾ ਹੈ ਤੇ ਇਕੱਲਾ ਹੋਣ ਦੇ ਇਹਸਾਸ ਨੇ ਉਹਦੇ ਅੰਦਰ ਇਕ ਕੰਪਨ ਪੈਦਾ ਕਰ ਦਿੱਤਾ ਸੀ ਜਿਹਦੇ ਕਰਕੇ ਉਹ ਲਗਾਤਾਰ ਕੰਬ ਰਿਹਾ ਸੀ।

**(ਅਨੁ: ਉਮ ਪ੍ਰਕਾਸ਼)**

## ਦਲਿਤ ਭਾਈ ਬਲਬੀਰ ਮਾਧੋਪੁਰੀ/ਜਿੰਦਰ

ਮੈਂ ਉਹਨੂੰ ਫੋਨ ਕਰਾਂ ਜਾਂ ਮੈਨੂੰ ਉਸ ਦਾ ਫੋਨ ਆਵੇ ਤਾਂ ਮੈਂ ਉਹਨੂੰ ਪੁੱਛਦਾਂ, "ਕਿੱਦਾਂ ਫੇਰ ਦਲਿਤ ਭਾਈ ?" ਉਹ ਖਿੜਖਿੜਾ ਕੇ ਹੱਸਦਾ। ਮੈਨੂੰ ਅਜੇ ਤੱਕ ਇਸ ਗੱਲ ਦੀ ਸਮਝ ਨਹੀਂ ਲੱਗੀ ਕਿ ਉਹ ਆਪਣੇ ਆਪ 'ਤੇ ਹੱਸਦਾ ਹੈ ਜਾਂ ਇਸ ਸਮੁੱਚੀ ਵਿਵਸਥਾ 'ਤੇ ਜਿਸ 'ਚ ਵਿਅਕਤੀ ਦੀ ਪਛਾਣ ਉਸ ਦੀ ਜਾਤ ਨਾਲ ਬੱਝੀ ਹੋਈ ਹੈ। ਜਦੋਂ ਅਸੀਂ ਕਿਸੇ ਵਿਅਕਤੀ ਨੂੰ ਉਸ ਦੀ ਜਾਤ ਨਾਲ ਜੋੜ ਕੇ ਦੇਖਦੇ ਹਾਂ ਤਾਂ ਉਸ ਨੂੰ ਵੀ ਲੱਗਣ ਲੱਗ ਜਾਂਦਾ ਹੈ ਕਿ ਪਤਾ ਨਹੀਂ ਇਹ ਵੀ ਇਕ ਆਖਰੀ ਸੱਚ ਹੈ। ਬਲਬੀਰ ਮਾਧੋਪੁਰੀ ਨਾਲ ਵੀ ਇੰਝ ਦਾ ਵਾਪਰਿਆ ਹੈ। ਉਸ ਅੰਦਰੋਂ ਤੇ ਬਾਹਰੋਂ ਆਪਣੇ ਆਪ ਨੂੰ ਦਲਿਤ ਮੰਨ ਲਿਆ ਹੈ। ਦਲਿਤ ਕਵੀ। ਦਲਿਤ ਅਧਿਕਾਰੀ। ਸਾਡੇ ਕੁਝ ਦਲਿਤ ਲੇਖਕ ਤਾਂ ਬਹੁਤ ਸਾਲ ਆਪਣੀ ਜਾਤ ਹੀ ਛਪਾਉਂਦੇ ਰਹੇ ਹਨ। ਸ਼ਾਇਦ ਇਹ ਉਨ੍ਹਾਂ ਦੀ ਸਮਾਜਿਕ ਮਜਬੂਰੀ ਸੀ। ਉਹ 'ਇਨਫੀਰੀਅਟੀ ਕਮਲੈਕਸ' ਦੇ ਸ਼ਿਕਾਰ ਸਨ। ਬਲਬੀਰ ਵੀ ਕਈ ਸਾਲ ਆਪਣੀ ਜਾਤ ਲੁਕਾਉਂਦਾ ਰਿਹਾ। ਉਸ ਦੀ ਆਪਣੇ ਕਿਸਮ ਦੀ ਮਜਬੂਰੀ ਸੀ। ਇਸ ਮਜਬੂਰੀ ਦਾ ਜਨਮ ਦਿੱਲੀ ਆ ਕੇ ਹੋਇਆ ਸੀ। ਉਸ ਕੋਲ ਆਪਣਾ ਮਕਾਨ ਨਹੀਂ ਸੀ। ਜੇ ਮਕਾਨ ਮਾਲਕ ਨੂੰ ਆਪਣੀ ਜਾਤ ਦੱਸਦਾ ਤਾਂ ਅਗਲਾ ਅਗੋਂ ਨੱਕ- ਬੁੱਲ੍ਹ ਕੱਢਦਾ। ਉਹ ਅੰਦਰ ਹੀ ਅੰਦਰ ਕੁੜਦਾ, "ਇਹ ਵੀ ਸਾਲਾ ਕਿਆ ਦੇਸ਼ ਆ। ਸਾਨੂੰ ਆਪਣੀ ਜਾਤ ਦੱਸਦਿਆਂ ਵੀ ਸ਼ਰਮ ਮਹਿਸੂਸ ਹੁੰਦੀ ਆ।" ਉਸਦੀ ਮਿਸਿਜ ਹਰਜਿੰਦਰ ਕਲਪਦੀ, "ਲੋਕਾਂ ਨੂੰ ਖਬਰੇ ਰੋਟੀ ਨਹੀਂ ਪਚਦੀ ਜਿੰਨਾ ਚਿਰ ਜਾਤ ਦਾ ਪਤਾ ਨਹੀਂ ਲਾ ਲੈਂਦੇ।" ਫੇਰ ਉਹ ਦ੍ਰਿੜ ਇਰਾਦੇ ਨਾਲ ਕਹਿੰਦਾ, "ਚਲੋ ਕੋਈ ਨਾ। ਸਮਾਂ ਤਾਂ ਲੰਘਾਉਣਾ ਹੀ ਪੈਣਾ। ਜਦੋਂ ਆਪਣਾ ਮਕਾਨ ਬਣਾਇਆ ਤਾਂ ਬਾਹਰ ਨੇਮ-ਪਲੇਟ 'ਤੇ ਲਿਖਾਉਣਾ-ਬਲਬੀਰ ਚੰਦ ਚਮਾਰ, ਨ੍ਹੀਂ ਬਲਬੀਰ ਮਾਧੋਪੁਰੀ ਚਮਾਰ।" ਆਪਣਾ ਰੋਹ-ਵਿਦਰੋਹ ਜਾਹਿਰ ਕਰਨ ਦਾ ਇਕ ਤਰੀਕਾ। ਹੁਣ ਉਸ ਦਿੱਲੀ 'ਚ ਆਪਣਾ ਮਕਾਨ ਬਣਾ ਲਿਆ। ਤਿੰਨ ਬੱਚਿਆਂ ਦਾ ਪਿਉ ਬਣ ਗਿਆ। ਹਰਜਿੰਦਰ ਵਰਗੀ ਗੋਰੀ, ਚਿੱਟੀ, ਸੁਹਣੀ, ਸੁਨੱਖੀ ਤੇ ਸਿਆਣੀ ਬੀਵੀ ਹੈ ਪਰ ਉਸ ਕੋਲੋਂ ਮਕਾਨ ਦੇ ਬਾਹਰ ਨੇਮ-ਪਲੇਟ ਨਹੀਂ ਲਿਖਵਾਈ ਗਈ। ਇੱਥੇ ਉਸਨੂੰ ਆਪਣੀ ਜਾਤ ਲੁਕਾਉਣ 'ਚ ਹੀ ਫਾਇਦਾ ਦਿੱਸਦਾ। ਉਹ ਆਪਣੀ ਕਵਿਤਾ 'ਮੇਰੀ ਜਾਤ' 'ਚ ਕਹਿੰਦਾ ਹੈ:

ਜਾਤ ਇਉਂ ਮੇਰੇ ਸੰਗ
ਜਿਵੇਂ ਮੇਰਾ ਰੰਗ, ਮੇਰਾ ਪਰਛਾਵਾਂ
ਇੰਨਾ ਮੇਲ ਸੁਮੇਲ, ਕਿ ਮੈਂ ਮਨਫ਼ੀ
ਉਹ ਮੇਰੀ ਪਛਾਣ
ਪਿੰਡ ਹੋਵਾਂ ਚਾਹੇ ਸ਼ਹਿਰ
ਸਮੁੰਦਰ ਦੇ ਆਰ ਜਾਂ ਪਾਰ

ਸਾਹਿਤ 'ਚ ਉਹ ਦਲਿਤ ਲੇਖਕ ਵਜੋਂ ਜਾਣਿਆ ਜਾਂਦਾ ਹੈ। ਦੱਸ ਸਾਲ ਪਹਿਲਾਂ ਉਸ ਦੀ ਪਛਾਣ ਪ੍ਰਗਤੀਵਾਦੀ ਲੇਖਕ ਦੇ ਤੌਰ 'ਤੇ ਬਣੀ ਸੀ। ਹੁਣ ਦਲਿਤ ਲੇਖਕ ਵਜੋਂ। ਇਸ ਪਛਾਣ 'ਤੇ ਉਸ ਦੀ ਸ੍ਵੈ-ਜੀਵਨੀ 'ਛਾਂਗਿਆ ਰੁੱਖ' ਨੇ ਪੱਕੀ ਮੋਹਰ ਲਾ ਦਿੱਤੀ ਹੈ।

ਕਦੇ-ਕਦੇ ਉਹ ਬਹੁਤ ਦੂਰ ਦੀ ਸੋਚਦਾ ਹੈ ਤੇ ਇਹ ਸਿੱਟਾ ਕੱਢਦਾ ਹੈ ਕਿ ਲੇਖਕ/ਕਲਾਕਾਰ/ਗਾਇਕ ਦੀ ਕੋਈ ਜਾਤ ਨਹੀਂ ਹੁੰਦੀ। ਜਮਾਤ ਨਹੀਂ ਹੁੰਦੀ। ਉਸ ਨੇ ਪਿਛਲੇ ਦਿਨੀਂ ਭਗਵੰਤ ਮਾਨ ਨੂੰ ਸਟਾਰ ਪਲੱਸ ਚੈਨਲ ਤੇ 'ਫ਼ਿਲਮ ਫੇਅਰ ਅਵਾਰਡ' 'ਚ ਕਾਮੇਡੀ ਕਰਦਿਆਂ ਦੇਖਿਆ। ਉਸ ਦੀ ਚਾਅ ਨਾਲ ਛਾਤੀ ਦੂਣੀ ਫੁੱਲ ਗਈ ਕਿ ਸਾਡੇ ਪੰਜਾਬ ਦਾ ਕਲਾਕਾਰ ਐਡੇ ਉੱਚੇ ਮੁਕਾਮ 'ਤੇ ਪਹੁੰਚਿਆ ਹੈ। ਜਦੋਂ ਕਦੇ ਉਹ ਸ਼ਾਹਰੁਖ ਖਾਨ ਦੀ ਫ਼ਿਲਮ ਦੇਖਦਾ ਹੈ ਤਾਂ ਉਸ ਸਾਹਮਣੇ



ਇਹ ਕਦੇ ਨਹੀਂ ਆਇਆ ਕਿ ਸ਼ਾਹਰੁਖ ਖਾਨ ਮੁਸਲਮਾਨ ਹੈ ਜਾਂ ਹੰਸ ਰਾਜ ਦਾ ਸੂਫੀਆਨਾ ਕਲਾਮ ਸੁਣਦਿਆਂ ਉਸ ਨੂੰ ਕਦੇ ਮਹਿਸੂਸ ਨਹੀਂ ਹੋਇਆ ਕਿ ਉਹ ਉਨ੍ਹਾਂ ਦਾ ਦਲਿਤ ਭਾਈ ਹੈ। ਉਹਨੂੰ ਇਹ ਗੱਲਾਂ ਦੁੱਖੀ ਕਰਦੀਆਂ ਹਨ। ਉਸ ਨੂੰ ਖੁਦ 'ਤੇ ਵੀ ਖਿਝ ਚੜਦੀ ਹੈ ਕਿ ਆਪਣੇ ਦਾਇਰੇ ਨੂੰ ਦਲਿਤਾਂ ਤਾਈਂ ਹੀ ਕਿਉਂ ਸੀਮਿਤ ਕਰ ਲਿਆ ਹੈ। ਉਹ ਅੰਤਰ ਧਿਆਨ ਹੁੰਦਾ ਹੈ ਤਾਂ ਉਸ ਨੂੰ ਜਵਾਬ ਮਿਲਦਾ ਹੈ ਕਿ ਇਹ ਜਦੋਂ ਉਹ ਹੈ ਹੀ ਦਲਿਤ ਤਾਂ ਫੇਰ ਉਸ ਦਾ ਦਾਇਰਾ ਵੀ ਦਲਿਤ ਹੀ ਹੋਣਗੇ। ਉਸ ਦੀ ਬਰਾਦਰੀ ਵੀ ਦਲਿਤਾਂ ਦੀ ਹੋਵੇਗੀ। ਇਕ ਵੇਲੇ ਜਾਤ-ਪਾਤ ਦੇ ਬੰਧਣਾਂ ਨੂੰ ਲੱਤ ਮਾਰਨ ਵਾਲਾ ਹੁਣ ਆਪ ਇਸ ਬੰਧਨ 'ਚ ਬੱਝ ਗਿਆ ਹੈ। ਗੱਲ ਇਹ ਵੀ ਸੱਚ ਹੈ ਕਿ ਉਸ ਨੂੰ ਦਿਲੋਂ ਦਲਿਤਾਂ ਨਾਲ ਹਮਦਰਦੀ ਹੈ। ਇਸਦੇ ਪਿੱਛੇ ਵੀ ਬਹੁਤ ਵੱਡੇ ਕਾਰਨ ਹਨ।

ਉਸ ਅੰਦਰ ਅਸਾਵੀਂ ਤੇ ਵਿਤਕਰੇ ਭਰੀ ਸਮਾਜਿਕ ਬਣਤਰ ਯਾਨੀ ਕਿ ਮਨੁੱਖ ਦੀ ਦਰਜੇਬੰਦੀ ਵਿਰੁੱਧ ਗੁੱਸਾ ਹੈ। ਇਸ ਗੁੱਸੇ ਲਈ ਉਸ ਕੋਲ ਤਰਕਾਂ ਦੇ ਅਗਨ-ਬਾਣ ਹਨ। 2005 'ਚ ਦੇਸ਼ ਭਗਤ ਯਾਦਗਾਰ ਹਾਲ 'ਚ, ਪਾਸ਼ ਦੇ ਜਨਮ-ਦਿਹਾੜੇ 'ਤੇ ਬਲਬੀਰ ਨੇ ਪਾਸ਼ ਦੀ ਕਵਿਤਾ 'ਚੋਂ ਦਲਿਤ ਚੇਤਨਾ ਦੇ ਅੰਸ਼ਾਂ ਦੀ ਨਿਸ਼ਾਨਦੇਈ ਕਰਦਿਆਂ ਪੇਪਰ ਪੜ੍ਹਿਆ। ਅਗਲੀਆਂ ਕੁਰਸੀਆਂ 'ਤੇ ਬੈਠੇ ਲੇਖਕਾਂ/ਪਾਠਕਾਂ/ਕਾਮਰੇਡਾਂ ਨੂੰ ਉਹ ਬਦਲਿਆ ਹੋਇਆ ਦਿੱਸਿਆ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਦਲਿਤ ਸਮਾਜ ਵਿੱਚ ਵੰਡੀਆਂ ਪਾ ਰਹੇ ਹਨ ਤੇ ਜਾਤੀਵਾਦ ਨੂੰ ਹੱਲਾਸ਼ੇਰੀ ਦੇ ਰਹੇ ਹਨ। ਬਲਬੀਰ ਨੇ ਦਲਿਤ ਸਾਹਿਤ ਦੇ ਪ੍ਰਤੀਨਿੱਧ ਵਜੋਂ ਸਪੱਸ਼ਟ ਕੀਤਾ ਸੀ, "ਦੋਸਤੋ, ਮੈਨੂੰ ਇਹ ਕਹਿਣ/ਮੰਨਣ 'ਚ ਹੁਣ ਕੋਈ ਝਿਜਕ ਨਹੀਂ ਕਿ ਮੈਂ ਦਲਿਤ ਸਮਾਜ 'ਚੋਂ ਹਾਂ। ਦਲਿਤ ਦੀ ਪੀੜਾ ਜਾਣਦਾ ਹਾਂ। ਸਾਡੇ ਲੋਕਾਂ ਨਾਲ ਬਹੁਤ ਬੁਰਾ ਸਲੂਕ ਸਦੀਆਂ ਤੋਂ ਕੀਤਾ ਜਾਂਦਾ ਆ। ਖੁਸ਼ਹਾਲ ਤੇ ਵਿਕਸਤ ਸਮਝੇ ਜਾਂਦੇ ਸੂਬੇ ਪੰਜਾਬ ਵਿੱਚ ਸਿਵੇ ਇੱਕ ਨਹੀਂ ਹੋ ਸਕੇ। ਮੈਂ ਆਪਣੀ ਗੱਲ ਇਕ ਦੀ ਦਰਜਨਾਂ ਉਦਾਹਰਣਾਂ ਨਾਲ ਦੱਸ ਸਕਦਾਂ। ਬਾਰਿਸ਼ਾਂ ਦੌਰਾਨ ਅੰਮ੍ਰਿਤਸਰ ਦੇ ਦੋ ਦਲਿਤ ਲੋਕਾਂ ਦੀਆਂ ਲਾਸ਼ਾਂ ਦਾ ਸੰਸਕਾਰ ਉੱਚੇ ਸਿਵਿਆਂ, ਜੋ ਉੱਚ ਜਾਤਾਂ ਦੇ ਸਨ, ਵਿੱਚ ਨਹੀਂ ਕਰਨ ਦਿੱਤਾ ਗਿਆ ਤੇ ਉਨ੍ਹਾਂ ਨੂੰ 10-12 ਕਿਲੋਮੀਟਰ ਦੂਰ ਹਰੀਕੇ ਪੱਤਣ ਲਿਆ ਕੇ ਕਰਨਾ ਪਿਆ। ਇਉਂ ਹੀ ਦਲਿਤ ਮ੍ਰਿਤਕ ਲੜਕੀ ਦਾ ਸਸਕਾਰ ਉੱਚ ਜਾਤੀ ਵਾਲਿਆਂ ਨੇ ਆਪਣੇ ਸਿਵੇ ਵਿੱਚ ਨਾ ਕਰਨ ਦਿੱਤਾ। (ਜਗਰਾਓਂ ਦੇ ਬਲਾਕ ਸਿੱਧਵਾਂ ਬੇਟ ਦੇ ਪਿੰਡ ਸੋਢੀਵਾਲ ਦੀ ਆ, ਇਹ ਘਟਨਾ।) ਹੁਸ਼ਿਆਰਪੁਰ ਦੇ ਇੱਕ ਪਿੰਡ ਨੂੰ ਲੈ ਕੇ ਕਚਹਿਰੀਆਂ ਵਿੱਚ ਧਰਨਾ ਲੱਗਾ। ਤਹਿਸੀਲ ਜਗਰਾਉਂ ਦੇ ਪਿੰਡ ਚੱਕਰ ਵਿੱਚ ਸੰਤ ਜੋਰਾ ਸਿੰਘ ਬੱਧਨੀਵਾਲਾ ਨੇ ਅਖੰਡ ਪਾਠ ਦੀ ਰੌਲ 'ਤੇ ਬੈਠੇ ਮਜ਼ਬੀ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਚੋਂ ਇਸ ਕਰਕੇ ਉਠਾ ਦਿੱਤਾ ਕਿ ਉਹ ਨੀਵੀਂ ਜਾਤ ਦਾ ਆ। ਇਸੇ ਗੁਰਦੁਆਰੇ ਵਿੱਚੋਂ ਬਾਬਾ ਜੀਵਨ ਸਿੰਘ (ਗੁਰੂ ਤੇਗ ਬਹਾਦਰ ਦਾ ਸੀਸ ਅਨੰਦਪੁਰ ਪਹੁੰਚਾਉਣ ਵਾਲਾ ਦਲਿਤ) ਦੀ ਤਸਵੀਰ ਉਤਾਰ ਦਿੱਤੀ ਗਈ। ਬਹੁਤੇ ਡੇਰਿਆਂ ਵਿੱਚ ਰਵਿਦਾਸ ਬਾਣੀ ਨੂੰ ਅਖੰਡ ਪਾਠ ਵੇਲੇ ਨਹੀਂ ਖੇੜ੍ਹਿਆ ਜਾਂਦਾ। ਨਾਮਧਾਰੀ ਜੋ ਦੇਖਣ ਨੂੰ ਚਿੱਟੇ ਕੱਪੜੇ ਪਹਿਨਦੇ ਤੇ ਰਹਿਤ-ਮਰਿਯਾਦਾ ਰੱਖਦੇ ਨੇ-ਭੈਣੀ ਸਾਹਿਬ (ਨਾਮਧਾਰੀ ਦਰਬਾਰ) ਅੰਦਰ ਸਰੋਵਰ ਵਿਖੇ ਦਲਿਤਾਂ ਨੂੰ ਇਸ਼ਨਾਨ ਦੀ ਮਨਾਹੀ ਆ। ਪੰਗਤ ਅਲੱਗ-ਅਲੱਗ ਲੱਗਦੀ ਆ ਤੇ ਹੋਰ ਕਿੰਨੇ ਵਿਤਕਰੇ ਨੇ ਜਿਵੇਂ ਕੀਰਤਨ ਸਮੇਂ ਦਲਿਤਾਂ ਦੇ ਬੈਠਣ ਲਈ ਵੱਖਰੀ ਨਿਸਚਤ ਜਗ੍ਹਾ।" ਇਹ ਗੱਲਾਂ ਸੁਣ ਕੇ ਕੁਝ ਜਾਤ ਅਭਿਮਾਨੀ ਚਿੱਟ ਕੱਪੜੀਏ 'ਸਿੰਘ' ਉਥੋਂ ਖਿਸਕ ਗਏ ਸਨ। ਉਸ ਅੱਗੋਂ ਕਿਹਾ ਸੀ-"ਭਲੇਮਾਣਸੋ ਸਮਾਜ ਤਾਂ ਪਹਿਲਾਂ ਹੀ ਵੰਡਿਆ ਹੋਇਆ-ਭਾਰਤ ਵਿੱਚ ਛੇ ਹਜ਼ਾਰ ਤੋਂ ਵੱਧ ਜਾਤਾਂ ਨੇ-ਉਨ੍ਹਾਂ ਨੂੰ ਦੇਖਣਾ ਤੇ ਉਨ੍ਹਾਂ ਦਾ ਪ੍ਰਛਾਵਾਂ ਲੈਣਾ ਵੀ ਵਰਜਿਤ ਆ। ਬਹੁਤੇ ਕਾਮਰੇਡ ਜੋ ਜ਼ਮੀਨਾਂ ਤੇ ਹੋਰ ਜਾਇਦਾਦਾਂ ਦਾ ਰਾਜਾਸ਼ਾਹੀ ਮਜ਼ਾ ਲੈ ਰਹੇ ਨੇ-ਉਹੀ ਸਾਡੇ ਲੀਡਰ ਨੇ- ਉਹ ਤਾਂ ਜਿਣਸਾਂ ਦੇ ਭਾਅ ਵਧਾਉਣ, ਬਿਜਲੀ ਚੌਵੀ ਘੰਟੇ ਕਰਾਉਣ,

ਤੇਲ ਦੀਆਂ ਕੀਮਤਾਂ ਘਟਾਉਣ, ਖਾਦਾਂ 'ਤੇ ਸਬਸਿਡੀ ਵਧਾਉਣ ਲਈ ਦਲਿਤਾਂ ਨੂੰ 'ਕਿਸਾਨ ਮਜ਼ਦੂਰ ਏਕਤਾ' ਦੇ ਨਾਂ 'ਤੇ ਵਰਤ ਰਹੇ ਨੇ ਤੇ ਪਿੰਡਾਂ ਵਿੱਚ ਦਿਹਾੜੀ ਵਧਾਉਣ ਦੇ ਮਸਲੇ ਨੂੰ ਲੈ ਕੇ ਨਾਕੇਬੰਦੀ ਹੋ ਜਾਂਦੀ ਆ ਤੇ ਇਨ੍ਹਾਂ ਸਮਿਆਂ ਵਿੱਚ ਵੀ ਹੁੰਦੀ ਰਹਿੰਦੀ ਆ। ਬਲਾਤਕਾਰ ਦਲਿਤ ਧੀਆਂ-ਭੈਣਾਂ ਦੇ ਹੁੰਦੇ ਨੇ-ਕਾਮਰੇਡਾਂ ਨੇ ਉਨ੍ਹਾਂ ਖਾਤਰ ਕਦੇ ਮੋਰਚਾ ਨਹੀਂ ਲਾਇਆ। ਕਿਉਂਕਿ ਇਹ ਪਾਪ ਕਰਨ ਵਾਲੇ ਉਨ੍ਹਾਂ ਵਰਗੇ ਜ਼ਿੰਮੀਦਾਰਾਂ ਦੇ 'ਕਾਕੇ' ਹੁੰਦੇ ਨੇ। ਜਗੀਰਦਾਰਾਂ ਤੇ ਜਗੀਰੂ ਰੁਚੀਆਂ ਵਾਲਿਆਂ ਲਈ ਇਹ ਮਹਿਜ਼ ਸ਼ੁਗਲ-ਮੇਲਾ ਆ। ਇਹ ਵੀ ਸੱਚ ਐ ਕਿ ਕੁਝ ਕੁ ਦਿਲੋਂ ਸੱਚੇ ਕਮਿਊਨਿਸਟ ਸੁਹਿਰਦਤਾ ਨਾਲ ਦਲਿਤਾਂ ਦੇ ਸਨਮਾਨ ਲਈ ਯਤਨਸ਼ੀਲ ਨੇ।"

ਉਹਦਾ ਦਲਿਤ ਗਲੋਬ ਦਿੱਲੀਉਂ ਚੰਡੀਗੜ੍ਹ ਵੱਲ ਘੁੰਮਦਾ ਹੈ। ਚੰਡੀਗੜ੍ਹੋਂ ਪਟਿਆਲੇ... ਜਲੰਧਰ। ਹੁਣ ਉਸ ਦੀ ਡੂੰਘੀ ਸਾਂਝ ਇਨ੍ਹਾਂ ਚਾਰ ਸ਼ਹਿਰਾਂ ਦੇ ਲੇਖਕਾਂ ਨਾਲ ਹੈ। ਜੇ ਪੰਜਾਬੀ ਖੇਤਰ ਤੋਂ ਬਾਹਰ ਦੀ ਗੱਲ ਕਰੀਏ ਤਾਂ ਇਹ ਮਹਾਂਰਾਸ਼ਟਰ, ਕੇਰਲਾ, ਭੂਪਾਲ, ਹਰਿਆਣਾ ਨੂੰ ਆਪਣੇ ਘੇਰੇ 'ਚ ਲੈ ਲੈਂਦਾ ਹੈ। ਮੈਂ ਉਹਨੂੰ ਪੁੱਛਿਆ, "ਦਲਿਤ ਹੋਣ ਦੇ ਨਾਤੇ ਕਿਹੜੇ-ਕਿਹੜੇ ਲੇਖਕਾਂ ਖਾਸ ਤੌਰ ਤੇ ਦਲਿਤ ਲੇਖਕਾਂ ਨਾਲ ਸਾਂਝ ਬਣੀ?" ਉਸ ਦੇ ਚਿਹਰੇ 'ਤੇ ਖਿਚਾਅ ਜਿਹਾ ਆ ਗਿਆ। ਉਸ ਆਪਣਾ ਮਖੌਟਾ ਬਦਲ ਲਿਆ ਕਿਉਂਜੁ ਮੈਂ ਦਲਿਤਾਂ 'ਚੋਂ ਨਹੀਂ ਹਾਂ। ਪਰ ਉਸ ਦਾ ਨੇੜਲਾ ਦੋਸਤ ਹਾਂ। ਸ਼ਾਇਦ ਇਸੇ ਕਰਕੇ ਉਸਨੂੰ ਖਿੱਝ ਜਿਹੀ ਵੀ ਚੜ੍ਹੀ। ਉਸ ਇਥੋਂ ਤੱਕ ਵੀ ਸੋਚ ਲਿਆ ਕਿ ਜਿੰਦਰ ਦੀ ਸੋਚ ਵੀ ਬ੍ਰਾਹਮਣਵਾਦੀ ਹੈ। ਉਹ ਬਹੁਤ ਛੇਤੀ ਭਾਵੁਕ ਹੋ ਜਾਂਦਾ ਹੈ। ਖਾਸ ਕਰਕੇ ਮੇਰੇ ਜਿਹੇ ਦੋਸਤਾਂ ਨਾਲ ਜਿਨ੍ਹਾਂ ਨਾਲ ਉਸਦੀ ਵੀਹ ਸਾਲਾਂ ਤੋਂ ਜ਼ਿਆਦਾ ਦੀ ਸਾਂਝ ਹੈ। ਇਹ ਪਰਿਵਾਰਕ ਸਾਂਝ ਵੀ ਹੈ। ਉਸ ਪੁੱਛਿਆ, 'ਤੂੰ ਇਹ ਕਿਵੇਂ ਸੋਚ ਲਿਆ?' ਫੇਰ ਉਸ ਖਰ੍ਹਵੀ ਜਿਹੀ ਆਵਾਜ਼ 'ਚ ਦੱਸਿਆ, "1982-83 ਵਿੱਚ ਜਿੰਦਰ ਤੇ ਬਲਬੀਰ ਪਰਵਾਨਾ ਨਾਲ ਮੇਰੇ ਯਾਰੀ ਪਈ। ਪੁਰਾਣੇ ਗੁੜ ਵਾਂਗ ਮਿੱਠੀ 'ਤੇ ਸੁਆਦਲੀ ਹੁੰਦੀ ਗਈ। ਨੇੜਤਾ, ਇਕਮਿਕਤਾ ਤੇ ਸਾਂਝ ਦੇਖ ਕੇ ਪੰਜਾਬ ਤੇ ਖਾਸ ਤੌਰ ਤੇ ਦਿੱਲੀ ਦੇ ਵਿਦਵਾਨ ਲੇਖਕ ਯਾਨੀ ਜਾਤ-ਸੂਹੀਏ ਅਕਸਰ ਪੁੱਛਦੇ, ਮਾਫ ਕਰਨਾ ਜਿੰਦਰ ਤੇ ਪਰਵਾਨਾ ਵੀ ਤੁਹਾਡੀ ਬਿਰਾਦਰੀ ਦੇ ਨੇ? ਉਨ੍ਹਾਂ ਨੂੰ ਆਮ ਵਾਂਗ ਜਾਤ ਦੀ ਸਾਂਝ ਕਿਸੇ ਰਿਸ਼ਤੇ ਤੇ ਮਿੱਤਰਤਾ ਦਾ ਨਿਗਰ ਆਧਾਰ ਦਿੱਸਦੀ। ਉਹ ਫਿਰ ਪੁੱਛਦੇ ਜਿਵੇਂ ਉਨ੍ਹਾਂ ਨੂੰ ਅੱਚੋਆਲੀ ਲੱਗੀ ਹੋਵੇ। ਆਖਰ ਮੈਂ ਦੱਸ ਹੀ ਦਿੱਤਾ, 'ਜਿੰਦਰ ਦੀਪਕ ਜੈਤੋਈ ਦਾ ਜੁਆਈ ਤੇ ਕਾਮਰੇਡ ਪਰਵਾਨਾ ਦਾਰਾ ਸਿੰਘ ਦੇ ਗੋਤ ਦਾ।' 'ਯਾਰ ਸਿੱਧਾ ਕਹਿ ਪਈ ਜਿੰਦਰ ਸੁਨਿਆਰਾ ਤੇ ਪਰਵਾਨਾ ਜੱਟ ਹੈ।' ਮੱਖਣ ਮਾਨ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ, ਗਿਆਨ ਸਿੰਘ ਬੱਲ, ਡਾ. ਸਰਬਜੀਤ, ਸਿਰੀ ਰਾਮ ਅਰਸ਼, ਗੁਰਮੀਤ ਕਲਰਮਾਜਰੀ ਨਾਲ ਦੋਸਤੀ ਦਲਿਤ ਸਾਹਿਤ ਦੀ ਲਹਿਰ ਦੌਰਾਨ ਬਣੀ। ਮਦਨ ਵੀਰਾ ਮੇਰਾ ਬਹੁਤ ਪੁਰਾਣਾ ਮਿੱਤਰ ਆ। ਦਿੱਲੀ ਰਹਿੰਦਿਆਂ ਮੇਰੀਆਂ ਮੁਲਾਕਾਤਾਂ ਦੋਸਤੀਆਂ ਵਿੱਚ ਤਬਦੀਲ ਹੋਈਆਂ ਜਿਨ੍ਹਾਂ ਵਿੱਚ ਡਾ. ਸ਼ਿਓਰਾਜ ਸਿੰਘ ਬੇਚੈਨ, ਡਾ. ਤੇਜ ਸਿੰਘ, ਡਾ. ਸ਼ਤਰੂਘਨ ਕੁਮਾਰ, ਡਾ. ਨਾਵਰੀਆ, ਐਸ.ਐਸ. ਗੌਤਮ। ਇਹ ਸਾਰੇ ਹਿੰਦੀ ਦੇ ਦਲਿਤ ਲੇਖਕ ਨੇ ਜੋ ਅਕਸਰ ਸੁਰਖੀਆਂ ਵਿੱਚ ਰਹਿੰਦੇ ਨੇ। ਡਾ. ਧਰਮਵੀਰ, ਸੂਰਜਪਾਲ ਚੌਹਾਨ, ਡਾ. ਬਿਮਲ ਥੋਰਾਤ (ਮਰਾਠੀ ਲੇਖਿਕਾ ਤੇ ਰੀਡਰ), ਡਾ. ਅਨਿਲ ਸੂਰੀਆ ਜੋ ਬੁਨਿਆਦੀ ਤੌਰ 'ਤੇ ਕਵੀ ਤੇ ਕਲਾਕਾਰ ਨੇ, ਨਾਲ ਮੇਰੀ ਖੂਬ ਬਣਦੀ ਆ। ਕਮਲੇਸ਼ਵਰ ਮੇਰੇ ਸਤਿਕਾਰਯੋਗ ਮਿੱਤਰ ਨੇ। ਹਾਂ, ਸ਼ਰਣ ਕੁਮਾਰ ਲਿੰਬਾਲੇ ਤੇ ਲਕਸ਼ਮਣ ਗਾਇਕਵਾੜ (ਦੋਵੇਂ ਮਰਾਠੀ) ਦਲਿਤ ਨੇ। ਦਿੱਲੀ ਆਉਂਦੇ ਨੇ ਤਾਂ ਮਿਲਦੇ ਆ। ਸਾਡੀ ਕੋਸ਼ਿਸ਼ ਆ ਕਿ ਮਿਲ ਕੇ ਭਾਰਤ ਭਰ ਵਿੱਚ ਅਨੁਵਾਦ ਰਾਹੀਂ ਦਲਿਤ ਸਾਹਿਤ ਦੀ ਲਹਿਰ ਨੂੰ ਹੋਰ ਪੱਕਾ ਕਰੀਏ। ਇਸ ਦਾ ਬੀੜਾ ਸਮਰਥਾ ਮੂਜਬ ਮੈਂ ਵੀ ਚੁੱਕਿਆ ਹੋਇਆ।"

ਬਲਬੀਰ ਦਾ ਜਨਮ ਦਲਿਤ ਪਰਿਵਾਰ 'ਚ ਹੋਇਆ। ਘਰ 'ਚ ਅੰਤਾਂ ਦੀ ਗਰੀਬੀ ਸੀ।



ਉਸ ਦਾ ਭਾਈਆ ਠਾਕਰ ਦਾਸ ਪਰਨੇ ਦੇ ਲੜ ਕੌਲੀ ਤੇ ਗਿਲਾਸ ਬੰਨ ਕੇ ਜੱਟਾਂ ਦੇ ਦਿਹਾੜੀਆਂ ਕਰਨ ਜਾਂਦਾ। ਜਿਨ੍ਹਾਂ ਦੇ ਘਰ ਉਹ ਕੰਮ ਕਰਦੇ, ਬਲਬੀਰ ਉਨ੍ਹਾਂ ਦੇ ਘਰੋਂ ਰਾਤ ਦੀ ਰੋਟੀ ਲੈਣ ਜਾਂਦਾ। ਉਹ ਦੱਸਦਾ, "ਅਸੀਂ ਉਨ੍ਹਾਂ ਦੇ ਘਰ ਦੇ ਵਿਹੜੇ ਵਿੱਚ ਆਪਣੀਆਂ ਬਾਟੀਆਂ-ਛੰਨੇ ਰੱਖ ਕੇ ਭੁੰਜੇ ਬਹਿ ਜਾਂਦੇ। ਜੱਟੀਆਂ ਉਤੋਂ ਹੀ ਰੋਟੀਆਂ ਇਉਂ ਸੁੱਟਦੀਆਂ ਕਿ ਅਸੀਂ ਦੋਹਾਂ ਹੱਥਾਂ ਦੀ ਬਣਾਈ 'ਪੱਤਲ' 'ਤੇ ਬੜੀ ਜੁਗਤ ਨਾਲ ਉਨ੍ਹਾਂ ਨੂੰ ਸੰਭਾਲ ਲੈਂਦੇ। ਦਾਲ-ਸਾਗ ਦੀਆਂ ਭਰੀਆਂ ਕੜਛੀਆਂ ਵੀ ਇਸੇ ਤਰ੍ਹਾਂ ਉਤੋਂ ਹੀ ਭਾਂਡਿਆਂ ਵਿੱਚ ਪਾਉਂਦੀਆਂ ਜਿਨ੍ਹਾਂ ਦੇ ਗਰਮ ਗਰਮ ਛਿੱਟੇ ਕਈ ਵਾਰ ਸਾਡੇ ਪੈਰਾਂ 'ਤੇ ਡਿੱਗ ਜਾਂਦੇ ਤੇ ਫਿਰ ਉਨ੍ਹਾਂ ਨਾਲ ਨਿੱਕੇ-ਵੱਡੇ ਛਾਲੇ ਪੈ ਜਾਂਦੇ। ਇਹ ਸਭ ਕੁਝ ਦੇਖ ਕੇ ਮੇਰਾ ਬਾਲਮਨ ਕੁਰਲਾ ਜਾਂਦਾ। ਮੈਂ ਭਾਵਕ ਹੁੰਦਾ।..... ਖੁਰਲੀ ਦੇ ਓਹਲੇ ਬੈਠ ਕੇ ਕੱਛੇ ਦੇ ਨੇਫੇ ਵਿੱਚੋਂ ਟੋਲ-ਟੋਲ ਕੇ ਜੂੰਆਂ ਮਾਰਦਾ। ਮੇਰੇ ਕੋਲ ਇੱਕੋ ਇੱਕ ਝੱਗਾ ਸੀ ਜਿਹਨੂੰ ਮੈਂ ਅੱਠਾਂ-ਦੱਸਾਂ ਦਿਨ ਬਾਅਦ ਧੋਂਦਾ। ਜੱਟਾਂ ਦੀਆਂ ਕਹੀਆਂ ਹੋਈਆਂ ਗੱਲਾਂ ਯਾਦ ਆਉਂਦੀਆਂ।—ਹਾਅ, "ਚਮਾਰ੍ਹਲੀ ਨੂੰ ਦਬਕਾ ਮਾਰ ਕੇ ਪਰੇ ਠਾਅ ਜ਼ਰਾ।" "ਏਦਾਂ ਨ੍ਹੀਂ ਮੰਨਣ ਵਾਲਾ ਇਹ ਚਮਾਰ ਬਾਧਾ-," "ਚਿੜੀ, ਚੂਹੇ, ਚਮਾਰ ਦਾ ਸਾਲਾ ਬਾਧਾ ਈ ਬਹੁਤ ਆ।" "ਸਾਨੂੰ ਕਿਹੜਾ ਜੱਟ ਨੇੜੇ ਢੁੱਕਣ ਦਿੰਦੇ ਆ- ਵਿਹੜੇ 'ਚ ਭੁੰਜੇ ਬਹਾਲਦੇ ਆ-ਕੁੱਤੇ ਜਿੰਨੀ ਕਦਰ ਨਈਂ।" "ਚਮਾਰ ਮਾਂ ਦੇ ਯਾਰ।" "ਚਮਾਰੀ, ਜਿੱਥੇ ਦੇਖੀ ਉਥੇ....।" ਉਸ ਆਪਣੇ ਬਜ਼ੁਰਗਾਂ ਤੋਂ ਇਹ ਵੀ ਸੁਣਿਆ ਹੋਇਆ ਸੀ ਕਿ ਜੇ ਕਿਸੇ ਚਮਾਰ-ਚੂਹੜੇ ਦਾ ਕੋਈ ਮੁੰਡਾ ਨਹਾ ਧੋ ਕੇ ਬੋਦਾ ਵਾਹ ਕੇ ਤੇ ਟੌਹਰ ਕੱਢ ਕੇ ਘਰੋਂ ਬਾਹਰ ਨਿਕਲਦਾ ਤਾਂ ਜੱਟਾਂ ਦੇ ਮੁੰਡੇ ਉਹਦੇ ਸਿਰ ਵਿੱਚ ਮਿੱਟੀ ਪਾ ਦਿੰਦੇ ਸਨ। ਕਿੰਨਾ ਤੰਗ ਦਿਲਾ ਮਾਹੌਲ ਸੀ। ਗੱਲ-ਗੱਲ 'ਚ ਕੰਮੀ-ਕਮੀਨ ਸ਼ਬਦ ਸੁਣਨਾ ਪੈਂਦਾ ਸੀ। ਉਨ੍ਹਾਂ ਦੇ ਵਡੇਰਿਆਂ ਦਾ ਜੱਟਾਂ ਦੇ ਸਤਿਕਾਰ 'ਚ ਮੂੰਹ ਸੁੱਕਦਾ ਸੀ, "ਧੁਆਡੀਆਂ ਸਰਦਾਰੀਆਂ ਕੈਮ ਰਹਿਣ।" ਉਹਦੀਆਂ ਸੋਚਾਂ ਬੁੱਤੀਆਂ, ਬੇਗਾਰਾਂ, ਭਿੱਟ, ਊਚ-ਨੀਚ, ਛੂਤ-ਛਾਤ ਦੇ ਵਿਚਾਰਾਂ 'ਤੇ ਫਸ ਕੇ ਰਹਿ ਜਾਂਦੀਆਂ, "ਮੇਰੇ ਦਿਲ ਵਿੱਚ ਫਿਰ ਇਹ ਖਿਆਲ ਆਉਂਦਾ ਕਿ ਬੁੱਤੀਆਂ ਬੇਗਾਰਾਂ ਨਾਲ ਮੇਰਾ ਵਾਹ ਨਾ ਪਵੇ ਜਿਵੇਂ ਕਿਵੇਂ ਪੜ੍ਹ ਜਾਵਾਂ- ਵੱਡਾ ਹੋ ਕੇ ਦਿੱਲੀ ਵਸਦੇ ਆਪਣੇ ਭੂਆ ਦੇ ਪੁੱਤਾਂ ਵਾਂਗ ਨੌਕਰੀ ਕਰਾਂ-ਦਿੱਲੀ ਰਹਾਂ ਤੇ ਨਵੀਆਂ-ਨਵੀਆਂ ਪੈਂਟਾਂ-ਕਮੀਜ਼ਾਂ ਪਾ ਕੇ ਘੁੰਮਾਂ, ਨਾ ਕਿਸੇ ਦੀ ਹਿਰਖ, ਨਾ ਕਿਸੇ ਦੀ ਝਿੜਕ ਹੋਵੇ।" ਜਾਂ "ਵੱਡਾ ਹੋ ਕੇ ਜ਼ਮੀਨ ਖਰੀਦ ਕੇ ਕੇਲੇ, ਅੰਬਾਂ ਦੇ ਬੂਟੇ ਤੇ ਗੁਲਾਬ ਦੀਆਂ ਦਾਬਾਂ ਲਾ ਲੈਣੀਆਂ ਜਿੱਦਾਂ ਪਿੰਡ ਦੇ ਕਈ ਜੱਟਾਂ ਦੇ ਖੂਹਾਂ 'ਤੇ ਆ।" ਅੱਠਵੀਂ ਤੱਕ ਪੜ੍ਹਦਿਆਂ ਉਹਨੂੰ ਖੇਡਣ ਲਈ ਕੋਈ ਖਿਡੌਣਾ ਨਹੀਂ ਮਿਲਿਆ ਸੀ। ਉਹ ਆਪਣੇ ਭਾਈਏ ਦੇ ਜੁੱਤੀਆਂ ਗੰਢਣ ਵਾਲੇ ਸੰਦਾਂ ਕਵਾਈ, ਕਲਬੂਤ, ਰੰਬੀ, ਕੁੰਡੀ, ਫਰਮੇ, ਜਮੂਰ, ਹਥੌੜੀ ਨਾਲ ਖੇਡਦਾ ਜਿਸ ਲਈ ਉਹਨੂੰ ਭਾਈਏ ਦਾ ਛਿਤਰੌਲ ਵੀ ਸਹਿਣਾ ਪੈਂਦਾ। ਪਿੰਡ 'ਚ ਬਾਵੇ ਗੌਰਜਾਂ ਦੀ ਕਥਾ ਸੁਣਾਉਂਦੇ। ਰਾਮ ਗਊਆਂ ਵਾਲੇ ਆਉਂਦੇ। ਗੁੱਗੇ ਦੀ ਕਥਾ ਸੁਣਾਉਣ ਵਾਲੇ ਗਾਉਂਦੇ। ਉਹ ਬਾਜ਼ੀਗਰਾਂ ਦੀਆਂ ਛਾਲਾਂ ਦੇਖਦਾ। ਬਿੱਕਰ ਕੇ ਚੀਨੇ ਕਬੂਤਰਾਂ ਦੀਆਂ ਬਾਜ਼ੀਆਂ, ਭਈਆਂ ਦੇ ਡੇਰੇ 'ਚ ਭਈਏ ਦੀ ਦਰਦ ਭਰੀ ਕਹਾਣੀ ਤੇ ਅੰਨੇ ਸਾਧ ਦੇ ਪ੍ਰਵਚਨ ਸੁਣਦਾ। ਗੰਢਿਆਂ, ਗੁੜ, ਰਾਬ, ਆਚਾਰ, ਲੱਸੀ ਦੇ ਖੱਟੇ ਨਾਲ ਰੋਟੀਆਂ ਖਾਂਦਾ। ਸਿਆਲਾਂ 'ਚ ਗੰਨਿਆਂ ਦੀ ਰਸ ਦੀ ਪੱਤ ਤੋਂ ਲੱਥੀ ਮੈਲ ਸਾਰਾ ਟੱਬਰ ਪੀਂਦਾ। ਇਹ ਸਭ ਕੁਝ ਖਾਂਦਿਆਂ-ਪੀਂਦਿਆਂ ਉਸ ਦਾ ਬਾਲਮਨ ਉਖੜਿਆ-ਉਖੜਿਆ ਰਹਿੰਦਾ। ਇੱਕ ਗੱਲ ਜ਼ਰੂਰ ਸੀ ਕਿ ਉਹ ਸੋਚਦਾ ਬਹੁਤ ਸੀ। ਉਸ ਦੇ ਸਾਹਮਣੇ ਲਾਲ ਬਹਾਦਰ ਸ਼ਾਸ਼ਤਰੀ ਇੱਕ ਉਦਾਹਰਣ ਬਣ ਕੇ ਖੜ ਜਾਂਦਾ। ਉਸ ਦੀ ਦਾਦੀ ਹਰੋ ਉਸ ਨੂੰ ਘਰ ਦੀ ਗਰੀਬੀ ਦਾ ਇਤਿਹਾਸ ਸੁਣਾਉਂਦੀ, "ਪਹਿਲਾਂ ਖਾਣ ਨੂੰ ਅੰਨ ਕਿਥੇ ਮਿਲਦਾ ਸੀ। ਜਿਮੀਂਦਾਰਾਂ ਦੇ ਬਾਜਰਾ ਡੁੰਗਣ ਜਾਈਦਾ ਸੀ। ਛਿੱਟੇ ਸੁਕਾਉਣੇ, ਕੁੱਟਣੇ, ਛੜਨੇ, ਪੀਹਣੇ ਫੇ ਕਿਤੇ ਜਾ ਕੇ ਰੋਟੀ ਖਾਣੀ। ਗੋਸ਼ਤ ਦੇ ਸ਼ੋਰੇ ਨਾਲ ਬੜਾ ਸੁਹਣਾ ਬੁੱਤਾ ਸਰ ਜਾਂਦਾ ਸੀ। ਸਿਆਲ ਨੂੰ ਬਥੇਰੇ ਪਸ਼ੂ ਮਰਦੇ ਸੀ। ਗੋਸ਼ਤ ਸੁਕਾ ਕੇ ਰੱਖ ਲਈਦਾ

ਸੀ। ਹੱਡ ਸੁਕਾ ਕੇ ਔਹ ਕੋਠੀ 'ਤੇ ਜਾਂ ਫੇ ਛੱਤ ਦੀਆਂ ਕੜੀਆਂ ਨਾਲ ਟੰਗ ਦਈਦੇ ਸੀ।" ਉਸ ਦਾ ਭਾਈਆ ਉਹਨੂੰ ਆਪਣੀ ਬਰਾਦਰੀ ਬਾਰੇ ਦੱਸਦਾ, "ਉਨ੍ਹੀਂ ਦਿਨੀਂ ਕੰਮੀਆਂ ਨੂੰ ਖੇਤੀ ਲਈ ਤਾਂ ਕੀ ਕੋਠਾ ਪਾਉਣ ਨੂੰ ਵੀ ਥਾਂ ਖਰੀਦਣ ਦਾ ਹੱਕ ਨ੍ਹੀਂ ਸੀ। ਜੱਟ ਸਾਡੇ ਘਰਾਂ ਦੇ ਉਟਿਆਂ ਵਰਗੇ ਵਗਲਿਆਂ ਉਤੋਂ ਦੀ ਸਾਡੀਆਂ ਮਲੂਕ ਜਿਹੀਆਂ ਧੀਆਂ-ਭੈਣਾਂ ਨੂੰ ਤਾੜਦੇ...।"

ਬਲਬੀਰ ਨੂੰ ਜਾਨਣ ਦੀ ਜਿਗਿਆਸਾ ਸੀ। ਉਸਨੂੰ ਉਸ ਨਾਲ ਹੋਇਆ ਬੀਤਿਆ ਨਹੀਂ ਭੁੱਲਦਾ ਸੀ। ਉਸਨੂੰ ਜੱਟਾਂ ਨਾਲ ਕੌੜ ਸੀ। ਇਸ ਦਾ ਵੱਡਾ ਕਾਰਨ ਸੀ ਕਿ ਉਹ ਆਰਥਿਕ ਪੱਖੋਂ ਉਨ੍ਹਾਂ ਦੀ ਬਰਾਦਰੀ ਨਾਲੋਂ ਉੱਚੇ ਸਨ ਤੇ ਉਨ੍ਹਾਂ ਦੀ ਕੁੱਤੇ ਜਿੰਨੀ ਕਦਰ ਨਹੀਂ ਕਰਦੇ ਸਨ। ਇਵੇਂ ਜਿਵੇਂ ਉਹ ਕਿਸੇ ਹੋਰ ਹੀ ਤੀਜੀ ਦੁਨੀਆਂ ਦੇ ਵਾਸੀ ਹੋਣ। ਇੱਕ ਵਾਰੀ ਜਦੋਂ ਉਹ ਤੀਜੀ ਕਲਾਸ 'ਚ ਪੜ੍ਹਦਾ ਸੀ ਤਾਂ ਪਿੰਡ ਦੀ ਜੱਟੀ ਤਾਰੋ ਨੇ ਉਸ ਦੀ ਮਾਂ ਨੂੰ ਮਲਵੀਂ ਜੀਭੇ ਕਿਹਾ ਸੀ, "ਬਲਬੀਰੇ ਨੂੰ ਛੁੱਟੀ ਕਰਾ ਕੇ ਸਾਡੇ ਖੂਹ ਹੱਕਣ ਘੱਲਦੇ-ਮੇਰਾ ਅਵਤਾਰ ਸਕੂਲ ਚਲੇ ਜਾਊਗਾ।" ਉਹਨੇ ਜਾਣ ਲਿਆ ਸੀ ਕਿ ਘਰ ਦੀ ਹਾਲਤ ਸੁਧਾਰਣ ਤੇ ਉੱਚਾ ਉੱਠਣ ਲਈ ਵਿੱਦਿਆ ਹੀ ਇਕੋ ਇੱਕ ਆਖਿਰੀ ਹਥਿਆਰ ਹੈ। ਉਹਨੂੰ ਜੱਟਾਂ ਦੀਆਂ ਗੱਲਾਂ ਸੁਣਨੀਆਂ ਪਈਆਂ ਸਨ, "ਸਾਰਾ ਚਮਾਰ ਵਾਧਾ ਪੜ੍ਹਨ ਡਹਿ ਪਿਆ-ਦਿਨ-ਬ-ਦਿਨ ਇਨ੍ਹਾਂ ਦਾ ਡਮਾਕ ਖਰਾਬ ਹੋਈ ਜਾਂਦਾ। ਜੇ ਇਨ੍ਹਾਂ ਨੂੰ ਨੌਕਰੀਆਂ ਮਿਲ ਗਈਆਂ ਤਾਂ ਸਾਡੇ ਖੇਤਾਂ 'ਚ ਕੰਮ ਕੌਣ ਕਰੂਗਾ।" ਉਹਨੇ ਤੰਗੀਆਂ-ਤੁਰਸ਼ੀਆਂ 'ਚ ਪੜ੍ਹਨਾ ਜਾਰੀ ਰੱਖਿਆ। ਆਪਣੇ ਖਰਚੇ ਲਈ ਛੁੱਟੀ ਵਾਲੇ ਦਿਨ ਦਿਹਾੜੀ ਕੀਤੀ। ਉਹਨੇ ਗੌਰਮੈਂਟ ਕਾਲਜ ਟਾਂਡਾ ਤੋਂ ਬੀ. ਏ. ਕੀਤੀ। ਫੇਰ ਇੱਕ ਸਾਲ ਉਹ ਖਾਲਸਾ ਕਾਲਜ ਜਲੰਧਰ 'ਚ ਐਮ.ਏ. ਪਾਰਟ ਫਸਟ ਦਾ ਵਿਦਿਆਰਥੀ ਰਿਹਾ। ਐਫ. ਸੀ. ਆਈ. 'ਚ ਜਾ ਲੱਗਾ। ਉਥੋਂ ਦਾ ਕੁਰਪਟ ਮਾਹੌਲ ਉਸ ਨੂੰ ਰਾਸ ਨਹੀਂ ਆਇਆ। ਉਸ ਦੇ ਡਰੂ ਮਨ ਕੋਲੋਂ ਕੁਰੱਪਟ ਹੋਇਆ ਹੀ ਨਹੀਂ ਗਿਆ। ਫੇਰ ਉਸ ਦੀ ਜੂਨ 1983, 'ਚ ਪੀ. ਆਈ. ਬੀ. ਜਲੰਧਰ 'ਚ ਨਿਯੁਕਤੀ ਹੋ ਗਈ। ਉਹ ਉਨ੍ਹੀਵੇਂ ਸਾਲ 'ਚ ਹੀ ਭਾਰਤੀ ਕਮਿਊਨਿਸਟ ਪਾਰਟੀ ਦਾ ਕਾਰਕੁਨ ਬਣ ਗਿਆ ਸੀ। ਜਲੰਧਰ ਆ ਕੇ ਉਸ ਕੋਲ ਖੁੱਲ੍ਹਾ ਸਮਾਂ ਸੀ। ਉਸ ਦੇ ਦਫਤਰ ਦੇ ਸਾਹਮਣੇ ਹੀ ਪਾਰਟੀ ਦਾ ਦਫਤਰ ਸੀ। ਉਸ ਇਨ੍ਹਾਂ ਸਾਲਾਂ 'ਚ ਬਹੁਤ ਕੁੱਝ ਨਵਾਂ ਪੜ੍ਹਿਆ। ਜਾਣਿਆ। ਪਾਰਟੀ 'ਚ ਜਾਤ-ਪਾਤ ਭਾਰੂ ਸੀ। ਇੱਥੇ ਜੱਟਾਂ ਦਾ ਧੜਾ ਭਾਰੂ ਸੀ। ਉਸ ਦੀ ਜੱਟਾਂ ਪ੍ਰਤੀ ਨਫਰਤ 'ਚ ਹੋਰ ਵਾਧਾ ਹੋ ਗਿਆ। ਜੱਟਾਂ ਦੀ ਹੈਂਕੜਬਾਜੀ ਉਸ ਨੂੰ ਬੇਚੈਨ ਕਰਦੀ। ਉਹ ਹਰੇਕ ਗੱਲ ਨੂੰ ਤਰਕ ਦੇ ਨਜ਼ਰੀਏ ਨਾਲ ਸੋਚਦਾ ਸੀ ਤੇ ਉਸ ਇਥੋਂ ਤੱਕ ਨਤੀਜਾ ਕੱਢ ਲਿਆ ਸੀ ਕਿ ਭਾਰਤੀ ਸਮਾਜ 'ਚੋਂ ਜਾਤ-ਪਾਤ ਅਗਲੀ ਸਦੀ ਤੱਕ ਵੀ ਨਹੀਂ ਜਾਣੀ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਬਹੁਜਨ ਸਮਾਜ ਪਾਰਟੀ ਹੋਂਦ 'ਚ ਨਹੀਂ ਆਈ ਸੀ। ਸਾਹਿਤ 'ਚ 'ਦਲਿਤ' ਸ਼ਬਦ ਪ੍ਰਚਲਿਤ ਨਹੀਂ ਹੋਇਆ ਸੀ। ਉਹ ਚਮਾਰ ਸੀ। ਦਲਿਤ ਨਹੀਂ। ਉਹਦੀਆਂ ਨਜ਼ਮਾਂ 'ਚ ਮਾਰਕਸਵਾਦੀ ਸੋਚ ਭਾਰੂ ਸੀ। ਉਹਨੂੰ ਸਮਾਜ 'ਚ ਕਾਣੀ-ਵੰਡ ਦਿੱਸਦੀ ਸੀ। ਉਹ ਆਪਣੀ ਜਾਤ ਨਾਲ ਨਹੀਂ ਬੱਝਾ ਸੀ। ਉਹਦੇ ਦੋਸਤਾਂ ਦੇ ਘੇਰੇ 'ਚ ਸਾਰੀਆਂ ਜਾਤਾਂ ਦੇ ਲੋਕ ਸਨ। ਉਹ ਬਲਬੀਰ ਚੰਦ ਸੀ। ਬਾਅਦ 'ਚ ਉਹਨੂੰ ਚੰਦ ਸ਼ਬਦ ਔਖਾ ਕਰਨ ਲੱਗਾ ਤਾਂ ਉਸ ਆਪਣੇ ਨਾਂ ਪਿੱਛੇ ਪਿੰਡ ਦਾ ਨਾਂ ਲਾ ਲਿਆ। ਉਹ ਆਪਣਾ ਨਾਂ ਬਲਬੀਰ ਮਾਧੋਪੁਰੀ ਲਿਖਣ ਲੱਗਾ।

ਉਹ 1987 'ਚ ਦਿੱਲੀ ਆ ਗਿਆ। ਇਥੋਂ ਦੀ ਤੇਜ਼ ਤਰਾਰ ਜ਼ਿੰਦਗੀ। ਕੁਝ ਸਮਾਂ ਉਹ ਆਪਣੇ ਭਰਾ ਕੋਲ ਰਿਹਾ। ਜਨਵਰੀ 1988 'ਚ ਹਰਜਿੰਦਰ ਕੌਰ ਨਾਲ ਵਿਆਹ ਕਰਵਾ ਲਿਆ। ਭਰਾ ਸ਼ਰੀਕ ਬਣ ਗਿਆ। ਉਹ ਕੁਆਰਾ ਸੀ ਤਾਂ ਹੋਰ ਗੱਲ ਸੀ। ਵਿਆਹ ਤੋਂ ਬਾਅਦ ਭਰਾ ਨਾਲ ਪਹਿਲਾਂ ਵਾਲੇ ਸੰਬੰਧ ਨਾ ਰਹੇ। ਉਹਨੂੰ ਅੱਡ ਮਕਾਨ ਕਿਰਾਏ 'ਤੇ ਲੈਣਾ ਪਿਆ। ਫੇਰ ਉਸ ਇੱਕ ਤੋਂ ਬਾਅਦ ਇੱਕ ਮਕਾਨ ਬਦਲੇ। ਇਨ੍ਹਾਂ ਸਾਲਾਂ 'ਚ ਉਹ ਤਿੰਨ ਬੱਚਿਆਂ ਦਾ ਬਾਪ ਬਣ ਗਿਆ। ਦਿੱਲੀ



'ਚ ਉਸ ਕੋਲ ਸਿਰਫ ਇਕੋ ਕਮਰੇ ਵਾਲਾ ਮਕਾਨ ਸੀ। ਇੱਕ ਵਾਰ ਮੈਂ ਦਿੱਲੀ ਗਿਆ। ਮੈਂ ਦਿੱਲੀ ਜਾਵਾਂ ਤਾਂ ਪਹਿਲੀ ਮੰਜ਼ਿਲ/ਵਿਸ਼ਰਾਮ-ਸਥਲ ਉਸ ਦਾ ਘਰ ਹੀ ਹੁੰਦਾ ਹੈ। ਰਾਤ ਦੀ ਉਸ ਨਾਲ ਰੋਟੀ ਖਾਧੀ। ਉਸ ਮੈਨੂੰ ਰੁਕਣ ਲਈ ਨਾ ਕਿਹਾ। ਮੇਰੇ ਨਾਲ ਦੇਸਰਾਜ ਕਾਲੀ ਵੀ ਸੀ। ਕਮਰੇ 'ਚੋਂ ਬਾਹਰ ਨਿਕਲਦਿਆਂ ਹੀ ਉਸ ਆਪਣੀ ਬੀਵੀ ਨੂੰ ਕਿਹਾ, " ਹਰਜਿੰਦਰ-ਦੇਖ ਜਾਂਦੇ ਹੋਏ ਪ੍ਰਾਹੁਣਿਆਂ ਦੀ ਪਿੱਠ ਕਿੰਨੀ ਚੰਗੀ ਲੱਗਦੀ ਆ।" ਇਹ ਉਸ ਦੀ ਮਜਬੂਰੀ ਸੀ। ਮੈਂ ਜਾਣਦਾ ਸੀ। ਇਨ੍ਹਾਂ ਦਿਨਾਂ 'ਚ ਉਸ ਦੇ ਖਰਚੇ ਵੱਧ ਗਏ ਸਨ। ਇਕੱਲਾ ਕਮਾਉਣ ਵਾਲਾ ਸੀ। ਉਹਨੇ ਅੰਗਰੇਜ਼ੀ, ਹਿੰਦੀ ਤੋਂ ਅਨੁਵਾਦ ਕਰਨਾ ਸ਼ੁਰੂ ਕਰ ਦਿੱਤਾ। ਉਹ ਇਸ ਕੰਮ 'ਚ ਇੰਨਾ ਖੁੱਭ ਗਿਆ ਕਿ ਉਸ ਕੋਲ ਅਖ਼ਬਾਰ ਪੜ੍ਹਣ ਦਾ ਸਮਾਂ ਵੀ ਨਹੀਂ ਰਿਹਾ। ਮਿੱਤਰਾਂ ਨੂੰ ਮਿਲਣ, ਫੋਨ ਕਰਨ, ਖਤ ਲਿਖਣ ਦੀ ਵਿਹਲ ਵੀ ਨਾ ਰਹੀ। ਕੰਮ ਤੇ ਬੱਸ ਕੰਮ। ਉਸਨੂੰ ਪਤਾ ਸੀ ਕਿ ਉਸ ਅੰਦਰ ਬੈਠੇ ਕਵੀ ਦੀ ਮੌਤ ਹੋ ਰਹੀ ਹੈ। ਉਹ ਅੰਦਰੋਂ ਮਰ ਰਿਹਾ ਹੈ। ਪਰ ਮਜ਼ਬੂਰੀਆਂ ਤੇ ਪਰਿਵਾਰਕ ਜ਼ੁੰਮੇਵਾਰੀਆਂ ਬੰਦੇ ਨੂੰ ਆਪਣੇ ਆਪ ਦੀ ਹੋਸ਼ ਭੁਲਾ ਦਿੰਦੀਆਂ ਹਨ।

ਦਿੱਲੀ ਆ ਕੇ ਉਸ ਦਾ ਪਹਿਲਾਂ ਦਫਤਰੀ ਵਾਸਤਾ ਭਾਪਾ ਪ੍ਰੀਤਮ ਸਿੰਘ ਨਾਲ ਪਿਆ। ਉਦੋਂ ਯੋਜਨਾ (ਪੰਜਾਬੀ) ਨਵਯੁਗ ਪ੍ਰੈੱਸ, ਚਾਂਦਨੀ ਚੌਂਕ ਤੋਂ ਛਪਦਾ ਸੀ। ਉਥੇ ਬਹੁਤੇ ਪੰਜਾਬੀ ਲੇਖਕ ਆਉਂਦੇ। ਕਈ ਕਿਤਾਬਾਂ ਛਪਵਾਉਣ ਤੇ ਖਰੀਦਣ ਤੇ ਕਈ 'ਆਰਸੀ' ਵਿੱਚ ਆਪਣੀਆਂ ਲਿਖਤਾਂ ਛਪਾਉਣ। ਆਰਸੀ ਪਬਲਿਸ਼ਰਜ ਤੇ ਨੈਸ਼ਨਲ ਬੁਕ ਛਾਪ ਦੇ ਲੇਖਕ ਇਥੇ ਆਉਂਦੇ ਤੇ ਉਨ੍ਹਾਂ ਕੋਲ ਜਾਂਦੇ ਵੀ। ਕਮਲ ਇਕਾਰਸ਼ੀ (ਗਜ਼ਲਕਾਰ) ਨਵਯੁਗ ਵਿੱਚ ਕੰਮ ਕਰਦੀ ਸੀ-ਚਾਨਣ ਗੋਬਿੰਦਪੁਰੀ ਨੇਮ ਨਾਲ ਆਉਂਦਾ। ਪਿਆਰਾ ਸਿੰਘ ਦਾਤਾ, ਗੁਰਦੇਵ ਰੁਪਾਣਾ, ਜਸਵੰਤ ਸਿੰਘ ਕੰਵਲ, ਕੇਵਲ ਸੂਦ, ਰਾਮਸਰੂਪ ਅਣਖੀ, ਤੇਰਾ ਸਿੰਘ ਚੰਨ, ਗੁਰਬਚਨ ਭੁੱਲਰ ਆਦਿ ਨਾਲ ਉਸ ਦੀਆਂ ਪਹਿਲੀਆਂ ਮੁਲਾਕਾਤਾਂ ਇਥੇ ਹੀ ਹੋਈਆਂ ਤੇ ਬਲਵੰਤ ਗਾਰਗੀ ਨਾਲ ਭਾਪਾ ਜੀ ਦੇ ਘਰ। ਉਸਦੀ ਗੂਹੜੀ ਦੋਸਤੀ ਬਣੀ ਚਾਨਣ ਗੋਬਿੰਦਪੁਰੀ ਤੇ ਬਚਿੰਤ ਕੌਰ ਨਾਲ। ਦੋਵਾਂ ਨਾਲ ਲਗਾਤਾਰ ਮੁਲਾਕਾਤਾਂ। ਬਚਿੰਤ ਨਾਲ ਨੇੜਤਾ ਹੁੰਦੀ ਗਈ। ਵਜ੍ਹਾ-ਗੁਰਚਰਨ ਸਿੰਘ ਮੋਹੇ ਤੇ ਉਹ ਅਕਸਰ ਉਹਦੇ ਦਫਤਰ ਜਾਂਦੇ ਤੇ ਉਹਨਾਂ ਦੇ ਨਾਲ ਘੰਟਿਆਂਬੱਧੀ ਸਾਹਿਤ, ਸਾਹਿਤਕਾਰਾਂ ਤੇ ਹੋਰ ਜਭਲੀਆਂ ਮਾਰਦੇ-ਕਿਸੇ ਦੀ ਸਿਫਤ ਸ਼ਲਾਘਾ ਤੇ ਕਈਆਂ ਨੂੰ ਪੁਣਦੇ-ਨੌਲਦੇ। ਸਾਹਿਤਕ ਇਕੱਠਾਂ ਵਿੱਚ ਇਕੱਠੇ ਮੁੜਦੇ। ਬਚਿੰਤ ਉਸ ਨੂੰ ਬੜੀ ਹੀ ਚੰਗੀ ਲੱਗਦੀ। ਜਨਵਰੀ 1998, ਵਿੱਚ ਉਹਦੀ ਮੁਲਾਕਾਤ ਅਜੀਤ ਕੌਰ ਦੇ ਸੱਦੇ 'ਤੇ ਉਹਦੇ ਘਰ ਪੌਣੇ ਦੋ ਘੰਟਿਆਂ ਤੱਕ ਹੋਈ ਤਾਂ ਉਹ ਉਸ ਦੀਆਂ ਗੱਲਾਂ ਸੁਣ ਕੇ ਮਸੋਸ ਜਿਹੀ ਗਈ, ਮਨ ਪੰਘਰ ਗਿਆ ਸੀ ਕਿ ਪਿੰਡਾਂ ਵਿੱਚ ਦਲਿਤਾਂ ਨਾਲ ਅਜੇ ਵੀ ਅਨਿਆਂ ਹੋ ਰਿਹਾ ਹੈ।

1990 'ਚ ਦਲਿਤ ਲਹਿਰ ਚਲ ਪਈ ਸੀ। ਉਹ ਇਸ ਲਹਿਰ ਨਾਲ ਜੁੜ ਗਿਆ। ਉਸ ਦੇ ਦਲਿਤ ਲੇਖਕ ਮਿਤਰ ਵੱਧਣ ਲੱਗੇ। ਉਹਨੇ ਸ਼ਰਨ ਕੁਮਾਰ ਲਿੰਬਾਲੇ, ਓਮ ਪ੍ਰਕਾਸ਼ ਬਾਲਮੀਕੀ ਤੇ ਹੋਰ ਅਨੇਕਾਂ ਹੀ ਦਲਿਤ ਲੇਖਕਾਂ ਦੀਆਂ ਸਵੈ ਜੀਵਨੀਆਂ ਪੜ੍ਹੀਆਂ। ਅੰਬੇਡਕਰ ਦਾ ਸਾਰਾ ਸਾਹਿਤ ਪੜ੍ਹਿਆ। ਮਾਰਕਸਵਾਦ ਨਾਲ ਸੰਬੰਧਤ ਸਾਰਾ ਸਾਹਿਤ ਜਲੰਧਰ ਰਹਿੰਦਿਆਂ ਹੀ ਉਹ ਪੜ੍ਹ ਚੁੱਕਿਆ ਸੀ। ਉਹਨੇ ਖੁਦ ਨੂੰ ਲੈ ਕੇ 'ਛਾਂਗਿਆ ਰੁੱਖ' ਸ੍ਵੈ-ਜੀਵਨੀ ਲਿਖੀ। ਇਹਦੇ ਕੁਝ ਹਿੱਸੇ ਆਰਸੀ, ਸ਼ਬਦ, ਸਿਰਜਨਾ, ਪ੍ਰੀਤਲੜੀ 'ਚ ਕਿਤਾਬ ਛਪਣ ਤੋਂ ਪਹਿਲਾਂ ਹੀ ਛਪ ਚੁੱਕੇ ਸਨ ਇਹਨਾਂ ਨੂੰ ਪਸੰਦ ਕੀਤਾ। ਉਹ ਦਿੱਲੀ ਬੈਠਾ ਸੀ। ਉਸਨੂੰ ਪਤਾ ਸੀ ਕਿ ਚੁੱਪ ਕੀਤਿਆਂ ਬੈਠਿਆਂ ਕਿਸੇ ਨੇ ਉਸ ਦੀ ਸਾਰ ਨਹੀਂ ਪੁੱਛਣੀ। ਉਸ ਨੇ ਅਜੀਤ ਕੌਰ ਨਾਲ ਚੰਗੇ ਸੰਬੰਧ ਬਣਾ ਰੱਖੇ ਸਨ। ਉਸ ਦੇ ਦਰਬਾਰ ਦੀ ਬਰਾਬਰ ਹਾਜ਼ਰੀ ਭਰਦਾ ਸੀ। ਉਸ ਦੇ ਸਾਹਮਣੇ ਅਨੇਕਾਂ ਮਸਾਲਾਂ ਸਨ ਜਿਨ੍ਹਾਂ 'ਚ ਕਿਸੇ ਲੇਖਕ ਨੂੰ ਉਸਦੇ ਦੋਸਤ ਜਾਂ ਸੰਪਰਕਾਂ ਨੇ ਚੁੱਕਿਆ ਸੀ। ਉਸ ਕਿਤੇ ਪੜ੍ਹਿਆ ਕਿ ਵਲਾਦੀਮੀਰ ਨਿਕੋਚੋਵ ਦੇ ਨਾਵਲ 'ਲੋਲੀਤਾ' ਬਾਰੇ ਗ੍ਰੈਮ ਗ੍ਰੀਨ ਨੇ ਲਿਖਿਆ ਸੀ ਜਾਂ ਰਵਿੰਦਰ ਨਾਥ ਟੈਗੋਰ ਦੀ ਦੋਸਤੀ ਡਬਲਿਯੂ. ਵੀ. ਯੀਟਸ

ਨਾਲ ਸੀ। ਉਹਦੀ ਸ੍ਵੈ ਜੀਵਨੀ ਨੂੰ ਡਾ. ਕੇਦਾਰ ਨਾਥ ਸਿੰਘ ਨੇ ਅਕੈਡਮੀ ਆਫ ਫਾਈਨ ਆਰਟਸ ਐਂਡ ਲਿਟਰੇਚਰ ਦੀ ਮਾਸਿਕ ਇਕੱਤਰਤਾ 'ਚ ਰੀਲੀਜ਼ ਕੀਤਾ। ਅਜੀਤ ਕੌਰ ਨੇ ਜਾਣ-ਪਛਾਣ ਕਰਾਉਂਦਿਆਂ ਕਿਹਾ, "ਲੋਕ ਅਜੀਤ ਕੌਰ ਨੂੰ ਲੱਭਦੇ ਨੇ, ਮੈਂ ਬਲਬੀਰ ਮਾਧੋਪੁਰੀ ਨੂੰ ਲੱਭਿਆ ਏ। ਦਲਿਤ ਸਾਹਿਤ ਬਾਰੇ ਮੇਰੀਆਂ ਧਾਰਨਾਵਾਂ ਅਲੱਗ ਸਨ ਜਿਵੇਂ ਨਾਰੀਵਾਦ ਬਾਰੇ ਪਰ ਬਲਬੀਰ ਦੀਆਂ ਰਚਨਾਵਾਂ ਪੜ੍ਹ ਕੇ ਮੈਨੂੰ ਮਹਿਸੂਸ ਹੋਇਆ ਕਿ ਦਲਿਤ ਸਾਹਿਤ ਦੀ ਵੱਖਰੀ ਵਿਧਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਵਿੱਚ ਜ਼ਿੰਦਗੀ ਦਾ ਯਥਾਰਥ ਏ ਤੇ ਤਲਖ ਤਜਰਬਾ ਵੀ।"

'ਛਾਂਗਿਆ ਰੁੱਖ' ਉਸ ਦੀ ਸਾਹਿਤਕ ਜ਼ਿੰਦਗੀ ਦਾ ਇੱਕ ਨਵਾਂ ਮੋੜ ਹੈ। ਇਸ ਨੂੰ ਪੜ੍ਹਿਆ ਗਿਆ। ਮਾਨਿਆ ਗਿਆ। ਵਿਚਾਰਿਆ ਗਿਆ। ਭਾਸ਼ਾ ਵਿਭਾਗ ਵੱਲੋਂ 2003 ਦੀ ਸਰਵੋਤਮ ਪੁਸਤਕ ਪੁਰਸਕਾਰ ਮਿਲਿਆ। ਬਲਬੀਰ ਸੰਤੁਸ਼ਟ ਸੀ ਪਰ ਉੱਨਾ ਨਹੀਂ ਜਿੰਨੇ ਦੀ ਉਹ ਆਸ਼ਾ ਰੱਖਦਾ ਹੈ। ਉਸ ਦੀ ਉਮੀਦ ਤੋਂ ਬਹੁਤ ਹੀ ਘੱਟ ਇਸ ਨੂੰ ਪੰਜਾਬੀ ਆਲੋਚਕਾਂ ਵਲੋਂ ਹੁੰਗਾਰਾ ਮਿਲਿਆ। ਭਾਵੇਂ ਹੁਣ ਤੱਕ ਇਸ ਦੇ ਪੰਜ ਅਡੀਸ਼ਨ ਛਪੇ ਹਨ। ਪਰ ਜਿੱਥੇ ਇਸ ਸ੍ਵੈ-ਜੀਵਨੀ ਦਾ ਮਧਮ ਸੁਰ 'ਚ ਵਿਰੋਧ ਹੋਇਆ ਉਥੇ ਹਿੰਦੀ 'ਚ ਇਸ ਨੂੰ ਭਰਪੂਰ ਹੁੰਗਾਰਾ ਮਿਲਿਆ। ਉਸ ਕੋਲ ਸੁਭਾਸ਼ ਨੀਰਵ ਵਰਗਾ ਦੋਸਤ ਹੈ। ਬਲਬੀਰ ਨੂੰ ਮੈਂ ਹੀ ਨੀਰਵ ਨਾਲ ਮਿਲਾਇਆ ਸੀ। ਨੀਰਵ ਨੇ ਇਹਨੂੰ ਅਨੁਵਾਦ ਕਰਕੇ ਵੱਖ-ਵੱਖ ਹਿੰਦੀ ਦੇ ਚੋਟੀ ਦੇ ਪਰਚਿਆਂ 'ਚ ਛਪਵਾਇਆ। ਹਿੰਦੀ 'ਚ ਇਹਨੂੰ ਵਾਣੀ ਪ੍ਰਕਾਸ਼ਨ ਨੇ ਛਾਪਿਆ ਹੈ। ਕਮਲੇਸ਼ਵਰ ਨੇ ਕਿਹਾ, "ਬਲਬੀਰ ਮਾਧੋਪੁਰੀ ਦੀ ਸ੍ਵੈ-ਜੀਵਨੀ ਦਾ ਇਹ ਬਹੁਤ ਵੱਡਾ ਸੱਚ ਹੈ ਕਿ ਉਹ ਸਮਾਜ ਵਿੱਚ ਰੰਜਸ਼, ਵੈਰ ਤੇ ਬਦਲੇ ਦਾ ਨਹੀਂ, ਨਿਆਂਪੂਰਨ ਸਮਾਜਿਕ ਮੇਲਜੋਲ ਦੀ ਭਾਵਨਾ ਨੂੰ ਉਲੀਕਦੀ ਹੈ।" ਇਹਦੇ ਕੁਝ ਟੁਕੜਿਆਂ ਨੂੰ 'ਤਹਿਲਕਾ' ਵੀਕਲੀ (ਅੰਗ੍ਰੇਜ਼ੀ) ਨੇ ਛਾਪਿਆ। ਹੁਣ ਇਹ ਔਕਸਫੋਰਡ ਯੂਨੀਵਰਸਿਟੀ ਪ੍ਰੈੱਸ ਵੱਲੋਂ ਤ੍ਰਿਪਤੀ ਜੈਨ ਨੇ, ਕੰਨੜ 'ਚ ਲਵਲੀਨ ਜੌਲੀ, ਸ਼ਾਹਮੁਖੀ 'ਚ ਮਕਸੂਦ ਸਾਕਿਬ ਨੇ ਲਾਹੌਰ ਤੋਂ ਅਨੁਵਾਦ ਕੀਤਾ ਹੈ। ਇਸ ਦੇ ਕੁੱਝ ਅੰਸ਼ ਹੋਰ ਵੀ ਭਾਸ਼ਾਵਾਂ 'ਚ ਅਨੁਵਾਦ ਹੋਏ ਹਨ।

"ਕੀ ਦਲਿਤ ਵਿਚਾਰਧਾਰਾ ਨੇ ਮਾਰਕਸੀ ਵਿਚਾਰਧਾਰਾ ਨੂੰ ਪਿਛਾਂਹ ਨਹੀਂ ਸੁੱਟਿਆ?" ਮੈਂ ਪੁੱਛਿਆ।

"ਦਰਅਸਲ, ਅੰਬੇਡਕਰਵਾਦੀ ਵਿਚਾਰਧਾਰਾ ਤੇ ਮਾਰਕਸਵਾਦੀ ਵਿਚਾਰਧਾਰਾ ਦਾ ਆਪਸ ਵਿੱਚ ਕੋਈ ਟਕਰਾਅ ਨਹੀਂ ਸਗੋਂ ਇੱਕ-ਦੂਜੇ ਦੀਆਂ ਪੂਰਕ ਨੇ। ਇੱਕ ਸਮਾਜਕ ਬਰਾਬਰੀ ਦੀ ਗੱਲ ਕਰਦੀ ਆ ਤੇ ਦੂਜੀ ਆਰਥਿਕ ਬਰਾਬਰੀ ਦੀ, ਮਤਲਬ ਪਾੜਿਆਂ ਨੂੰ ਘਟਾਉਣ ਜਾਂ ਖਤਮ ਕਰਨ ਵਾਲੀਆਂ ਨੇ। ਪਹਿਲੀ, ਏਸ਼ੀਆ ਦੇ ਮੁਲਕਾਂ ਜਾਂ ਜਿੱਥੇ ਕਿਤੇ ਵੀ ਬ੍ਰਾਹਮਣਵਾਦੀ, ਪ੍ਰੋਹਿਤਵਾਦੀ, ਵਰਣ-ਵਿਵਸਥਾ, ਜਾਤਪਾਤ ਤੇ ਛੂਤਛਾਤ ਦਾ ਬੋਲਬਾਲਾ ਆ ਉਥੇ ਸਮਾਜਕ ਸਮਤਾ ਲਈ ਅੰਬੇਡਕਰੀ ਵਿਚਾਰਧਾਰਾ ਕਾਰਗਾਰ ਸਾਬਤ ਹੋ ਰਹੀ ਆ। ਇਹ ਮਨੁੱਖਤਾ ਦੀ ਗੱਲ ਕਰਦੀ ਆ ਜਦ ਕਿ ਬ੍ਰਾਹਮਣਵਾਦੀ ਸੰਕਰੀਣ ਸੋਚ ਤੇ ਹਿੰਦੂ ਧਰਮ ਹਿੰਦੂ ਸਮਾਜ ਦੀ ਰੂੜ੍ਹੀਵਾਦੀ ਵਿਚਾਰਧਾਰਾ ਨੂੰ ਕਾਇਮ ਰੱਖਣ ਲਈ ਟਿੱਲ ਲਾ ਰਹੀ ਆ। ਇਸੇ ਦੀ ਉਪਜ ਐ, 'ਗਰਭ ਸੇ ਕਹੋ ਹਮ ਹਿੰਦੂ ਹੈਂ।' ਇਸ ਦੇ ਸਮਰਥਕਾਂ ਲਈ ਦੇਸ਼ ਤੇ ਸਮੂਹ ਸਮਾਜ ਚਿੰਤਾ ਦਾ ਵਿਸ਼ਾ ਨਹੀਂ। ਹੁਣ ਦਲਿਤਾਂ ਲਈ ਸਮਾਜਕ ਸਨਮਾਨ ਪਹਿਲੇ ਸਥਾਨ 'ਤੇ ਐ ਅਤੇ ਆਰਥਿਕ ਬਰਾਬਰੀ ਦੂਜੇ ਸਥਾਨ 'ਤੇ। ਸਮਾਜਕ ਸਮਤਾ ਦੇ ਯਥਾਰਥਵਾਦੀ ਦ੍ਰਿਸ਼ਟੀਕੋਣ ਨੂੰ ਕਿਸੇ ਵੀ ਤਰ੍ਹਾਂ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਜਦ ਤੱਕ ਭਾਰਤੀ ਕਮਿਊਨਿਸਟ ਸਹੀ ਅਰਥਾਂ 'ਚ ਦਲਿਤ ਤੇ ਸਰਵਹਾਰਾ ਨੂੰ ਆਪਣਾ ਆਧਾਰ ਨਹੀਂ ਬਣਾਉਂਦੇ-ਕਾਮਯਾਬ ਨਹੀਂ ਹੋ ਸਕਦੇ। ਮੈਨੂੰ ਇਨ੍ਹਾਂ ਦੋਵਾਂ ਵਿਚਾਰਧਾਰਾਵਾਂ ਨੇ ਨਵਕੇਲੀ ਸੇਧ ਦਿੱਤੀ ਤੇ ਮੈਂ ਇਨ੍ਹਾਂ ਨੂੰ ਆਪਣੀਆਂ ਕਵਿਤਾਵਾਂ ਤੇ ਸਵੈਜੀਵਨੀ ਵਿੱਚ ਚੇਤਨ ਰੂਪ ਢਾਲਣ ਦੀ ਕੋਸ਼ਿਸ਼ ਕੀਤੀ ਆ। ਮੈਂ



ਸਮਝਦਾਂ ਕਿ ਪਰੰਪਕ ਮਾਰਕਸਵਾਦੀਆਂ ਨੇ ਭਾਰਤ ਵਿੱਚ ਇਸ ਵਿਚਾਰਧਾਰਾ ਦਾ ਬੇੜਾ ਗਰਕ ਕੀਤਾ ਆ। ਜਦ ਕਿ ਦਲਿਤ ਸਾਹਿਤਕਾਰਾਂ ਨੇ ਅੰਬੇਡਕਰਵਾਦੀ ਵਿਚਾਰਧਾਰਾ ਦੇ ਨਾਲ-ਨਾਲ ਇਸ ਨੂੰ ਸਮੂਹ ਸਮਾਜ ਲਈ ਪ੍ਰਫੁੱਲਤ ਕੀਤਾ ਆ ਤੇ ਇਹ ਯਤਨ ਜਾਰੀ ਆ। ਮੇਰਾ ਦ੍ਰਿਸ਼ਟੀਕੋਣ ਹੋਰ ਵਿਸ਼ਾਲ ਹੋਇਆ ਤੇ ਮੈਂ ਨਹੀਂ ਸਮਝਦਾ ਕਿ ਅੰਬਡਕਰਵਾਦੀ ਵਿਚਾਰਧਾਰਾ ਨੇ ਮੇਰੇ ਅੰਦਰ ਮਾਰਕਸੀ ਵਿਚਾਰਧਾਰਾ ਨੂੰ ਏਨਾ ਡੂੰਘਾ ਸੁੱਟ ਦਿੱਤਾ ਆ ਕਿ ਮੈਨੂੰ ਪਛਾਣਨਾ ਮੁਸ਼ਕਿਲ ਹੋਵੇ। ਪਰੰਪਰਕ ਮਾਰਕਸਾਵਾਦੀਆਂ ਨੂੰ ਮੇਰੀ ਸਲਾਹ ਆ ਕਿ ਉਹ ਨਿੱਜੀ ਲਾਭਾਂ, ਸੰਕਰੀਣਤਾ, ਜਾਤੀਵਾਦ ਤੋਂ ਉੱਠ ਕੇ ਅੰਬੇਡਕਰਵਾਦੀ ਵਿਚਾਰਧਾਰਾ ਨੂੰ ਸੋਚਣ-ਸਮਝਣ, ਅਧਿਐਨ ਕਰਨ ਤਾਂ ਉਨ੍ਹਾਂ ਨੂੰ ਨਵੀਂ ਸੇਧ ਮਿਲੇਗੀ। ਦੰਭੀ-ਪਾਖੰਡੀ ਚਾਲਾਂ 'ਚੋਂ ਨਿਕਲ ਸਕਣਗੇ।"

ਬਲਬੀਰ ਨੂੰ ਮਹਿਫਲਾਂ 'ਚ ਲਤੀਫੇ ਸੁਣਨ-ਸੁਣਾਉਣ ਦਾ ਸ਼ੌਕ ਹੈ। ਉਹਦੇ ਮਖੌਲ, ਟਿੱਚਰਾਂ, ਮਸ਼ਕੂਲੇ ਤੇ ਵਿਅੰਗ ਸਾਹਿਤਕ ਤੇ ਸਭਿਅਕ ਸੁਭਾਅ ਵਾਲੇ ਹੁੰਦੇ ਹਨ। ਕਈ ਵਾਰ ਨਾਨ-ਵੈਜ ਵੀ ਹੁੰਦੇ ਹਨ ਪਰ ਬਹੁਤ ਬਰੀਕੀ ਵਾਲੇ ਲੇਖਕਾਂ/ਲੇਖਿਕਾਵਾਂ, ਸਰਕਾਰੀ ਮੁਲਾਜ਼ਮਾਂ ਤੇ ਆਮ ਔਰਤਾਂ ਬਾਰੇ ਵੀ ਹੁੰਦੇ ਹਨ। ਕਈ ਵਾਰ ਉਹ ਖੁਦ ਹੀ ਲਤੀਫਾ ਬਣ ਜਾਂਦਾ ਹੈ। ਜਦੋਂ ਉਹ 1996 ਵਿੱਚ 'ਐਡਵਿਨਾ ਤੇ ਨਹਿਰੂ' ਅਨੁਵਾਦ ਕਰ ਰਿਹਾ ਸੀ ਛੁੱਟੀਆਂ ਕਰਕੇ ਤਾਂ ਉਹਨੇ ਘਰ ਵਾਲੀ ਨੂੰ ਕਿਹਾ, "ਮੈਂ ਅੱਕ-ਥੱਕ ਗਿਆਂ-ਅੱਜ ਸਬਜ਼ੀ-ਭਾਜੀ ਮੰਡੀਓਂ ਮੈਂ ਲੈ ਆਵਾਂਗਾ ਤੇ ਦੁਪਹਿਰ ਨੂੰ ਸਕੂਲੋਂ ਬੱਚੇ ਵੀ।" ਉਸਨੇ ਸਾਈਕਲ 'ਤੇ ਲੱਤ ਦਿੱਤੀ। ਸਵੇਰੇ-ਸਵੇਰੇ ਕੁੜਤਾ ਪਜ਼ਾਮਾ ਪਾ ਕੇ ਮੰਡੀ ਗਿਆ।

ਬਲਬੀਰ : ਆਲੂ, ਗੋਭੀ, ਤੋਰੀ ਕਿਸ ਭਾਅ? (ਰੇਟ ਪੁੱਛਣ ਬਾਦ) ਏਕ-ਏਕ ਕਿਲੋ ਦੇ ਦੋ।

ਦੁਕਾਨਦਾਰ: ਬਾਬੂ ਜੀ ਏਕ-ਏਕ ਧੜੀ ਲੇ ਲੋ, ਸ਼ਾਮ ਤੱਕ ਸਭ ਨਿਕਲ ਜਾਏਗੀ। (ਉਸ ਨੂੰ ਰੇੜ੍ਹੀ ਲਾਉਣ ਵਾਲਾ ਸਮਝਿਆ)।

ਦੁਪਹਿਰ ਨੂੰ ਉਨ੍ਹਾਂ ਕੱਪੜਿਆਂ 'ਚ ਸਕੂਲ ਗਿਆ ਤੇ ਗੇਟ-ਬੈੱਲ ਮਾਰੀ। ਆਯਾ ਆਈ।

ਬਲਬੀਰ: ਬੱਚੇ.....!

ਆਯਾ: ਅਭੀ ਛੁੱਟੀ ਕਾ ਟੈਮ ਨਹੀਂ ਹੂਆ। (ਕਹਿ ਕੇ ਘੜੱਚ ਦੇਣੀ ਗੇਟ ਬੰਦ ਕਰ ਲਿਆ। ਇੰਨੇ ਨੂੰ ਇੱਕ ਟੌਹਰੀ ਜਿਹਾ ਮੁੰਡਾ ਜਿਸ ਨੇ ਜੀਨ ਦੀ ਹਾਫ-ਪੈਂਟ ਤੇ ਰੰਗਦਾਰ ਬਨੈਣ ਪਾਈ ਹੋਈ ਸੀ-ਫੁਰਤੀ ਨਾਲ ਬੈੱਲ ਮਾਰੀ। ਆਯਾ ਫਿਰ ਨਿਕਲੀ।)

ਆਯਾ: ਹਾਂ, ਬਤਾਓ!

ਟੌਹਰੀ ਮੁੰਡਾ: ਅਨੂੰ ਕੋ ਲਾਨਾ....।

ਆਯਾ: ਆਪ ਅੰਨੂ ਕੇ ਕਿਆ ਲਗਤੇ ਹੋ?

ਟੌਹਰੀ ਮੁੰਡਾ: (ਬੋਲਿਆ ਨਾ ਸਗੋਂ ਹੱਥ ਨਾਲ ਰਿਕਸ਼ੇ ਵੱਲ ਇਸ਼ਾਰਾ ਕੀਤਾ)

ਆਯਾ: ਅਗਰ ਤੂ ਰਿਕਸ਼ੇਵਾਲਾ ਹੈ ਤੋ ਫਿਰ ਯੇਹ (ਬਲਬੀਰ) ਕੌਨ ਹੈ?

ਬਲਬੀਰ ਨੇ ਵੇਰਵੇ ਨਾਲ ਸਾਰੀ ਗੱਲ ਆਪਣੀ ਪਤਨੀ ਨੂੰ ਦੱਸੀ ਤੇ ਸਲਾਹ ਦਿੱਤੀ ਕਿ ਪ੍ਰਿੰਸੀਪਲ ਨੂੰ ਉਹ ਜਾਣਦੀ ਹੈਂ ਤੇ ਗੱਲ ਕਰੀਂ ਕਿ ਆਯਾ ਨੂੰ ਸਮਝਾਵੇ।

ਪਤਨੀ: ਮੈਂ ਤੁਹਾਡੇ ਥਾਂ ਕਿਹਦੇ ਕਿਹਦੇ ਨਾਲ ਲੜਦੀ ਫਿਰਾਂ!

ਬਲਬੀਰ ਤਕਰੀਬਨ ਛੇ ਫੁੱਟਾ ਤੇ ਪੱਕੇ ਰੰਗ ਦਾ ਹੈ। ਪਰ ਬਚਿੰਤ ਕੌਰ ਨੇ ਉਸ ਨੂੰ 'ਲਾਖਾ ਗੱਭਰੂ ਸਾਹਿਤਕਾਰ' ਲਿਖਿਆ ਤੇ ਮਿਲ ਕੇ ਠਹਾਕਾ ਮਾਰ ਕੇ ਕਹਿੰਦੀ ਹੈ, 'ਬਲਬੀਰ ਤੇਰੇ ਮੁਸ਼ਕੀ ਰੰਗ ਤੇ ਮਾਰਦੀ ਦੁਨੀਆਂ।'

ਜਦੋਂ ਸਾਹਿਤਕ ਮਹਿਫ਼ਿਲਾਂ 'ਚ ਲੇਖਕਾਵਾਂ ਉਸ ਨੂੰ ਕਲਾਵੇ ਵਿੱਚ ਲੈਂਦੀਆਂ ਹਨ ਤਾਂ ਉਸ ਦਾ ਸਰੀਰ ਝੂਠਾ ਜਿਹਾ ਪੈ ਜਾਂਦਾ ਹੈ। ਸ਼ਾਇਦ ਏਸੇ ਕਰਕੇ ਹੁਣ ਕਈਆਂ ਨੇ ਉਸ ਨੂੰ ਆਪਣਾ ਪੁੱਤ ਜਾਂ ਭਰਾ ਬਣਾ ਲਿਆ ਹੈ। ਇਨ੍ਹਾਂ ਰਾਜ਼ ਦੀਆਂ ਗੱਲਾਂ ਪਿੱਛੇ ਉਸ ਦੀ ਸੁਹਿਦਰਤਾ ਝਲਕਦੀ ਦਿੱਸਦੀ

ਹੈ ਤੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਡਰਾਕਲ ਸੁਭਾਅ।

ਫਿਰ ਵੀ ਇਕ ਦਿਨ ਮੈਂ ਹੁੱਜਤ ਨਾਲ ਲੋਰ 'ਚ ਆਏ ਬਲਬੀਰ ਨੂੰ ਕਿਹਾ, "ਤੇਰਾ ਵਿਆਹ ਚੰਗੀ ਚੜ੍ਹਵੀਂ ਉਮਰੇ ਹੋਇਆ–ਕਿਤੇ ਇਸਕ–ਮੁਸ਼ਕ ਦੀ ਗੱਲ ਤਾਂ ਹੋਈ ਹੋਵੇਗੀ।"

"ਰੇਗਿਸਤਾਨ 'ਚ ਹਰਿਆਲੀ ਨਹੀਂ ਉਗਦੀ। ਵਗਦੇ ਪਾਣੀਆਂ ਦਾ ਛਲਾਵਾਂ ਜ਼ਰੂਰ ਹੁੰਦਾ। ਕਿਉਂ ਬਖਾਦ ਖੜ੍ਹਾ ਕਰ ਰਿਹਾਂ ਸਾਡੇ....ਇਹ ਯਬਲੀਆਂ ਕਿਤੇ ਫੇਰ ਮਾਰ ਲਵਾਂਗੇ।"

"ਅੱਛਾ, ਇਕ ਗੱਲ ਹੋਰ, ਤੂੰ ਆਪਣੀ ਘਰਵਾਲੀ ਨੂੰ ਹਰਜਿੰਦਰ ਜੀ, ਹਰਜਿੰਦਰ ਜੀ ਹਮੇਸ਼ਾ ਕਹਿੰਦਾ ਏਂ ਤੇ....।"

"ਰੰਨ ਭਗਤ ਦਾ ਖ਼ਿਤਾਬ ਘਰੋਂ–ਬਾਹਰੋਂ ਐਵੇਂ ਥੋੜ੍ਹੋਂ ਮਿਲਦਾ।" ਉਸ ਨੇ ਮੁਸਕਰਾ ਕੇ ਕਿਹਾ, "ਹੁਣ ਢੱਲਦੀ ਉਮਰੇ ਭਗਤੀ ਭਾਵਨਾ ਨੇ ਹੀ ਔਖੇ ਵੇਲੇ ਸਹਾਈ ਹੋਣਾ।"

ਮੈਂ ਉਸ ਨੂੰ ਇਹ ਵੀ ਪੁੱਛਣਾ ਚਾਹੁੰਦਾ ਸੀ ਕਿ ਸਾਡੀ ਭਾਬੀ ਤਾਂ ਗੋਰੀ, ਚਿੱਟੀ ਹੈ ਪਰ ਤੂੰ ਤਾਂ ਕਾਲੇ ਨਾਗ ਵਾਂਗ ਲੱਗਦਾ। ਪਰ ਮੈਥੋਂ ਇਹ ਪੁੱਛਿਆ ਨਾ ਗਿਆ। ਮੈਨੂੰ ਪਤਾ ਸੀ ਕਿ ਜੇ ਮੈਂ ਪੁੱਛ ਵੀ ਲੈਂਦਾ ਤਾਂ ਉਸ ਨੇ ਕਹਿ ਦੇਣਾ, "ਬਲਿਆ–ਕੋਈ ਹੋਰ ਗੱਲ ਕਰ। ਹੁਣ ਇਹ ਗੱਲ ਕਰਨ ਦਾ ਸਮਾਂ ਨਹੀਂ ਰਿਹਾ।"

ਦੋ ਦਹਾਕਿਆਂ ਤੋਂ ਵੱਧ ਸਮੇਂ ਦੀ ਦੋਸਤੀ ਦੌਰਾਨ ਉਹਨੂੰ ਕਦੇ ਮੈਂ ਫੜਾਂ ਮਾਰਦਿਆਂ ਨਹੀਂ ਦੇਖਿਆ–ਸੁਣਿਆ। ਉਹ ਲੇਖਕਾਂ ਦੀਆਂ ਰਚਨਾਵਾਂ ਦੀ ਆਲੋਚਨਾ ਕਰਦਾ ਹੈ ਪਰ ਨਿੰਦਿਆ ਚੁਗਲੀ ਤੋਂ ਬਚਦਾ ਹੈ। ਉਹ ਕਈ ਵਾਰ ਮੂੰਹ–ਫਟ ਹੋ ਜਾਂਦਾ ਤੇ ਫਿਰ ਉਸ ਦਾ ਖਾਮਿਆਜ਼ਾ ਭੁਗਦਾ ਹੈ। ਜੇ ਘੱਟ ਵੱਧ ਹੋ ਜਾਵੇ ਤਾਂ ਮਾਫ਼ੀ ਮੰਗਣ 'ਚ ਢਿੱਲ ਨਹੀਂ ਕਰਦਾ। ਉਹ ਅਕਸਰ ਕਹਿੰਦਾ ਹੈ, "ਯਾਰੀ ਦਾ ਟੁੱਟਣਾ ਪਲਾਂ ਦੀ ਖੇਡ ਆ ਤੇ ਨਿਭਾਉਣੀ ਅਹਿਮ ਜ਼ੁੰਮੇਵਾਰੀ।"

ਹੁਣ ਬਲਬੀਰ ਮਾਧੋਪੁਰੀ ਦੀ ਪਛਾਣ ਰਾਸ਼ਟਰੀ ਪੱਧਰ 'ਤੇ ਬਣ ਗਈ ਹੈ। ਪਰ ਉਸ ਦੇ ਨਾਲ ਉਸ ਦੇ ਸੁਭਾਅ ਤੇ ਕੰਮ ਕਰਨ ਦੇ ਢੰਗ 'ਚ ਬਹੁਤਾ ਫਰਕ ਨਹੀਂ ਆਇਆ। ਉਸ ਦੇ ਵਿਅਕਤੀਤਵ ਦਾ ਇੱਕ ਅਹਿਮ ਪੱਖ ਇਹ ਹੈ ਕਿ ਉਹ ਕਿਸੇ ਵੀ ਕੰਮ ਨੂੰ ਕਰਨ ਲਈ ਕਾਹਲਾ ਨਹੀਂ ਪੈਂਦਾ। ਪੂਰੀ ਤਰ੍ਹਾਂ ਸੰਪਰਪਿਤ ਹੋ ਕੇ ਕਰਦਾ ਹੈ। ਇਸ ਦੀ ਉਦਾਹਰਣ ਉਸ ਵਲੋਂ ਕੈਥਰੀਨ ਕਲੈਮਾਂ ਦਾ ਅਨੁਵਾਦ ਕੀਤਾ ਨਾਵਲ 'ਐਡਵਿਨਾ ਤੇ ਨਹਿਰੂ' ਹੈ। ਉਸ ਦੇ ਘਰੋਂ ਉਸ ਦਾ ਦਫ਼ਤਰ ਕਾਫ਼ੀ ਦੂਰ ਪੈਂਦਾ ਹੈ। ਦੋ ਘੰਟੇ ਜਾਣ ਨੂੰ ਲੱਗਦੇ ਤੇ ਦੋ ਆਉਣ ਨੂੰ। ਕਈ ਵਾਰ ਉਹ ਤਿੰਨ ਚਾਰ ਸੌ ਕਿਲੋਮੀਟਰਾਂ ਦਾ ਸਫ਼ਰ ਕਰਕੇ ਵੀ ਘਰ ਪਹੁੰਚ ਜਾਂਦਾ ਹੈ।

ਬਲਬੀਰ ਹੁਣ ਪਹਿਲਾਂ ਨਾਲੋਂ ਸਿਆਣਾ ਹੋ ਗਿਆ ਹੈ। ਉਹਨੂੰ ਸਿਧਾਂਤਾਂ/ਵਾਦਾਂ ਦਾ ਗਿਆਨ ਹੈ। ਠੀਕ ਉਵੇਂ ਹੀ ਜਿਵੇਂ ਸਾਡੇ ਦਿਲੋਂ–ਮਨੋਂ ਸੱਚੇ–ਸੁੱਚੇ ਮਾਰਕਸਵਾਦੀ ਭਾਈਆਂ ਨੂੰ ਹੈ। ਜ਼ਿੰਦਗੀ ਦੀਆਂ ਔਕੜਾਂ, ਸੰਘਰਸ਼ਾਂ ਨੂੰ ਦੇਖਣ/ਸਮਝਣ/ਪਰਖਣ ਦਾ ਉਸ ਦਾ ਨਜ਼ਰੀਆ ਪਹਿਲਾਂ ਨਾਲੋਂ ਪ੍ਰੌੜ, ਡੂੰਘਾ ਤੇ ਵਿਸ਼ਾਲ ਹੋਇਆ ਹੈ। ਉਸ ਦੀ ਵਿਸ਼ਲੇਸ਼ਣ ਸਮਰੱਥਾ ਜ਼ਿਆਦਾ ਪੈਣੀ, ਵਿਸ਼ਵਾਸ ਯੋਗ ਤੇ ਤਾਰਕਿਕ ਹੋਈ ਹੈ। ਭਾਵੁਕ ਤਾਂ ਉਹ ਪਹਿਲਾਂ ਹੀ ਸੀ–ਹੁਣ ਇਸ ਭਾਵੁਕਤਾ 'ਚ ਅਸਾਧਾਰਨਤਾ ਆ ਗਈ ਹੈ। ਇਕ ਦਿਨ ਉਹ ਬਲਬੀਰ ਪਰਵਾਨੇ ਨੂੰ 'ਨਵਾਂ ਜ਼ਮਾਨਾ' ਅਖ਼ਬਾਰ 'ਚ ਮਿਲਣ ਗਿਆ। ਪਰਵਾਨੇ ਨੇ ਘਰ ਪਰਿਵਾਰ ਦੀ ਸੁਖ–ਸਾਂਦ ਪੁੱਛਣ ਤੋਂ ਪਹਿਲਾਂ ਪੁੱਛਿਆ, "ਆ ਬਈ ਦਿੱਲੀਦਿਆ ਫੁਕਰਿਆ?" ਉਹ ਕੋਈ ਜਵਾਬ ਦਿੰਦਾ, ਪਰਵਾਨੇ ਨੇ ਅਗਲਾ ਤੀਰ ਛੱਡ ਦਿੱਤਾ, "ਕੀ ਕਹਿੰਦੀ ਆ ਤੇਰੀ ਜੁਗਾੜਬੰਦੀ?" ਉਸ ਅੱਗੋਂ ਕੋਈ ਜਵਾਬ ਨਾ ਦਿੱਤਾ। ਬੁੱਲ੍ਹਾਂ 'ਚ ਮੁਸਕਰਾਇਆ। ਗੱਲਾਂ ਹੋਰ ਪਾਸੇ ਤੋਰ ਲਈਆਂ। ਮੈਨੂੰ ਯਾਦ ਆਇਆ ਕਿ ਕੁਝ ਸਾਲ ਪਹਿਲਾਂ ਇਕ ਪਰਵਾਸੀ ਲੇਖਕ ਆਇਆ ਸੀ। ਮੈਂ ਉਸ ਨਾਲ ਦਿੱਲੀ ਗਿਆ ਸੀ। ਅਸੀਂ ਕਨਾਟ ਪੈਲਸ 'ਚ ਰੁਕੇ ਸੀ। ਇਕ ਹੋਟਲ 'ਚ। ਮੈਂ ਬਲਬੀਰ ਨੂੰ ਫੋਨ ਕਰਕੇ ਸੱਦ ਲਿਆ ਸੀ। ਅਸੀਂ ਬੀਅਰ ਪੀਂਦੇ ਰਹੇ। ਸਾਰਥਿਕ ਗੱਲਾਂ ਕੀਤੀਆਂ। ਉਹ ਰਾਤ ਨੂੰ ਘਰੇ ਚਲੇ ਗਿਆ। ਪਰਵਾਸੀ ਲੇਖਕ ਨੇ ਉਸਨੂੰ ਚਿੱਠੀ ਲਿਖੀ। ਉਸ ਕੋਈ ਐਸੀ ਵੈਸੀ



ਗੱਲ ਲਿਖ ਦਿੱਤੀ ਸੀ। ਇਹ ਗੱਲ ਬਲਬੀਰ ਨੂੰ ਚੁੱਭੀ। ਉਹਨੇ ਮੈਨੂੰ ਫੋਨ ਕੀਤਾ, "ਤੇਰੇ ਉਸ ਦੋ ਟਕੇ ਦੇ ਵਲੈਤੀਏ ਨੇ ਮੈਨੂੰ ਦੋ ਬੀਅਰ ਦੀਆਂ ਬੋਤਲਾਂ ਪਿਆ ਕੇ ਕੀ ਮੁੱਲ ਲੈ ਲਿਆ ਸੀ?" ਮੈਂ ਉਸ ਨੂੰ ਸਮਝਾਇਆ, ਸ਼ਾਂਤ ਕੀਤਾ। ਉਹ ਕੁਝ ਪਲਾਂ ਲਈ ਸ਼ਾਂਤ ਹੋਇਆ। ਫੇਰ ਭਾਵੁਕ ਹੋ ਗਿਆ। ਉਹਨੇ ਮੈਨੂੰ ਗੁੱਸੇ ਭਰੀ ਲੰਬੀ–ਚੌੜੀ ਚਿੱਠੀ ਲਿਖੀ। ਉਹ ਨਿੱਕੀ ਤੋਂ ਨਿੱਕੀ ਗੱਲ ਨੂੰ ਵੀ ਮੰਨ 'ਤੇ ਲਾ ਲੈਂਦਾ ਸੀ।

ਇਕ ਦਿਨ ਦੋ ਲੇਖਕ ਗੱਲਾਂ ਕਰ ਰਹੇ ਸਨ।

"ਮਾਧੋਪੁਰੀ ਦਲਿਤ ਹੋ ਗਿਆ।"

"ਉਹ ਤਾਂ ਪਹਿਲਾਂ ਹੀ ਦਲਿਤ ਸੀ।"

"ਨ੍ਹੀਂ–ਪਹਿਲਾਂ ਮਾਰਕਸਵਾਦੀ ਸੀ।"

"ਇਕ ਗੱਲ ਡਰ ਵਾਲੀ ਆ?"

"ਕਿਹੜੀ?"

"ਜਿੱਦਾਂ ਮਾਰਕਸਵਾਦੀ ਸਾਹਿਤ ਗੋਹਲੇ ਬਣਾਉਣ ਦੇ ਕੰਮ ਆਇਆ ਸੀ–ਉਦਾਂ ਹੀ ਦਲਿਤ ਸਾਹਿਤ ਦਾ ਹਸ਼ਰ ਨਾ ਹੋ ਜਾਵੇ।"

"ਯਾਰ ਇਕ ਗੱਲ ਆ–ਉਦੋਂ ਤਾਂ ਕਾਗਜ਼ ਗੋਹਲੇ ਬਣਾਉਣ ਦੇ ਕੰਮ ਆ ਜਾਂਦਾ ਸੀ ਹੁਣ ਤਾਂ.....ਬਲਬੀਰ ਦਾ ਸਾਹਿਤ ਤਾਂ ਸਾਰਾ ਹੈ ਹੀ ਦਲਿਤਵਾਦੀ।"

ਮੈਥੋਂ ਉਨ੍ਹਾਂ ਦੀਆਂ ਅਗਲੀਆਂ ਗੱਲਾਂ ਸੁਣੀਆਂ ਨਹੀਂ ਗਈਆਂ ਸੀ। ਮੈਂ ਉਥੋਂ ਉਠ ਆਇਆ ਸੀ। ਉਨ੍ਹਾਂ ਦੇ ਸ਼ਬਦ 'ਬਲਬੀਰ ਦਾ ਸਾਹਿਤ ਤਾਂ ਸਾਰਾ ਹੈ ਹੀ ਦਲਿਤਵਾਦੀ' ਨੇ ਮੈਨੂੰ ਪ੍ਰੇਸ਼ਾਨ ਕਰ ਦਿੱਤਾ ਹੈ।

ਲਿਖਦਿਆਂ–ਲਿਖਦਿਆਂ ਮੈਂ ਆਪਣਾ ਪੈੱਨ ਬੰਦ ਕਰ ਦਿੱਤਾ ਤੇ ਦੂਰ ਖਲਾਅ 'ਚ ਦੇਖਦਾ ਹੋਇਆ ਖੁਦ ਨੂੰ ਹੀ ਪੁੱਛਣ ਲੱਗਾ, "ਕੀ ਆਪਣੀ ਬਰਾਦਰੀ ਬਾਰੇ ਲਿਖਣ ਲੱਗਿਆਂ ਲੇਖਕ ਸੌੜੀ ਸੋਚ ਦਾ ਸ਼ਿਕਾਰ ਹੋ ਜਾਂਦਾ?" ਮੈਂ ਇਸ ਬਾਰੇ ਅਜੇ ਵੀ ਸੋਚ ਰਿਹਾ ਹਾਂ। ਦੋਸਤੋ, ਤੁਸੀਂ ਵੀ ਸੋਚੀਓ.....???......। ਜੇ ਤੁਸੀਂ ਮੈਥੋਂ ਹੀ ਪੁੱਛਣਾ ਚਾਹੁੰਦੇ ਹੋ ਤਾਂ ਮੈਂ ਇਹ ਕਹਾਂਗਾ, "ਨਹੀਂ ਐਦਾਂ ਨਹੀਂ ਹੁੰਦਾ। ਬਲਬੀਰ ਲੋਕਾਂ ਬਾਰੇ ਲਿਖ ਰਿਹਾ ਹੈ। ਨਾ ਕਿ ਆਪਣੀ ਬਰਾਦਰੀ ਲਈ।"

---

## ਗ਼ਜ਼ਲ/ਸਤਿੰਦਰ

ਸਵਾਲ ਕਿਸ ਤਰ੍ਹਾਂ ਪੁੱਛਾਂ ਮੈਨੂੰ ਜਵਾਬ ਨਾ ਉਤਰੇ।
ਮੇਰੇ ਹੀ ਹਾਣੀਆਂ ਕੀਤੇ ਮੇਰੀ ਆਵਾਜ਼ ਦੇ ਕੁਤਰੇ।

ਅੰਬਰੀਂ ਖੰਭ ਨੇ ਉਡ ਰਹੇ ਇਕ ਡਰ ਸੀਨੇ ਲਹਿ ਗਿਆ,
ਕਰੋ ਛੇਤੀ ਪਤਾ ਕਿਸ ਨੇ ਕੀਤੇ ਪਰਵਾਜ਼ ਦੇ ਕੁਤਰੇ।

ਜੇ ਹੈ ਤੇਰਾ ਦਿਲ ਧੜਕਦਾ ਮੇਰੀ ਕਹਾਣੀ ਸੁਣ ਵੀ ਲੈ,
ਪੱਥਰਾਂ ਉੱਤੇ ਤਾਂ ਮੈਂ ਕਦੇ ਜਜ਼ਬਾਤ ਨਾ ਉਕਰੇ।

ਰੋਸ਼ਨ ਜਹਾਨ ਇਕ ਸਖ਼ਸ਼ ਹੀ ਕਰ ਦੇਵੇਗਾ ਦੋਸਤੋ,
ਹੈ ਸ਼ਰਤ ਉਹਦੀ ਸੋਚ ਦਾ ਆਫ਼ਤਾਬ ਨਾ ਮੁਕਰੇ।

ਹੈ ਕੋਲ ਨੀਲੇ ਰੰਗ ਦਾ ਆਕਾਸ਼ ਵੀ ਉਛਾਲ ਵੀ,
ਇਹ ਹੋ ਨਹੀਂ ਸਕਦਾ ਕਿ ਸਾਹਿਲ ਪਿਆਸ ਨਾ ਚਿਤਰੇ।

## ਲਾਵਾ/ਹਰਪ੍ਰੀਤ ਸੇਖਾ

ਆਈਵਨ ਨੂੰ ਜਦ ਪਾਸਾ ਪਲਟੇ ਤੋਂ ਬਿਨਾਂ ਹੋਰ ਪਏ ਰਹਿਣਾ ਅਸੰਭਵ ਲੱਗਾ ਤਾਂ ਉਹ ਮਲਕ ਦੇਣੇ ਬਿਸਤਰੇ ਵਿੱਚੋਂ ਬਾਹਰ ਆ ਗਿਆ। ਉਸ ਨੇ ਅੰਗੜਾਈ ਲਈ। ਨਰਕ ਭਰੀ ਰਾਤ ਦੇ ਦਾਗ ਉਸ ਨੇ ਆਪਣੇ ਸਰੀਰ 'ਤੇ ਮਹਿਸੂਸ ਕੀਤੇ। ਇੱਕ ਨਜ਼ਰ ਉਸ ਨੇ ਘੂਕ ਸੁੱਤੀ ਪਈ ਵਾਂਡਾ ਦੇ ਚੇਹਰੇ 'ਤੇ ਮਾਰੀ, ਫਿਰ ਕੰਨਾਂ ਵਿੱਚੋਂ ਬੁੱਜੇ ਬਾਹਰ ਕੱਢੇ। ਕਮਰੇ ਦੇ ਨਾਲ ਜੁੜਵੇਂ ਗੁਸਲਖਾਨੇ 'ਚੋਂ ਬੁਰਸ਼ ਉੱਪਰ ਪੇਸਟ ਲਾਇਆ ਅਤੇ ਪੋਲੇ ਪੈਰੀਂ ਕਮਰੇ ਵਿੱਚੋਂ ਬਾਹਰ ਨਿਕਲ ਕੇ ਮੁੱਖ ਗੁਸਲਖਾਨੇ ਵਿੱਚ ਵੜ ਗਿਆ। ਦੰਦਾਂ ਉੱਪਰ ਬੁਰਸ਼ ਕਰਨ ਤੋਂ ਬਾਅਦ ਉਹ ਜੀਭ ਉੱਪਰ ਬੁਰਸ਼ ਨੂੰ ਰਗੜ-ਰਗੜ ਅੰਦਰੋਂ ਪੀਲਾ-ਪੀਲਾ ਪਾਣੀ ਬਾਹਰ ਕੱਢਣ ਲੱਗਾ ਜਿਵੇਂ ਰਾਤ ਭਰ ਇਕੱਠੀ ਹੋਈ ਜ਼ਹਿਰ ਬਾਹਰ ਕੱਢ ਰਿਹਾ ਹੋਵੇ।

ਆਪਣੇ ਨਿਤ-ਪ੍ਰਤੀ ਦੇ ਕੰਮਾਂ ਤੋਂ ਵੇਹਲਾ ਹੋ ਕੇ ਉਹ ਰਸੋਈ ਵਿੱਚ ਚਲਾ ਗਿਆ। ਸਟੋਵ ਵੱਲ ਵੇਖਦਾ ਉਹ ਸੋਚਣ ਲੱਗਾ ਕਿ ਨਾਸ਼ਤੇ ਵਿੱਚ ਕੀ ਬਣਾਵੇ। ਕਲ੍ਹ ਵਾਂਡਾ ਵੱਲੋਂ ਨਾਸ਼ਤੇ ਲਈ ਕੀਤੀ ਫ਼ਰਮਾਇਸ਼ ਉਸ ਨੂੰ ਚੇਤੇ ਆਈ। ਉਸ ਨੇ ਕਿਹਾ ਸੀ, "ਆਈਵਨ, ਤੇਰਾ ਬਣਾਇਆ ਗਰਿੱਲ ਚੀਜ਼ ਸੈਂਡਵਿੱਚ ਤੇ ਸਾਸਜ਼ ਦਾ ਨਾਸ਼ਤਾ ਕੀਤੇ ਨੂੰ ਬਹੁਤ ਦਿਨ ਹੋ ਗਏ।" ਇੱਕ ਪਲ ਉਸ ਨੇ ਸੋਚਿਆ, 'ਬਣਾਵਾਂ ? ਪਰ ਅਗਲੇ ਹੀ ਪਲ 'ਐਨਾ ਖਲ਼ਜਗਣ ਕੌਣ ਕਰੇ ?' ਸੋਚ ਕੇ ਉਸ ਨੇ ਕੌਫ਼ੀ ਮਸ਼ੀਨ ਵਿੱਚ ਦੋ ਕੱਪ ਪਾਣੀ ਪਾ ਕੇ ਫ਼ਿਲਟਰ ਵਿੱਚ ਇੱਕ ਚਮਚਾ ਕੌਫ਼ੀ ਦਾ ਪਾਇਆ ਅਤੇ ਮਸ਼ੀਨ ਦਾ ਬਟਨ ਦੱਬ ਦਿੱਤਾ। ਖਿੜਕੀ ਤੋਂ ਪਰਦੇ ਹਟਾਉਂਦਿਆਂ ਸੂਰਜ ਦੀਆਂ ਕਿਰਣਾਂ ਉਸ ਦੇ ਚੇਹਰੇ ਨਾਲ ਟਕਰਾਈਆਂ। ਉਸ ਨੂੰ ਇਹ ਚੰਗਾ-ਚੰਗਾ ਲੱਗਾ ਅਤੇ ਉਸ ਨੇ ਅੱਖਾਂ ਮੁੰਦ ਲਈਆਂ। ਉਸ ਦੇ ਚਿੱਤ 'ਚ ਆਈ ਕਿ ਵਾਂਡਾ ਨੂੰ ਜਗਾ ਕੇ ਲੰਮੀ ਸੈਰ 'ਤੇ ਜਾਇਆ ਜਾਵੇ। 'ਪਤਾ ਨਹੀਂ ਵਿਚਾਰੀ ਦੀ ਕਦੋਂ ਅੱਖ ਲੱਗੀ ਹੋਵੇਗੀ ?' ਇਹ ਸੋਚ ਕੇ ਉਸ ਨੇ ਅੱਖਾਂ ਖੋਲ੍ਹੀਆਂ। ਗੁਆਂਢੀਆਂ ਦੇ ਪਿਛਵਾੜੇ ਖਿਲਰੀਆਂ ਪਈਆਂ ਬੀਅਰ ਦੀਆਂ ਬੋਤਲਾਂ ਉਸ ਦੇ ਨਜ਼ਰੀਂ ਪਈਆਂ। ਉਸ ਦੇ ਮੂੰਹੋਂ ਨਿਕਲਿਆ, "ਹਰਾਮੀ।" ਉਸ ਦਾ ਅੰਦਰ ਕੌੜਾ-ਕੌੜਾ ਹੋ ਗਿਆ। ਮੂੰਹ ਦੇ ਕੁਸੈਲੇਪਨ ਨੂੰ ਦੂਰ ਕਰਨ ਲਈ ਉਸ ਦਾ ਥੁੱਕਣ ਲਈ ਮਨ ਕੀਤਾ ਪਰ ਗੁਸਲਖਾਨੇ ਤੱਕ ਜਾ ਕੇ ਥੁੱਕਣ ਦੀ ਉਸ ਵਿੱਚ ਹਿੰਮਤ ਨਾ ਪਈ। ਉਸ ਨੇ ਕੌੜਾ ਘੁੱਟ ਅੰਦਰ ਲੰਘਾ ਲਿਆ ਅਤੇ ਖਿੜਕੀ ਤੋਂ ਪਾਸੇ ਹੋ ਕੇ ਮੁੜ ਕੌਫ਼ੀ ਮਸ਼ੀਨ ਕੋਲ ਆ ਖੜ੍ਹਾ ਹੋਇਆ। ਕੌਫ਼ੀ ਮਸ਼ੀਨ ਗੜ-ਗੜ ਦੀ ਆਵਾਜ਼ ਕਰ ਰਹੀ ਸੀ। ਆਈਵਨ ਦਾ ਅੰਦਰ ਰਿੱਝਣ ਲੱਗਾ। "ਜਦੋਂ ਦਾ ਆਇਐ, ਹਰਾਮੀ ਨੇ ਜ਼ਿੰਦਗੀ ਨਰਕ ਬਣਾ ਰੱਖੀ ਐ," ਆਈਵਨ ਬੁੜ-ਬੁੜ ਕਰਨ ਲੱਗਾ। 'ਦੇਖੀ ਜਾਊ ਜਿਹੜਾ ਕੁਝ ਹੋਊ, ਹੁਣ ਉਸ ਨਾਲ ਟੱਕਰ ਲੈ ਹੀ ਲੈਣੀ ਆ' ਉਸ ਦੇ ਚਿੱਤ 'ਚ ਆਈ। ਫਿਰ ਉਸ ਦੇ ਚੇਤੇ 'ਚ ਗੁਆਂਢੀ ਵੱਲੋਂ 'ਅੱਧਾ ਧਰਤੀ 'ਚ ਗੱਡਣ' ਵਾਲੀ ਧਮਕੀ ਲੰਘੀ ਅਤੇ ਅਗਲੇ ਹੀ ਪਲ ਉਸ ਦਿਨ ਸ਼ੀਸ਼ੇ 'ਚ ਦੇਖਿਆ ਆਪਣਾ ਚੇਹਰਾ ਉਸ ਦੇ ਚੇਤੇ 'ਚ ਉੱਭਰਿਆ। ਨਿੰਮੋਝੂਣਾ, ਅਸਮਰੱਥ ਤੇ ਨਿਤਾਣਾ ਚੇਹਰਾ। ਆਈਵਨ ਨੂੰ ਲੱਗਾ ਜਿਵੇਂ ਉਸ ਦੀਆਂ ਲੱਤਾਂ ਬਹੁਤ ਕਮਜ਼ੋਰ ਹੋ ਗਈਆਂ ਹੋਣ। ਉਸ ਦਾ ਜੀਅ ਕੀਤਾ ਕਿ ਵਾਂਡਾ ਨੂੰ ਜਗਾ ਲਵੇ ਅਤੇ ਉਸ ਦੀਆਂ ਬਾਹਾਂ ਵਿੱਚ ਸਮਾਅ ਜਾਵੇ। ਉਸੇ ਤਰ੍ਹਾਂ, ਜਿਸ ਤਰ੍ਹਾਂ ਉਸ ਦਿਨ ਵਾਂਡਾ ਨੇ ਉਸ ਨੂੰ ਆਪਣੀਆਂ ਬਾਹਾਂ ਵਿੱਚ ਘੁੱਟ ਲਿਆ ਸੀ, ਜਦੋਂ ਆਈਵਨ ਸ਼ੀਸ਼ੇ ਮੂਹਰਿਓਂ ਆਪਣਾ ਚੇਹਰਾ ਹੱਥਾਂ ਵਿੱਚ ਘੁੱਟਦਾ ਬੋਲਿਆ ਸੀ, "ਵਾਂਡਾ, ਹਾਲੇ ਤਾਂ ਆਪਾਂ ਸੱਠਵਿਆਂ ਦੇ ਸ਼ੁਰੂ 'ਚ ਹੀ ਹਾਂ, ਇਸ ਤਰ੍ਹਾਂ ਲਗਦੈ ਜਿਵੇਂ ਸੌ ਸਾਲਾਂ ਦੇ ਲਾਚਾਰ ਬਜ਼ੁਰਗ ਹੋਈਏ।"



"ਫ਼ਿਕਰ ਨਾ ਕਰ, ਸਭ ਕੁਝ ਠੀਕ ਹੋ ਜਾਊ," ਆਖਦੀ ਹੋਈ ਵਾਂਡਾ ਨੇ ਉਸ ਨੂੰ ਆਪਣੀਆਂ ਬਾਹਾਂ ਵਿੱਚ ਘੁੱਟ ਲਿਆ ਸੀ। ਤੇ ਉਹ ਕਾਫ਼ੀ ਦੇਰ ਇਸੇ ਤਰ੍ਹਾਂ ਇੱਕ-ਦੂਜੇ ਦੁਆਲੇ ਬਾਹਾਂ ਵਲ਼ੀ ਖੜ੍ਹੇ ਰਹੇ ਸਨ। ਹੁਣ ਵੀ ਆਈਵਨ ਦਾ ਜੀਅ ਕੀਤਾ ਕਿ ਵਾਂਡਾ ਦੀਆਂ ਬਾਹਾਂ ਉਸ ਦੇ ਦੁਆਲ਼ੇ ਹੋਣ। ਪਰ ਪਤਾ ਨਹੀਂ ਵਿਚਾਰੀ ਕਦੋਂ ਸੁੱਤੀ ਹੋਵੇਗੀ, ਸੋਚ ਕੇ ਆਈਵਨ ਨੇ ਆਪਣਾ ਸਿਰ ਝਟਕਿਆ ਅਤੇ ਕੱਪ ਵਿੱਚ ਕੌਫ਼ੀ ਪਾ ਕੇ ਸੋਫ਼ੇ 'ਤੇ ਜਾ ਬੈਠਾ।

ਤਿੰਨ ਹਫ਼ਤੇ ਪਹਿਲਾਂ ਸਾਰਾ ਕੁਝ ਆਮ ਵਾਂਗ ਸੀ। ਵਾਂਡਾ ਦੀ ਨੀਂਦ ਸਵੇਰੇ ਪਹਿਲਾਂ ਖੁੱਲ੍ਹ ਗਈ ਸੀ। ਉਸ ਨੇ ਉੱਠ ਕੇ ਬੇਕਨ ਅਤੇ ਆਂਡੇ ਦਾ ਨਾਸ਼ਤਾ ਬਣਾਇਆ ਅਤੇ ਆਈਵਨ ਨੂੰ ਜਗਾ ਲਿਆ। ਫਿਰ ਉਹ ਲੰਮੀ ਸੈਰ 'ਤੇ ਚਲੇ ਗਏ ਸਨ। ਵਾਪਸ ਆ ਕੇ ਆਈਵਨ ਰੰਬੀ ਲੈ ਕੇ ਪਿਛਵਾੜੇ ਬਣੇ ਬਗੀਚੇ ਵਿੱਚ ਗੋਡੀ ਕਰਨ ਲੱਗਾ ਅਤੇ ਵਾਂਡਾ ਮਕਾਨ ਦੇ ਅਗਲੇ ਹਿੱਸੇ ਵਿੱਚ ਲੱਗੇ ਫੁੱਲਾਂ ਨੂੰ ਪਾਣੀ ਦੇਣ ਲੱਗੀ। ਦੁਪਹਿਰ ਦਾ ਖਾਣਾ ਖਾ ਕੇ ਉਨ੍ਹਾਂ ਨੇ ਕਿਤਾਬਾਂ ਪੜ੍ਹਨ ਲਈ ਧੁੱਪੇ ਹਰੇ- ਕਚੂਚ ਘਾਹ ਉੱਤੇ ਆਰਾਮ ਕੁਰਸੀਆਂ ਡਾਹ ਲਈਆਂ। "ਵਾਂਡਾ, ਟਰੇਸੀ ਦਾ ਘਾਹ ਖਰਾਬ ਨਾ ਹੋ ਜਾਵੇ, ਕਈ ਦਿਨਾਂ ਤੋਂ ਕਿਸੇ ਨੇ ਪਾਣੀ ਨਹੀਂ ਲਾਇਆ। ਬਹੁਤ ਮੇਹਨਤ ਕੀਤੀ ਐ ਆਪਾਂ ਇਸ 'ਤੇ," ਆਈਵਨ ਨੇ ਗੁਆਂਢ ਦੇ ਪਿਛਵਾੜੇ ਵੱਲ ਨਿਗ੍ਹਾ ਮਾਰਦੇ ਹੋਏ ਕਿਹਾ।

"ਘਾਹ ਨੂੰ ਪਾਣੀ ਕਿਸ ਨੇ ਦੇਣਾ ਹੈ, ਟਰੇਸੀ ਦਾ ਪੁੱਤਰ ਤਾਂ ਵਾਪਿਸ ਆਪਣੇ ਸ਼ਹਿਰ ਮੁੜ ਗਿਆ ਹੈ। ਸੁਣਿਆ ਸੀ ਕਿ ਇਹ ਮਕਾਨ ਕਿਰਾਏ 'ਤੇ ਚੜ੍ਹ ਗਿਆ ਹੈ, ਪਰ ਹਾਲੇ ਤੱਕ ਕੋਈ ਆਇਆ ਤਾਂ ਹੈ ਨੀ," ਵਾਂਡਾ ਨੇ ਕਿਹਾ।

"ਮੈਂ ਹੀ ਨਾ ਪਾਣੀ ਦੇ ਆਵਾਂ, ਅੱਗੇ ਵੀ ਤਾਂ ਆਪਾਂ ਹੀ ਦੇਖ-ਭਾਲ ਕਰਦੇ ਸੀ," ਆਈਵਨ ਨੇ ਕਿਹਾ।

"ਉਦੋਂ ਹੋਰ ਗੱਲ ਸੀ। ਟਰੇਸੀ ਘਰ ਹੁੰਦੀ ਸੀ। ਹੁਣ ਤਾਂ ਵਿਚਾਰੀ ਮਰਨ ਕੰਢੇ ਹਸਪਤਾਲ ਪਈ ਹੈ। ਕਿਰਾਏਦਾਰ ਕੀ ਪਤਾ ਕਿਹੋ-ਜਿਹੇ ਮਿਜ਼ਾਜ ਦੇ ਹੋਣ। ਆਪਾਂ ਨੂੰ ਅਗਲੇ ਦੀ ਵਲਗਣ ਵਿੱਚ ਨਹੀਂ ਜਾਣਾ ਚਾਹੀਦਾ," ਵਾਂਡਾ ਨੇ ਕਿਹਾ।

"ਤੇਰੀ ਗੱਲ ਤਾਂ ਠੀਕ ਹੈ, ਪਤਾ ਨਹੀਂ ਕਿਹੋ-ਜਿਹੇ ਹੋਣਗੇ ?" ਆਈਵਨ ਨੇ ਕਿਹਾ। ਫਿਰ ਰੁਕ ਕੇ ਬੋਲਿਆ, "ਆਪਣੇ ਵਰਗੇ ਹੀ ਹੋਣਗੇ।"

"ਉਮੀਦ ਤਾਂ ਕਰਦੇ ਹਾਂ," ਵਾਂਡਾ ਨੇ ਕਿਹਾ।

"ਚੰਗੇ ਹੋਣ ਤਾਂ ਵਧੀਆ ਹੈ। ਬਹੁਤ ਮੁਸ਼ਕਲ ਨਾਲ ਬਚਾਇਆ ਹੈ ਇਹ ਗੁਆਂਢ," ਆਖਦੇ ਹੋਏ ਆਈਵਨ ਨੇ ਪਿਛਲੇ ਪਾਸੇ ਖੜ੍ਹੇ ਅਲਡਰ ਦੇ ਦਰਖਤਾਂ ਵੱਲ ਵੇਖਿਆ ਅਤੇ ਸੋਚਣ ਲੱਗਾ, 'ਇਨ੍ਹਾਂ ਨੂੰ ਤਾਂ ਬਹੁਤ ਸਮਾਂ ਪਹਿਲਾਂ ਹੀ ਮਾਰ ਦੇਣਾ ਸੀ ਜੇ ਅਸੀਂ ਤੇ ਟਰੇਸੀ ਅੜਿੱਕਾ ਨਾ ਬਣਦੇ।— ਬਿਲਡਰ ਹਰਾਮੀ ਦੀ ਨਿਗ੍ਹਾ ਵੀ ਪਤਾ ਨਹੀਂ ਕਿਓਂ ਇਸ ਥਾਂ ਉੱਪਰ ਟਿਕੀ ਹੋਈ ਹੈ ? ਹੋਰ ਥੋੜ੍ਹੀਆਂ ਥਾਵਾਂ ਹਨ, ਉੱਥੇ ਜਾ ਮਰੇ। ਸਾਨੂੰ ਉਜਾੜਨ 'ਤੇ ਕਿਉਂ ਤੁਲਿਆ ਹੈ ? ਅਸੀਂ ਮੁੱਲ ਨਾਲੋਂ ਜ਼ਿਆਦਾ ਧਨ ਕੀ ਕਰਨਾ ਹੈ, ਜਦੋਂ ਅਸੀਂ ਵੇਚਣਾ ਹੀ ਨਹੀਂ।-ਪਰ ਜੇ ਟਰੇਸੀ ਦਾ ਪੁੱਤਰ ਲਾਲਚ ਵਿੱਚ ਆ ਗਿਆ ? ਜੇ ਉਸ ਨੇ ਬਿਲਡਰ ਨੂੰ ਘਰ ਵੇਚ ਦਿੱਤਾ, ਤਾਂ ਕੀ ਬਣੇਗਾ ?—— ਤੇ ਜੇ ਬਿਲਡਰ ਨੇ ਸਾਡੇ ਘਰ ਨੂੰ ਛੱਡ ਕੇ ਪਿਛਲੇ ਥਾਂ ਅਤੇ ਟਰੇਸੀ ਦੇ ਮਕਾਨ ਨੂੰ ਮਿਲਾ ਕੇ ਅਪਾਰਟਮੈਂਟ ਖੜ੍ਹੀ ਕਰ ਦਿੱਤੀ ?' ਇਸ ਸੋਚ ਨੇ ਉਸ ਨੂੰ ਡਰਾ ਦਿੱਤਾ। ਉਸ ਨੇ ਦੂਜੇ ਗੁਆਂਢ ਵੱਲ ਨਿਗਾਹ ਮਾਰੀ ਜਿੱਧਰ ਮੁੱਖ ਸੜਕ ਉੱਪਰ ਬਣੀ ਦੁਕਾਨ ਦੀ ਪਿੱਠ ਨਾਲ ਲੱਗਵੀਂ ਗਲੀ ਤੇ ਉਸ ਤੋਂ ਬਾਅਦ ਉਨ੍ਹਾਂ ਦਾ ਮਕਾਨ ਸੀ। ਮੁੜ ਉਸ ਨੇ ਦੂਜੇ ਪਾਸੇ ਵੇਖਿਆ ਜਿੱਧਰ ਟਰੇਸੀ ਦੇ ਮਕਾਨ ਤੋਂ ਅੱਗੇ ਵਪਾਰਕ ਇਮਾਰਤਾਂ ਸ਼ੁਰੂ ਹੋ ਜਾਂਦੀਆਂ ਸਨ। ਆਈਵਨ ਨੇ ਸੋਚਿਆ ਕਿ ਆਹ ਹੀ ਤਾਂ ਗੁਆਂਢ ਵਿੱਚ ਮਕਾਨ ਹੈ। ਜੇ ਇਹ

ਵੀ...? ਫਿਰ ਉਸ ਨੇ ਸੋਚਿਆ ਕਿ 'ਜੇ ਟਰੇਸੀ ਦੇ ਪੁੱਤਰ ਨੇ ਮਕਾਨ ਵੇਚਣਾ ਹੁੰਦਾ ਤਾਂ ਕਿਰਾਏ ਉੱਪਰ ਕਿਓਂ ਦਿੰਦਾ?' ਇਸ ਸੋਚ ਨੇ ਉਸ ਨੂੰ ਧਰਵਾਸ ਦਿੱਤਾ ਅਤੇ ਉਸ ਨੇ ਕਿਤਾਬ ਵੱਲ ਆਪਣੀ ਨਿਗ੍ਹਾ ਕਰ ਲਈ।

ਉਸੇ ਰਾਤ ਹੀ ਜਦ ਉਹ ਘੂਕ ਸੁੱਤੇ ਪਏ ਸਨ, ਇੱਕ ਵਜੇ ਦੇ ਕਰੀਬ ਗੁਆਂਢ ਵਿੱਚ ਰੁਕੇ ਮੋਟਰ ਸਾਈਕਲ ਦੀ ਦੁਗ-ਦੁਗ ਨਾਲ ਉਨ੍ਹਾਂ ਦੀ ਜਾਗ ਖੁੱਲ੍ਹੀ ਸੀ ਤੇ ਫੇਰ ਕਈ ਕਾਰਾਂ ਤੇ ਮੋਟਰ ਸਾਈਕਲ ਆਏ ਸਨ। ਆਈਵਨ ਨੇ ਪਰਦੇ ਹਟਾ ਕੇ ਦੇਖਿਆ ਕਿ ਟਰੇਸੀ ਦੇ ਘਰ ਵਿੱਚ ਚਹਿਲ-ਪਹਿਲ ਸੀ। ਸ਼ੋਰੀਲਾ ਸੰਗੀਤ ਵੱਜ ਰਿਹਾ ਸੀ। "ਐਡੀ ਰਾਤ ਗਏ ਐਨਾ ਰੌਲਾ ਪਾਉਣਾ! ਇਹ ਵੀ ਕੋਈ ਤਰੀਕਾ ਹੈ?" ਆਈਵਨ ਨੇ ਕਿਹਾ।

"ਨਵੇਂ ਮਕਾਨ 'ਚ ਆਉਣ ਦੀ ਖੁਸ਼ੀ ਮਨਾ ਰਹੇ ਐ, ਕੋਈ ਗੱਲ ਨਹੀਂ ਤੂੰ ਲੇਟ ਜਾ," ਵਾਂਡਾ ਨੇ ਕਿਹਾ।

"ਐਸ ਵੇਲੇ ਪਾਰਟੀ? ਗੁਆਂਢ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਹਰਾਮੀ। ਮੈਂ ਕਰਦਾਂ ਫ਼ੋਨ ਪੁਲੀਸ ਨੂੰ," ਆਈਵਨ ਬੋਲਿਆ।

"ਸ਼ਾਂਤ ਆਈਵਨ, ਆਪਾਂ ਕਲ੍ਹ ਮਿਲਾਂਗੇ ਉਨ੍ਹਾਂ ਨੂੰ। ਗੁਆਂਢ ਨਾਲ ਬਣਾ ਕੇ ਰੱਖਣੀ ਚਾਹੀਦੀ ਆ," ਵਾਂਡਾ ਉਸ ਨੂੰ ਫੜ ਕੇ ਬਿਸਤਰੇ ਵਿੱਚ ਲਿਟਾਉਣ ਲੱਗੀ।

ਚਾਰ-ਪੰਜ ਵੱਜਦੇ ਤੱਕ ਇਸੇ ਤਰ੍ਹਾਂ ਰੌਲਾ ਪੈਂਦਾ ਰਿਹਾ। ਆਈਵਨ ਬਿਸਤਰੇ ਵਿੱਚ ਉੱਸਲਵੱਟੇ ਲੈਂਦਾ ਰਿਹਾ। ਵਾਂਡਾ ਉਸ ਨੂੰ ਸਹਿਲਾਉਂਦੀ ਰਹੀ। ਫਿਰ ਕਾਰਾਂ-ਮੋਟਰ ਸਾਈਕਲ ਜਾਣ ਲੱਗੇ।

ਅਗਲੀ ਦੁਪਹਿਰ ਜਦ ਉਨ੍ਹਾਂ ਗੁਆਂਢ ਵਾਲੇ ਮਕਾਨ ਵਿੱਚ ਇੱਕ ਆਦਮੀ ਨੂੰ ਫਿਰਦੇ ਵੇਖਿਆ ਤਾਂ ਉਨ੍ਹਾਂ ਨੇ ਆਪਣੇ ਨਵੇਂ ਗੁਆਂਢੀ ਨੂੰ ਮਿਲਣ ਜਾਣ ਦਾ ਵਿਚਾਰ ਬਣਾ ਲਿਆ। ਜਦ ਉਨ੍ਹਾਂ ਦਰਵਾਜ਼ੇਦੀ ਘੰਟੀ ਵਜਾਈ, ਇੱਕ ਸਾਢੇ ਛੇ ਫੁੱਟ ਲੰਮੇ, ਢਾਈ ਸੌ ਪੌਂਡ ਦੇ ਕਰੀਬ ਭਾਰੇ ਆਦਮੀ, ਜਿਸ ਨੇ ਠੋਢੀ ਉੱਪਰ ਲੰਮੀ ਦਾਹੜੀ ਰੱਖੀ ਹੋਈ ਸੀ, ਨੇ ਦਰਵਾਜ਼ਾ ਖੋਲ੍ਹਿਆ, "ਹਾਂ?" ਉਸ ਨੇ ਦਰਵਾਜ਼ਾ ਖੋਲ੍ਹ ਕੇ ਖਰਵ੍ਹੀ ਆਵਾਜ਼ ਵਿੱਚ ਪੁੱਛਿਆ। ਆਈਵਨ ਦੀ ਨਿਗਾਹ ਉਸ ਦੇ ਮੋਟੇ-ਮੋਟੇ ਡੌਲਿਆਂ ਉੱਪਰ ਵਾਹੇ ਸੱਪਾਂ 'ਤੇ ਅਟਕ ਗਈ। ਉਸ ਦੇ ਅੰਦਰ ਇੱਕ ਕਾਂਬਾ ਛਿੜਿਆ। ਉਸ ਨੇ ਆਪਣਾ ਹੱਥ ਅੱਗੇ ਵਧਾਉਂਦੇ ਹੋਏ ਮਰੀ ਜਿਹੀ ਆਵਾਜ਼ ਵਿੱਚ ਕਿਹਾ, "ਮੈਂ ਆਈਵਨ, ਅਸੀਂ ਗੁਆਂਢ ਵਾਲੇ ਮਕਾਨ ਵਿੱਚ ਰਹਿੰਦੇ ਹਾਂ। ਅਸੀਂ ਸੋਚਿਆ ਆਪਣੇ ਗੁਆਂਢੀਆਂ ਨੂੰ ਮਿਲ ਆਈਏ।"

"ਅੱਛਾ, ਮੈਂ ਇੱਡ," ਡੌਲਿਆਂ ਵਾਲੇ ਨੇ ਹੱਥ ਮਿਲਾਉਂਦਿਆਂ ਕਿਹਾ।

ਵਾਂਡਾ ਬਿਸਕੁਟਾਂ ਵਾਲਾ ਡੱਬਾ ਫੜਾ ਕੇ ਹੱਥ ਮਿਲਾਉਂਦਿਆਂ ਬੋਲੀ, "ਮੈਂ ਵਾਂਡਾ, ਸਾਡੇ ਗੁਆਂਢ 'ਚ ਤੈਨੂੰ ਜੀ ਆਇਆਂ।"

"ਰਾਤ ਫਿਰ ਨਵੇਂ ਥਾਂ ਆਉਣ ਦੀ ਖੁਸ਼ੀ 'ਚ ਪਾਰਟੀ ਚੱਲ ਰਹੀ ਸੀ?" ਆਈਵਨ ਨੇ ਮੁਸਕਰਾ ਕੇ ਕਿਹਾ। ਇਸ ਤਰ੍ਹਾਂ ਮੁਸਕਰਾਉਣ ਲਈ ਉਸ ਦੇ ਬੁੱਲ੍ਹਾਂ ਨੂੰ ਕਾਫ਼ੀ ਮੁਸ਼ੱਕਤ ਕਰਨੀ ਪਈ।

"ਹਾਂ, ਹਰੇਕ ਸ਼ੱਦੀ ਰਾਤ ਨੂੰ ਇਵੇਂ ਹੀ ਪਾਰਟੀਆਂ ਹੋਇਆ ਕਰਨਗੀਆਂ। ਤੁਸੀਂ ਵੀ ਆ ਜਾਇਆ ਕਰੋ। ਤੁਹਾਡੀ ਸ਼ਰਾਬ ਮੇਰੇ ਵੱਲੋਂ," ਇੱਡ ਨੇ ਕਿਹਾ।

"ਧੰਨਵਾਦ, ਪਰ ਅਸੀਂ ਪਾਰਟੀਆਂ ਦੇ ਆਦੀ ਨਹੀਂ," ਆਈਵਨ ਨੇ ਕਿਹਾ।

"ਤੁਹਾਡੇ ਲਈ ਬੇਹਤਰ ਹੋਵੇਗਾ ਕਿ ਤੁਸੀਂ ਇਨ੍ਹਾਂ ਪਾਰਟੀਆਂ ਦੀ ਆਦਤ ਪਾ ਲਵੋ। ਜੇ ਨਹੀਂ ਪਾਰਟੀਆਂ ਪਸੰਦ ਤਾਂ ਇਨ੍ਹਾਂ ਰਾਤਾਂ ਨੂੰ ਬਾਹਰ ਚਲੇ ਜਾਇਆ ਕਰੋ," ਇੱਡ ਨੇ ਬਿਸਕੁਟਾਂ ਵਾਲਾ ਡੱਬਾ ਅੰਦਰ ਵੱਲ ਸੁੱਟ ਕੇ ਢਾਕਾਂ ਉੱਪਰ ਹੱਥ ਰੱਖ ਕੇ ਕਿਹਾ।



"ਲੱਗਦਾ ਹੈ ਤੂੰ ਮਾਖੌਲ ਕਰਦੈਂ," ਵਾਂਡਾ ਨੇ ਮੁਸਕਰਾਂਉਂਦਿਆਂ ਹੋਇਆਂ ਕਿਹਾ।

"ਨਹੀਂ," ਇੱਡ ਬੋਲਿਆ।

"ਪਾਰਟੀ ਸਦੇਹਾਂ ਨਹੀਂ ਹੋ ਸਕਦੀ?" ਆਈਵਨ ਨੇ ਜਿਵੇਂ ਤਰਲਾ ਲਿਆ ਹੋਵੇ।

"ਨਹੀਂ, ਜਦ ਪੱਬ ਬੰਦ ਹੋਣ ਦਾ ਸਮਾਂ ਹੁੰਦਾ ਹੈ, ਸਾਡੀ ਪਾਰਟੀ ਉਦੋਂ ਸ਼ੁਰੂ ਹੁੰਦੀ ਹੈ," ਇੱਡ ਨੇ ਕਿਹਾ।

"ਤਾਂ ਤੂੰ ਇੱਥੇ ਘਰ 'ਚ ਹੀ ਬੂਜ਼ਕੈਨ ਖੋਲ੍ਹ ਰਿਹੈਂ?" ਆਈਵਨ ਨੇ ਕਿਹਾ।

"ਹਾਂ, ਤੇਰਾ ਅੰਦਾਜ਼ਾ ਠੀਕ ਹੈ। ਮੈਂ ਬਹੁਤ ਕੋਸ਼ਿਸ਼ ਤੋਂ ਬਾਅਦ ਇਹ ਢੁੱਕਵੀਂ ਥਾਂ ਲੱਭੀ ਆ," ਇੱਡ ਨੇ ਕਿਹਾ।

"ਤੂੰ ਸਾਡੇ ਗੁਆਂਢ ਵਿੱਚ ਇਸ ਤਰ੍ਹਾਂ ਨਹੀਂ ਕਰ ਸਕਦਾ," ਆਈਵਨ ਬੋਲਿਆ।

"ਇਹੀ ਨਹੀਂ, ਮੈਂ ਹੋਰ ਵੀ ਬਹੁਤ ਕੁਝ ਕਰ ਸਕਦਾਂ। ਚੰਗਾ ਹੋਵੇਗਾ ਜੇ ਤੁਸੀਂ ਮੇਰੇ ਰਸਤੇ ਵਿੱਚ ਨਾ ਆਓ," ਇੱਡ ਬੋਲਿਆ।

"ਅਸੀਂ ਨਵੇਂ ਗੁਆਂਢੀ ਹੋਣ ਦੇ ਨਾਤੇ ਤੇਰੇ ਨਾਲ ਸਾਂਝ ਪੈਦਾ ਕਰਨ ਆਏ ਸੀ ਤੇ ਤੂੰ ਧਮਕੀਆਂ ਦੇ ਰਿਹੈਂ," ਵਾਂਡਾ ਨੇ ਕਿਹਾ।

"ਬੁੱਢੀਏ, ਇਸ ਨੂੰ ਧਮਕੀ ਨਾ ਸਮਝ, ਇਹ ਮੇਰੀ ਸਲਾਹ ਹੈ। ਤੇ ਹਾਂ, ਜੇ ਕਿਤੇ ਸ਼ਿਕਾਇਤ ਕੀਤੀ ਤਾਂ ਅੱਧਾ ਧਰਤੀ 'ਚ ਗੱਡ ਦਿਆਂਗਾ," ਇੱਡ ਨੇ ਢਾਕਾਂ ਉੱਪਰ ਰੱਖੇ ਹੱਥ ਨਾਲ ਆਪਣਾ ਝੱਗਾ ਉੱਪਰ ਵੱਲ ਸਰਕਾਇਆ। ਕੋਕਿਆਂ ਵਾਲੀ ਪੇਟੀ ਦੇ ਹੇਠ ਪਸਤੌਲ ਦਾ ਮੁੱਠਾ ਲਿਸ਼ਕਿਆ।

ਵਾਂਡਾ ਨੇ ਆਈਵਨ ਦਾ ਹੱਥ ਘੁੱਟ ਲਿਆ ਅਤੇ ਖਿੱਚ ਕੇ ਉਸ ਨੂੰ ਆਪਣੇ ਨਾਲ ਤੋਰ ਲਿਆ। ਆਈਵਨ ਦੀਆਂ ਅੱਖਾਂ ਵਿੱਚ ਕ੍ਰੋਧ ਅਤੇ ਬੇਬਸੀ ਦੇ ਰਲਵੇਂ ਪਰਛਾਵੇਂ ਨਮੀ ਦੇ ਰੂਪ ਵਿੱਚ ਉੱਤਰਨ ਲੱਗੇ। ਪਿੱਠ ਪਿੱਛੋਂ ਇੱਡ ਦੀ ਆਵਾਜ਼ ਉਨ੍ਹਾਂ ਦੇ ਕੰਨੀਂ ਪਈ, "ਇੱਕ ਗੱਲ ਹੋਰ, ਜੇ ਮੇਰੇ ਕਿਸੇ ਮਹਿਮਾਨ ਨਾਲ ਬਦਮਜ਼ਗੀ ਕੀਤੀ ਤਾਂ ਹੋਰ ਵੀ ਮਾੜਾ ਹੋਵੇਗਾ।" ਆਈਵਨ ਦੇ ਪੈਰ ਥੋੜ੍ਹਾ ਰੁਕੇ ਪਰ ਵਾਂਡਾ ਦੀ ਖਿੱਚ ਨਾਲ ਉਹ ਬਿਨਾਂ ਪਿੱਛੇ ਵੱਲ ਦੇਖੇ ਚੁੱਪ-ਚਾਪ ਤੁਰਦਾ ਰਿਹਾ। ਇੱਕ-ਦੂਜੇ ਦਾ ਹੱਥ ਫੜੀ ਉਹ ਆਪਣੇ ਘਰ ਅੰਦਰ ਵੜ ਗਏ। ਆਈਵਨ ਨੂੰ ਆਪਣੀਆਂ ਬਾਹਾਂ ਵਿੱਚੋਂ ਸੇਕ ਨਿਕਲਦਾ ਮਹਿਸੂਸ ਹੋਇਆ। ਉਸ ਦੀਆਂ ਮੁੱਠੀਆਂ ਮਿਚ ਗਈਆਂ। ਉਸ ਨੂੰ ਲੱਗਾ ਜਿਵੇਂ ਉਸ ਦੀਆਂ ਉਂਗਲਾਂ ਬੇਜਾਨ ਹੋਣ। ਫਿਰ ਉਸ ਨੂੰ ਆਪਣੀਆਂ ਲੱਤਾਂ ਵੀ ਕੰਬਦੀਆਂ ਮਹਿਸੂਸ ਹੋਈਆਂ। ਉਹ ਸੋਫ਼ੇ ਉੱਪਰ ਬੈਠ ਗਿਆ। ਵਾਂਡਾ ਵੀ ਚੁੱਪ-ਚਾਪ ਉਸ ਨਾਲ ਲੱਗ ਕੇ ਬੈਠ ਗਈ। ਆਈਵਨ ਦੇ ਚਿੱਤ ਵਿੱਚ ਆਈ ਕਿ ਉਹ ਇੱਕ ਦਮ ਉੱਠੇ ਅਤੇ ਪੂਰੀ ਰਫ਼ਤਾਰ ਨਾਲ ਭੱਜ ਕੇ ਆਪਣਾ ਸਿਰ ਇੱਡ ਦੇ ਢਿੱਡ ਵਿੱਚ ਮਾਰੇ। ਉਸ ਦਾ ਸੰਘ ਕੌੜਾ-ਕੌੜਾ ਹੋ ਗਿਆ। ਉਸ ਦਾ ਚੰਘਿਆੜ ਮਾਰਨ ਨੂੰ ਚਿੱਤ ਕੀਤਾ। ਪਰ ਉਸ ਨੇ ਕੁਝ ਵੀ ਨਾ ਕੀਤਾ। ਉਸ ਦੀਆਂ ਅੱਖਾਂ ਵਿੱਚੋਂ ਚੰਗਿਆੜੇ ਨਿਕਲਣ ਲੱਗੇ। ਵਾਂਡਾ ਨੇ ਭਰੀਆਂ ਅੱਖਾਂ ਨਾਲ ਆਈਵਨ ਵੱਲ ਵੇਖਿਆ ਅਤੇ ਉਸ ਨੂੰ ਆਪਣੀਆਂ ਬਾਹਾਂ ਵਿੱਚ ਭਰ ਲਿਆ। "ਮੈਂ ਕਿਸੇ ਕੰਮ ਦਾ ਨਹੀਂ ਵਾਂਡਾ," ਆਖਦੇ ਹੋਏ ਆਈਵਨ ਦੇ ਬੁੱਲ੍ਹ ਫ਼ਰਕੇ।

"ਇਸ ਤਰ੍ਹਾਂ ਨਾ ਆਖ, ਤੂੰ ਦੁਨੀਆਂ ਦਾ ਸਭ ਤੋਂ ਪਿਆਰਾ ਤੇ ਚੰਗਾ ਇਨਸਾਨ ਹੈਂ," ਆਖ ਕੇ ਵਾਂਡਾ ਨੇ ਉਸ ਨੂੰ ਹੋਰ ਜ਼ੋਰ ਨਾਲ ਘੁੱਟ ਲਿਆ।

"ਕਾਹਦਾ ਚੰਗਾ? ਐਨੀ ਬੇਇੱਜ਼ਤੀ ਕਰਵਾ ਕੇ ਚੁੱਪ-ਚਾਪ ਤੁਰ ਆਇਆਂ," ਆਈਵਨ ਨੇ ਕਿਹਾ।

"ਬਦਮਾਸਾਂ ਨਾਲ ਟੱਕਰ ਲੈਣੀ ਸਾਡਾ ਕੰਮ ਨਹੀਂ। ਪੁਲੀਸ ਦਾ ਹੈ," ਵਾਂਡਾ ਨੇ ਕੱਸ ਢਿੱਲੀ ਕਰਦੀ ਨੇ ਕਿਹਾ।

"ਤਾਂ, ਚੱਲ ਪੁਲੀਸ ਨੂੰ ਇਤਲਾਹ ਕਰੀਏ," ਆਖਦੇ ਹੋਏ ਆਈਵਨ ਨੇ ਵਾਂਡਾ ਦੀਆਂ ਬਾਹਾਂ ਪਾਸੇ ਕੀਤੀਆਂ।

"ਨਹੀਂ, ਤੂੰ ਸ਼ਾਂਤ ਹੋ ਪਹਿਲਾਂ, ਫੇਰ ਦੇਖਾਂਗੇ ਕਿ ਕੀ ਕਰਨਾ ਹੈ," ਆਖ ਕੇ ਵਾਂਡਾ ਨੇ ਆਈਵਨ ਨੂੰ ਫਿਰ ਘੁੱਟ ਲਿਆ ਅਤੇ ਉਸ ਨੂੰ ਸ਼ਾਂਤ ਕਰਨ ਲੱਗੀ।

ਜਜ਼ਬਾਤ ਦੇ ਇਸ ਜਵਾਰਭਾਟੇ ਦੇ ਸ਼ਾਂਤ ਹੋਣ 'ਤੇ ਜਦ ਆਈਵਨ ਗੁਸਲਖਾਨੇ ਵਿੱਚ ਆਪਣਾ ਮੂੰਹ ਧੋਣ ਗਿਆ ਤਾਂ ਉਸ ਨੂੰ ਲੱਗਾ ਜਿਵੇਂ ਸ਼ੀਸ਼ੇ ਵਿੱਚ ਖੜ੍ਹਾ ਆਦਮੀ ਕੋਈ ਹੋਰ ਹੋਵੇ। ਆਈਵਨ ਤੋਂ ਉੱਥੇ ਹੋਰ ਖੜ੍ਹਾ ਨਹੀਂ ਰਿਹਾ ਗਿਆ ਅਤੇ ਉਹ ਆਪਣੇ ਸਹਿਮੀਆਂ ਅੱਖਾਂ ਵਾਲੇ ਚੇਹਰੇ ਨੂੰ ਆਪਣੇ ਹੱਥਾਂ ਵਿੱਚ ਘੁੱਟੀ ਵਾਂਡਾ ਕੋਲ ਆ ਗਿਆ।

ਸੋਫ਼ੇ 'ਤੇ ਕੌਫ਼ੀ ਦਾ ਕੱਪ ਫੜੀ ਬੈਠੇ ਆਈਵਨ ਦੇ ਮੂਹਰੇ ਆਪਣੀਆਂ ਉਹੀ ਸਹਿਮੀਆਂ ਅੱਖਾਂ ਫਿਰਨ ਲੱਗੀਆਂ। ਆਈਵਨ ਨੇ ਇੱਕ ਲੰਮਾ ਹਾਉਕਾ ਲਿਆ। 'ਜੇ ਉਸੇ ਦਿਨ ਹੀ ਪੁਲੀਸ ਨੂੰ ਇਤਲਾਹ ਕਰ ਦਿੰਦੇ ਤਾਂ ਚੰਗੇ ਰਹਿੰਦੇ'; ਉਸ ਨੇ ਸੋਚਿਆ।

'ਐਹੋ ਜੇ ਬਦਮਾਸ਼ਾਂ ਨਾਲ ਟੱਕਰ ਲੈਣੀ ਆਪਣਾ ਕੰਮ ਨਹੀਂ'; ਉਸ ਨੂੰ ਵਾਂਡਾ ਦਾ ਕਿਹਾ ਚੇਤੇ ਆਇਆ। ਫਿਰ ਉਸ ਦਾ ਵਾਂਡਾ ਨੂੰ ਧਰਵਾਸ ਦੇਣ ਲਈ ਆਪਣਾ ਕਿਹਾ ਹੀ ਚੇਤੇ ਆਇਆ। ਉਸ ਨੇ ਕਿਹਾ ਸੀ, "ਐਹੋ-ਜਿਹੇ ਬੂਜ਼ਕੈਨ ਬਹੁਤੀ ਦੇਰ ਨਹੀਂ ਚੱਲਦੇ ਹੁੰਦੇ।" ਇਸ ਸੋਚ ਨਾਲ ਆਈਵਨ ਨੂੰ ਕੁਝ ਧਰਵਾਸਾ ਜਿਹਾ ਹੋਇਆ। ਉਸ ਨੇ ਕੌਫ਼ੀ ਦੇ ਕੱਪ ਵਿੱਚੋਂ ਘੁੱਟ ਭਰੀ। ਆਪਣਾ ਧਿਆਨ ਹੋਰ ਪਾਸੇ ਕਰਨ ਬਾਰੇ ਸੋਚ ਕੇ ਉਸ ਨੇ ਟੈਲੀਵਿਜਨ ਚਾਲੂ ਕਰ ਲਿਆ। ਪਰ ਉਸ ਦਾ ਧਿਆਨ ਉੱਥੇ ਨਾ ਟਿਕਿਆ। ਉਹ ਰੀਮੋਟ ਕੰਟਰੋਲ ਨਾਲ ਚੈਨਲ ਬਦਲਣ ਲੱਗਾ। ਪਰ ਟੀ ਵੀ ਦੇ ਕਿਸੇ ਵੀ ਪ੍ਰੋਗਰਾਮ ਨੇ ਉਸ ਦਾ ਜੀਅ ਨਾ ਲਵਾਇਆ। ਉਸ ਨੇ ਰੀਮੋਟ ਕੰਟਰੋਲ ਪਾਸੇ ਰੱਖ ਕੇ ਸੋਫੇ ਨਾਲ ਢੋਅ ਲਗਾ ਲਈ। ਟੈਲੀਵਿਜਨ ਉੱਪਰ ਅਮਰੀਕਾ ਦੇ ਰਾਸ਼ਟਰਪਤੀ ਜੌਰਜ ਡਬਲਿਊ ਬੁਸ਼ ਦੀ ਪੁਰਾਣੀ ਵੀਡੀਓ ਵਿਖਾਈ ਜਾ ਰਹੀ ਸੀ। ਉਹ ਆਖ ਰਿਹਾ ਸੀ ਕਿ ਹੋਰ ਕੋਈ ਦੇਸ਼ ਸਾਡਾ ਸਾਥ ਦੇਵੇ ਜਾਂ ਨਾ ਦੇਵੇ ਅਸੀਂ ਇਰਾਕ ਵਿੱਚ ਆਪਣੀਆਂ ਫੌਜ਼ਾਂ ਭੇਜਾਂਗੇ——। ਪਰ ਆਈਵਨ ਦਾ ਧਿਆਨ ਉਸ ਨੇ ਵੀ ਆਪਣੇ ਵੱਲ ਨਾ ਖਿੱਚਿਆ। ਉਸ ਨੇ ਸੋਫ਼ੇ ਨਾਲ ਢੋਅ ਲਗਾ ਕੇ ਅੱਖਾਂ ਮੀਚ ਲਈਆਂ। ਫਿਰ ਉਸ ਨੂੰ ਲੱਗਾ ਜਿਵੇਂ ਟੀ ਵੀ ਰੀਪੋਰਟਰ ਨੇ ਕਿਹਾ ਹੋਵੇ: 'My way or highway'। ਇਹ ਸ਼ਬਦ ਸੁਣਦਿਆਂ ਹੀ ਉਸ ਦੇ ਚੇਤੇ ਵਿੱਚ ਮਾਈਕ ਆ ਖਲੋਤਾ, ਜਿਸ ਦੇ ਵੇਅਰਹਾਊਸ ਵਿੱਚ ਉਸ ਨੇ ਬਹੁਤ ਵਰ੍ਹੇ ਪਹਿਲਾਂ ਕੁਝ ਕੁ ਦਿਨ ਕੰਮ ਕੀਤਾ ਸੀ। ਅਸਲ ਵਿੱਚ ਇਹ ਅਖਾਣ ਆਈਵਨ ਦੇ ਚੇਤੇ ਵਿੱਚ ਮਾਈਕ ਨਾਲ ਜੁੜ ਗਈ ਸੀ। ਜਦ ਵੀ ਇਹ ਅਖਾਣ ਸੁਣਦਾ ਜਾਂ ਪੜ੍ਹਦਾ ਤਾਂ ਝੱਟ ਮਾਈਕ ਉਸ ਦੇ ਚੇਤੇ 'ਚ ਆ ਟਪਕਦਾ ਜਾਂ ਜੇ ਕਦੇ ਮਾਈਕ ਦਾ ਖਿਆਲ ਉਸ ਨੂੰ ਆਉਂਦਾ ਤਾਂ ਝੱਟ ਇਹ ਅਖਾਣ ਆਈਵਨ ਨੂੰ ਯਾਦ ਆ ਜਾਂਦਾ। ਮਾਈਕ ਦਾ ਖਿਆਲ ਆਉਂਦਿਆਂ ਹੀ ਉਸ ਨੂੰ ਆਪਣੇ ਮੂੰਹ ਦਾ ਸਵਾਦ ਬਦਲ ਗਿਆ ਲੱਗਾ। "ਹਰਾਮੀ," ਆਈਵਨ ਬੁੜਬੜਾਇਆ।

'ਤੈਨੂੰ ਮੇਰੇ ਤਰੀਕੇ ਨਾਲ ਕੰਮ ਕਰਨਾ ਪਵੇਗਾ'; ਆਈਵਨ ਦੇ ਚੇਤੇ 'ਚ ਮਾਈਕ ਦਾ ਆਮ ਬੋਲਿਆ ਜਾਂਦਾ ਇਹ ਫ਼ਿਕਰਾ ਗੂੰਜਿਆ।

ਉਦੋਂ ਆਈਵਨ ਇਹ ਫ਼ਿਕਰਾ ਸੁਣ ਕੇ 'ਚੰਗਾ'; ਆਖਦਾ ਅਤੇ ਮਾਈਕ ਦੇ ਦੱਸੇ ਅਨੁਸਾਰ ਕੰਮ ਕਰਨ ਦੀ ਕੋਸ਼ਿਸ਼ ਕਰਨ ਲੱਗਦਾ। ਪਰ ਚਿੱਤ ਵਿੱਚ ਉਹ ਰਿੱਝਣ ਲੱਗਦਾ, 'ਉਮਰ ਦਾ ਵੀ ਖਿਆਲ ਨਹੀਂ ਕਰਦਾ, ਕੱਲ੍ਹ ਦਾ ਛੋਕਰਾ ਹੈ। ਤੀਹ ਸਾਲ ਮਿੱਲ੍ਹ ਵਿੱਚ ਫਸਟਏਡ ਦਾ ਕੰਮ ਕਰਦਾ ਰਿਹਾਂ।—— ਜੇ ਮਿੱਲ੍ਹ ਬੰਦ ਨਾ ਹੁੰਦੀਂ ਤਾਂ ਐਹੋ ਜੇਹੀ ਸ਼ਿਪਿੰਗ-ਰਿਸੀਵਿੰਗ ਦੀ ਨੌਕਰੀ 'ਤੇ ਥੁੱਕਦਾ ਵੀ ਨਾ।' ਇਸ ਤਰ੍ਹਾਂ ਸੋਚਦੇ ਆਈਵਨ ਦਾ ਅੰਦਰ ਗੁੱਸੇ ਨਾਲ ਨੱਕੋ-ਨੱਕ ਭਰ ਜਾਂਦਾ। ਇਹ ਗੁੱਸਾ ਉਹ



ਪੈਕ ਕੀਤੇ ਬਕਸਿਆਂ ਨੂੰ ਸਕਿੱਡ ਉੱਤੇ ਪਟਕ ਕੇ ਕੱਢਦਾ। ਜੇ ਮਾਈਕ ਨੇੜੇ ਤੇੜੇ ਵੇਖਦਾ ਹੁੰਦਾ ਤਾਂ ਉਹ ਝੱਟ ਆਖ ਦਿੰਦਾ, "ਹੌਲੀ ਰੱਖ, ਬਕਸਾ ਪਾਟ ਜਾਵੇਗਾ।" ਜਵਾਬ ਵਿੱਚ ਆਈਵਨ ਮੂੰਹੋਂ ਕੁਝ ਨਾ ਬੋਲਦਾ ਪਰ ਘ੍ਰਿਣਾਮਈ ਤੱਕਣੀ ਮਾਈਕ ਵੱਲ ਸੁੱਟਦਾ। ਆਈਵਨ ਨੂੰ ਲੱਗਦਾ ਜਿਵੇਂ ਮਾਈਕ ਉਸ ਨੂੰ ਤੰਗ ਕਰ ਕੇ ਖੁਸ਼ ਹੁੰਦਾ ਹੋਵੇ । ਕਈ ਵਾਰ ਮਾਈਕ ਤੇਜ਼ ਰਫ਼ਤਾਰ ਨਾਲ ਉਸ ਕੋਲ ਆਉਂਦਾ ਅਤੇ ਆਖਦਾ ਕਿ ਹਥਲਾ ਆਰਡਰ ਛੱਡ ਕੇ ਦੂਸਰਾ ਪੈਕ ਕਰ। ਜੇ ਆਈਵਨ ਅੱਗੋਂ ਆਖ ਦਿੰਦਾ ਕਿ ਬੱਸ ਇੱਕ ਹੋਰ ਚੀਜ਼ ਰਹਿ ਗਈ ਹੈ। ਇਸ ਨੂੰ ਨਬੇੜ ਲੈਣ ਦੇ। ਮਾਈਕ ਦੀ ਆਵਾਜ਼ ਉੱਚੀ ਹੋ ਜਾਂਦੀ। ਉਹ ਆਖਦਾ, "ਉਂਝ ਕਰ ਜਿਹੜਾ ਕੁਝ ਮੈਂ ਆਖਦਾਂ।" ਆਈਵਨ ਨੂੰ ਲੱਗਦਾ ਜਿਵੇਂ ਇਹ ਸਭ ਕੁਝ ਮਾਈਕ ਕੰਪਨੀ ਦਾ ਮਾਲਕ ਹੋਣ ਦਾ ਆਈਵਨ ਨੂੰ ਅਹਿਸਾਸ ਕਰਵਾਉਣ ਲਈ ਕਰਦਾ ਹੋਵੇ ਨਹੀਂ ਤਾਂ ਪੰਜ ਮਿੰਟ ਠਹਿਰ ਕੇ ਦੂਸਰਾ ਆਰਡਰ ਪੈਕ ਕਰਨ ਨਾਲ ਪਹਾੜ ਨਹੀਂ ਸੀ ਉੱਤੇ ਡਿੱਗਣ ਲੱਗਾ।

ਤੇ ਉਹ ਦਿਨ ਆਈਵਨ ਦੇ ਚੇਤੇ ਵਿੱਚ ਆਇਆ ਜਿਸ ਦਿਨ ਉਸ ਨੂੰ ਲੱਗਾ ਸੀ ਕਿ ਮਾਈਕ ਇੱਕ ਸ਼ੇਰ ਵਾਂਗ ਇੰਜ ਦਹਾੜਿਆ ਸੀ ਜਿਵੇਂ ਉਸ ਦੇ ਰਾਜ ਵਿਚਲੇ ਕਿਸੇ ਚੂਹੇ ਨੇ ਉਸ ਨਾਲ ਜ਼ੁਬਾਨ-ਦਰਾਜ਼ੀ ਕੀਤੀ ਹੋਵੇ। ਗੱਲ ਇਸ ਤਰ੍ਹਾਂ ਹੋਈ ਸੀ: ਆਈਵਨ ਨੇ ਇੱਕ ਬਹੁਤ ਛੋਟਾ ਆਰਡਰ ਪੈਕ ਕਰਕੇ ਆਪਣੇ ਕੋਲ ਰੱਖ ਲਿਆ ਅਤੇ ਦੂਜਾ ਛੋਟਾ ਆਰਡਰ ਪੈਕ ਕਰਨ ਲੱਗਾ ਹੀ ਸੀ ਕਿ ਉੱਤੋਂ ਹੀ ਮਾਈਕ ਆ ਧਮਕਿਆ। ਉਸ ਨੇ ਜਦ ਪੈਕ ਕੀਤਾ ਹੋਇਆ ਬਕਸਾ ਆਈਵਨ ਦੇ ਕੋਲ ਦੇਖਿਆ ਤਾਂ ਕੜਕ ਕੇ ਬੋਲਿਆ, "ਇਹ ਤਿਆਰ ਆਰਡਰ ਇੱਥੇ ਕਿਉਂ ਹੈ? ਇਸ ਨੂੰ ਤਾਂ ਕੋਰੀਅਰ ਦੇ ਚੁੱਕਣ ਲਈ ਦਰਵਾਜ਼ੇ ਕੋਲ ਹੋਣਾ ਚਾਹੀਦਾ ਸੀ, ਨਹੀਂ?"

"ਆਹ ਆਰਡਰ ਪੈਕ ਕਰਕੇ ਮੈਂ ਇਕੱਠਾ ਹੀ ਕੋਰੀਅਰ ਕੰਪਨੀ ਨੂੰ ਫ਼ੋਨ ਕਰਾਂਗਾ," ਆਈਵਨ ਨੇ ਕਿਹਾ।

"ਮੇਰਾ ਅਸੂਲ ਹੈ ਕਿ ਜਦੋਂ ਵੀ ਪੈਕ ਹੋ ਗਿਆ ਉਦੋਂ ਹੀ ਕੋਰੀਅਰ ਨੂੰ ਸੱਦੋ," ਮਾਈਕ ਨੇ ਕਿਹਾ।

"ਇਸ ਆਰਡਰ ਨੂੰ ਪੈਕ ਕਰਨ ਲਈ ਸਿਰਫ਼ ਦੋ ਮਿੰਟ ਹੀ ਲੱਗਣੇ ਆ," ਆਈਵਨ ਬੋਲਿਆ।

"ਮੈਨੂੰ ਨੀ ਪਰਵਾਹ।"

"ਤੈਨੂੰ ਕੰਮ ਹੋਇਆ ਚਾਹੀਦਾ ਹੈ। ਮੈਂ ਜਿਵੇਂ ਮਰਜ਼ੀ ਕਰਾਂ," ਆਈਵਨ ਨੇ ਕਿਹਾ।

"ਮੈਂ ਮਾਲਕ ਹਾਂ। ਜੇ ਇੱਥੇ ਨੌਕਰੀ ਕਰਨੀ ਹੈ ਤਾਂ ਜਿਵੇਂ ਮੈਂ ਕਹਿੰਦਾ ਹਾਂ ਉਵੇਂ ਹੀ ਕਰਨਾ ਪਵੇਗਾ," ਮਾਈਕ ਦਹਾੜਿਆ।

ਸੋਫ਼ੇ 'ਤੇ ਬੈਠੇ ਆਈਵਨ ਨੂੰ ਲੱਗਾ ਜਿਵੇਂ ਇਹ ਆਵਾਜ਼ ਕਿਤੇ ਨੇੜਿਓਂ ਹੀ ਆਈ ਹੋਵੇ। 'ਹਰਾਮੀ ਨੇ ਜ਼ਿੰਦਗੀ ਨਰਕ ਬਣਾ ਧਰੀ ਸੀ'; ਉਸ ਨੇ ਸੋਚਿਆ। ਉਹੋ-ਜਿਹੀ ਕੁੜੱਤਣ ਉਸ ਦੇ ਅੰਦਰ ਭਰਨ ਲੱਗੀ, ਜਿਸ ਨਾਲ ਉਹ ਪਿਛਲੀ ਸਾਰੀ ਰਾਤ ਤੜਫਦਾ ਰਿਹਾ ਸੀ। ਪਿਛਲੀ ਰਾਤ ਦਾ ਖਿਆਲ ਆਉਂਦੇ ਹੀ ਆਈਵਨ ਨੇ ਆਪਣੇ ਸਿਰ ਨੂੰ ਝਟਕਿਆ। 'ਪਿਛਲੀ ਰਾਤ ਨੂੰ ਯਾਦ ਕਰ ਕੇ ਆਪਣਾ ਦਿਨ ਨਹੀਂ ਖਰਾਬ ਕਰਾਂਗਾ'; ਇਹ ਸੋਚ ਕੇ ਆਈਵਨ ਨੇ ਆਪਣਾ ਧਿਆਨ ਟੀ ਵੀ ਵੱਲ ਕਰਨਾ ਚਾਹਿਆ।

ਰਾਸ਼ਟਰਪਤੀ ਬੁਸ਼ ਆਖ ਰਿਹਾ ਸੀ ਕਿ ਇਰਾਕ ਵਿੱਚ ਮਾਰੂ ਹਥਿਆਰਾਂ ਦੇ ਭੰਡਾਰ ਹਨ। ਅਮਰੀਕਾ ਦਾ ਫ਼ਰਜ਼ ਹੈ ਕਿ ਉਹ ਇਰਾਕੀਆਂ ਅਤੇ ਦੁਨੀਆਂ ਨੂੰ ਇਸ ਤੋਂ ਨਿਜਾਤ ਦਿਵਾਏ——

ਪਰ ਆਈਵਨ ਦੇ ਅੰਦਰੋਂ ਮਾਈਕ ਦਾ ਖਿਆਲ ਵਿਸਰ ਨਹੀਂ ਸੀ ਰਿਹਾ। ਫਿਰ ਮਾਈਕ

ਦਾ ਚੇਹਰਾ ਡੇਲ ਦੇ ਚੇਹਰੇ ਵਿੱਚ ਬਦਲ ਗਿਆ। ਆਈਵਨ ਦੇ ਹਾਈ ਸਕੂਲ ਵੇਲੇ ਦਾ ਜਮਾਤੀ ਡੇਲ ਵੀ ਉਸ ਦੇ ਦਿਮਾਗ ਵਿੱਚ ਕਿਤੇ ਡੂੰਘਾ ਖੁੱਭਾ ਹੋਇਆ ਸੀ। ਪਹਿਲਾਂ ਉਸ ਦੇ ਚੇਤਿਆਂ ਵਿੱਚ ਡੇਲ ਹੀ ਆਉਂਦਾ ਸੀ ਅਤੇ ਫਿਰ ਉਸ ਦੀ ਯਾਦ ਆਈਵਨ ਦੇ ਅੰਦਰ ਮਾਈਕ ਨਾਲ ਜੁੜ ਗਈ ਸੀ। ਮਾਈਕ ਦੇ ਖਿਆਲ ਨਾਲ ਡੇਲ ਦਾ ਚੇਤਾ ਵੀ ਆ ਜਾਂਦਾ। ਇਹ ਉਦੋਂ ਤੋਂ ਹੋਣ ਲੱਗਾ ਸੀ ਜਦ ਉਹ ਮਾਈਕ ਦੇ ਵੇਅਰਹਾਊਸ ਵਿੱਚ ਕੰਮ ਕਰਨ ਲੱਗਾ ਸੀ। ਦਿਨ ਭਰ ਮਾਈਕ ਦਾ ਸਤਾਇਆ ਜਦ ਉਹ ਰਾਤ ਨੂੰ ਸੌਣ ਲੱਗਦਾ, ਡੇਲ ਉਸ ਦੇ ਚੇਤਿਆਂ 'ਚ ਆ ਕੇ ਉਸ ਨੂੰ ਹੋਰ ਪ੍ਰੇਸ਼ਾਨ ਕਰ ਜਾਂਦਾ ਅਤੇ ਆਈਵਨ ਨੂੰ ਆਪਣਾ ਆਪ ਹੀਣਾ-ਹੀਣਾ ਲੱਗਣ ਲੱਗਦਾ। ਡੇਲ ਦਾ ਖਿਆਲ ਆਉਣ ਸਾਰ ਹੀ ਆਈਵਨ ਨੇ ਆਪਣੀ ਨਿਗ੍ਹਾ ਸਕਰੀਨ ਤੋਂ ਹਟਾ ਲਈ। ਉਸ ਨੇ ਸੋਚਿਆ ਕਿ ਆਪਣੇ ਆਪ ਨੂੰ ਕਿਸੇ ਪਾਸੇ ਰੁਝਾਅ ਲਵੇ ਨਹੀਂ ਤਾਂ ਜੇ ਯਾਦਾਂ ਦੀ ਪਟਾਰੀ ਖੁੱਲ੍ਹਣ ਲੱਗੀ ਤਾਂ ਪਤਾ ਨੀ ਕਦੋਂ-ਕਦੋਂ ਦਾ ਅੰਦਰ ਡੱਕਿਆ ਕੀ-ਕੀ ਚੇਤਿਆਂ ਵਿੱਚ ਆਉਣ ਲੱਗੇਗਾ। ਇਹ ਸੋਚ ਕੇ ਆਈਵਨ ਕੌੜੀ ਵਾਲਾ ਖਾਲੀ ਕੱਪ ਚੁੱਕ ਕੇ ਸੈਂਕ ਵਿੱਚ ਰੱਖਣ ਲਈ ਉੱਠ ਖਲੋਤਾ।

ਟੀ ਵੀ ਉੱਪਰ ਵਿਖਾਈ ਜਾ ਰਹੀ ਡਾਕੂਮੈਂਟਰੀ ਦਾ ਸੂਤਰਧਾਰ ਆਖ ਰਿਹਾ ਸੀ ਕਿ ਜਦ ਇਰਾਕੀ ਰਾਸ਼ਟਰਪਤੀ ਸਦਾਮ ਹੁਸੈਨ ਨੇ ਸੰਨ 2000 ਵਿੱਚ ਇਰਾਕੀ ਰਿਜ਼ਰਵ ਫੰਡ ਦੇ ਦਸ ਬਿਲੀਅਨ ਡਾਲਰ ਨੂੰ ਯੂਰੋ ਕਰੰਸੀ ਵਿੱਚ ਤਬਦੀਲ ਕੀਤਾ ਸੀ ਤਾਂ ਅਮਰੀਕਾ ਇਹ ਸਹਾਰ ਨਹੀਂ ਸੀ ਸਕਿਆ। ਅਮਰੀਕੀ ਰਾਸ਼ਟਰਪਤੀ ਬੁਸ਼ ਇਹ ਕਿਵੇਂ ਬਰਦਾਸ਼ਿਤ ਕਰ ਸਕਦਾ ਸੀ ਕਿ ਤੇਲ ਦਾ ਵੱਡਾ ਉਤਪਾਦਕ ਇਰਾਕ ਅਮਰੀਕੀ ਡਾਲਰ ਦੀ ਥਾਂ ਯੂਰੋ ਕਰੰਸੀ ਨੂੰ ਦੇਵੇ———।

ਆਈਵਨ ਨੇ ਸੈਂਕ ਦੇ ਨਾਲ ਲੱਗਵੀਂ ਖਿੜਕੀ ਵਿੱਚੋਂ ਬਾਹਰ ਵੱਲ ਵੇਖਿਆ। ਚਾਰੇ ਪਾਸੇ ਸੁੰਨ-ਮ-ਸੁੰਨ ਵੇਖ ਕੇ ਉਸ ਨੇ ਹਾਉਕਾ ਲਿਆ ਅਤੇ ਸੋਚਿਆ, 'ਜੇ ਐਡਾ ਹੀ ਧਰਤੀ 'ਚ ਗੱਡਣ ਵਾਲਾ ਬਲਵਾਨ ਹੈ ਤਾਂ ਬੁਜ਼ਕੈਨ ਉੱਥੇ ਖੋਲ੍ਹਦਾ ਜਿੱਥੇ ਚਾਰੇ ਪਾਸੇ ਮਕਾਨ ਹੁੰਦੇ। ਐਥੇ ਪਤੈ ਬਈ ਚਾਰੇ ਪਾਸੇ ਵਪਾਰਕ ਇਮਾਰਤਾਂ ਰਾਤਾਂ ਨੂੰ ਖਾਲੀ ਹੁੰਦੀਐਂ ਤੇ ਸਾਡਾ ਕੀ ਆ ? ਸਾਨੂੰ ਤਾਂ ਜਿਵੇਂ ਮਰਜੀ ਧਮਕਾ ਕੇ ਚੁੱਪ ਕਰਾ ਲਵੇ'; ਆਈਵਨ ਦੇ ਅੰਦਰ ਖਿੱਝ ਪੈਦਾ ਹੋਈ। ਉਸ ਨੇ ਖਾਲੀ-ਖਾਲੀ ਅੱਖਾਂ ਨਾਲ ਖਿੜਕੀ ਤੋਂ ਬਾਹਰ ਵੱਲ ਵੇਖਿਆ ਅਤੇ ਖਿੜਕੀ ਤੋਂ ਪਾਸੇ ਹੋ ਗਿਆ। 'ਦੂਜਿਆਂ ਨੂੰ ਤੰਗ ਕਰ ਕੇ ਲੋਕਾਂ ਨੂੰ ਪਤਾ ਨਹੀਂ ਕੀ ਮਿਲਦੈ ?" ਸੋਚਦਾ ਉਹ ਮੁੜ ਸੋਫ਼ੇ ਉੱਪਰ ਬੈਠ ਗਿਆ।

ਇਸ ਤਰ੍ਹਾਂ ਉਹ ਉਦੋਂ ਵੀ ਸੋਚਦਾ ਸੀ ਜਦ ਡੇਲ ਉਸ ਨੂੰ ਧਮਕਾ ਕੇ ਉਸ ਨਾਲ ਮਨਮਾਨੀਆਂ ਕਰਦਾ ਸੀ। ਕਦੇ ਉਸ ਨੂੰ ਹੋਮਵਰਕ ਕਰਨ ਲਈ ਆਖਦਾ ਅਤੇ ਕਦੇ ਲੰਚ ਟਾਈਮ 'ਤੇ ਖਾਣ ਲਈ ਕੁਝ ਖ਼੍ਰੀਦ ਕੇ ਦੇਣ ਲਈ। ਇੱਕ ਦਿਨ ਤਾਂ ਉਸ ਨੇ ਆਈਵਨ ਨੂੰ ਆਪਣੇ ਪਿਤਾ ਦੀ ਦੁਕਾਨ ਤੋਂ ਸਿਗਰਟਾਂ ਚੋਰੀ ਕਰ ਕੇ ਲਿਆਉਣ ਲਈ ਆਖ ਦਿੱਤਾ ਸੀ। ਪਰ ਆਈਵਨ ਚੋਰੀ ਨਹੀਂ ਸੀ ਕਰ ਸਕਿਆ। ਚੋਰੀ ਕਰਨ ਲਈ ਉਸ ਦੀ ਰੂਹ ਨਹੀਂ ਸੀ ਮੰਨਦੀ ਪਰ ਜਦ ਡੇਲ ਦਾ ਖਿਆਲ ਆਉਂਦਾ ਤਾਂ ਉਹ ਡਰ ਨਾਲ ਕੰਬ ਜਾਂਦਾ। ਵਾਰ-ਵਾਰ ਉਸ ਦੇ ਕੰਨਾਂ ਵਿੱਚ ਡੇਲ ਦਾ ਕਿਹਾ ਗੂੰਜਦਾ। ਉਸ ਕਿਹਾ ਸੀ, "ਜੇ ਨਾ ਲੈ ਕੇ ਆਇਆ ਤਾਂ —," ਆਖ ਕੇ ਡੇਲ ਨੇ ਉਸ ਨੂੰ ਆਪਣਾ ਡੌਲਾ ਵਿਖਾਇਆ ਸੀ।

'ਪਤਾ ਨ੍ਹੀਂ ਕੀ ਕਰੂਗਾ ?' ਸੋਚ ਕੇ ਆਈਵਨ ਭੈ-ਭੀਤ ਹੋ ਗਿਆ। ਉਸ ਨੂੰ ਆਪਣੇ ਪੇਟ ਵਿੱਚ ਦਰਦ ਮਹਿਸੂਸ ਹੋਇਆ। ਡਰ ਨਾਲ ਹਮੇਸ਼ਾ ਹੀ ਉਹ ਆਪਣੇ ਪੇਟ ਵਿੱਚ ਦਰਦ ਮਹਿਸੂਸ ਕਰਦਾ। ਆਈਵਨ ਨੂੰ ਖਿਆਲ ਆਇਆ ਕਿ ਆਪਣੇ ਪਿਤਾ ਨੂੰ ਦੱਸੇ ਪਰ ਝੱਟ ਉਸ ਨੂੰ ਆਪਣੇ ਪਿਤਾ ਦਾ ਕ੍ਰੋਧ ਨਾਲ ਭਰਿਆ ਚੇਹਰਾ ਯਾਦ ਆ ਗਿਆ। 'ਉਹ ਉਲਟਾ ਮੈਨੂੰ ਹੀ ਡਾਂਟੇਗਾ;' ਆਈਵਨ ਨੇ ਸੋਚਿਆ। ਆਈਵਨ ਨੂੰ ਪਿਛਲੇ ਹਫ਼ਤੇ ਆਪਣੇ ਪਿਤਾ ਤੋਂ ਮਿਲੀਆਂ ਝਿੜਕਾਂ ਚੇਤੇ



ਸਨ, ਜਦੋਂ ਉਹ ਸੜਕ ਨੂੰ ਪਾਰ ਕਰਨ ਲਈ ਗੁਆਂਢੀਆਂ ਦੀ ਪਾਲਤੂ ਬਿੱਲੀ ਦੇ ਲੰਘ ਜਾਣ ਦੀ ਉਡੀਕ 'ਚ ਸੜਕ ਦੇ ਕਿਨਾਰੇ ਖੜ੍ਹਾ ਰਿਹਾ ਸੀ। ਸੜਕ ਦੇ ਦੂਜੇ ਪਾਸੇ ਖੜ੍ਹਾ ਉਸ ਦਾ ਪਿਤਾ ਗਰਜਿਆ ਸੀ, "ਲਮਢੀਂਗ ਹੁੰਦਾ ਜਾਨੈਂ, ਕੁਝ ਤਕੜਾ ਵੀ ਹੋ। ਬਿੱਲੀਆਂ ਤੋਂ ਡਰਦਾ ਐਂ। ਕੀ ਕਰੇਂਗਾ ਵੱਡਾ ਹੋ ਕੇ ?" ਪਿਤਾ ਬਾਰੇ ਸੋਚ ਕੇ ਆਈਵਨ ਹੋਰ ਡਰ ਗਿਆ। ਇਸੇ ਤਰ੍ਹਾਂ ਪੇਟ ਵਿੱਚ ਦਰਦ ਮਹਿਸੂਸ ਕਰਦਾ ਉਹ ਅਗਲੇ ਦਿਨ ਸਵੇਰੇ ਉੱਠਿਆ ਸੀ। ਸਕੂਲ ਜਾਣ ਲਈ ਉਸ ਦੀ ਵੱਢੀ ਰੂਹ ਨਹੀਂ ਸੀ ਕਰ ਰਹੀ। ਪਰ 'ਪਿਤਾ ਨੂੰ ਪਤਾ ਨਾ ਲੱਗ ਜਾਵੇ' ਸੋਚ ਕੇ ਉਹ ਡਰਦਾ-ਡਰਦਾ ਲੇਟ ਸਕੂਲ ਪਹੁੰਚਿਆ ਸੀ। ਅਤੇ ਡੇਲ ਤੋਂ ਨਜ਼ਰਾਂ ਬਚਾਉਂਦਾ ਰਿਹਾ ਸੀ। ਪਰ ਅੱਧੀ ਛੁੱਟੀ ਵੇਲੇ ਜਦ ਡੇਲ ਨੇ ਉਸ ਮੂਹਰੇ ਸਿਗਰਟਾਂ ਲੈਣ ਲਈ ਹਥੇਲੀ ਕੀਤੀ ਸੀ ਤਾਂ ਆਈਵਨ ਦੀਆਂ ਲੱਤਾਂ ਕੰਬੀਆਂ ਸਨ। ਉਸ ਨੇ ਡੇਲ ਵੱਲ ਇਸ ਤਰ੍ਹਾਂ ਵੇਖਿਆ ਸੀ ਜਿਵੇਂ ਕੋਈ ਤਲਵਾਰ ਤਾਣੀ ਖੜ੍ਹੇ ਜਲਾਦ ਤੋਂ ਖਿਮਾ ਦੀ ਭੀਖ ਮੰਗ ਰਿਹਾ ਹੋਵੇ। ਡਰਿਆ ਹੋਇਆ ਚੇਹਰਾ ਅਤੇ ਸਹਿਮੀਆਂ ਅੱਖਾਂ।

ਉਸੇ ਤਰ੍ਹਾਂ ਦਾ ਆਪਣਾ ਡਰਿਆ ਹੋਇਆ ਚੇਹਰਾ ਅਤੇ ਸਹਿਮੀਆਂ ਅੱਖਾਂ ਆਈਵਨ ਨੇ ਇੱਡ ਦੀ ਧਮਕੀ ਤੋਂ ਬਾਅਦ ਸ਼ੀਸ਼ੇ ਵਿੱਚ ਦੇਖੀਆਂ ਸਨ। ਸੋਫ਼ੇ ਉੱਪਰ ਬੈਠੇ ਆਈਵਨ ਨੇ ਸੋਚਿਆ ਕਿ ਕਿਵੇਂ ਇਸ ਗੁਆਂਢੀ ਤੋਂ ਛੁਟਕਾਰਾ ਪਾਇਆ ਜਾਵੇ ਪਰ ਉਸ ਨੂੰ ਕੋਈ ਵੀ ਉਪਾਅ ਨਜ਼ਰ ਨਾ ਆਇਆ। ਸਗੋਂ ਉਸ ਨੂੰ ਇੱਡ ਦੇ ਡੌਲਿਆਂ ਉੱਪਰ ਖੁਣੇ ਸੱਪ ਮੂੰਹ ਟੱਡੀ ਬੈਠੇ ਦਿੱਸੇ ਅਤੇ ਫਿਰ ਉਸ ਦੇ ਮੂਹਰੇ ਆਪਣਾ ਉਹੀ ਸ਼ੀਸ਼ੇ ਵਿੱਚ ਦੇਖਿਆ ਡਰਿਆ ਚੇਹਰਾ ਆ ਗਿਆ। ਉਸ ਨੇ ਝੱਟ ਅੱਖਾਂ ਖੋਲ੍ਹ ਦਿੱਤੀਆਂ।

ਉਸ ਰਾਤ ਵੀ ਆਈਵਨ ਨੂੰ ਇਹ ਸੱਪ ਮੂੰਹ ਅੱਡੀ ਬੈਠੇ ਦਿੱਸੇ ਸਨ, ਜਿਸ ਦਿਨ ਉਹ ਗੁਆਂਢ ਆਏ ਇੱਡ ਨੂੰ ਮਿਲਣ ਗਏ ਸਨ। ਤੇ ਪਿਛਲੀ ਰਾਤ ਵੀ ਆਈਵਨ ਨੂੰ ਸੱਪਾਂ ਦਾ ਮੂੰਹ ਅੱਡਿਆ ਹੋਇਆ ਦਿੱਸਦਾ ਸੀ, ਜਦ ਉਹ ਸੌਣ ਲਈ ਅੱਖਾਂ ਬੰਦ ਕਰਦਾ ਸੀ। ਪਿਛਲੀ ਰਾਤ ਤਾਂ ਉਨ੍ਹਾਂ ਜਿਵੇਂ ਅੰਗਿਆਰਿਆਂ ਉੱਪਰ ਕੱਟੀ ਸੀ।

ਵਾਂਡਾ ਨੇ ਅੱਠ ਕੁ ਵਜੇ ਕਿਹਾ ਸੀ, "ਆਈਵਨ, ਤੂੰ ਸੌਂ ਜਾ ਹੁਣ, ਮੈਂ ਹਾਲੇ ਕਿਤਾਬ ਪੜ੍ਹਾਂਗੀ। ਜੇ ਤੇਰੀ ਨੀਂਦ ਪੂਰੀ ਨਾ ਹੋਵੇ ਤਾਂ ਤੂੰ ਔਖਾ ਹੁੰਨੈ। ਫੇਰ ਜਦੋਂ ਪਾਰਟੀ ਸ਼ੁਰੂ ਹੋ ਗਈ ਸੌਂਇਆ ਨਹੀਂ ਜਾਣਾ।" ਫਿਰ ਆਈਵਨ ਦੇ ਬਿਸਤਰੇ ਵਿੱਚ ਵੜਦਿਆਂ ਹੀ ਬੋਲੀ ਸੀ, "ਪਤਾ ਨਹੀਂ ਕਿੰਨਾਂ ਚਿਰ ਇਸੇ ਤਰ੍ਹਾਂ ਜਿਉਣਾ ਪਵੇ ?"

"ਫ਼ਿਕਰ ਨਾ ਕਰ, ਏਹੋ ਜਿਹੇ ਹਾਤੇ ਬਹੁਤੀ ਦੇਰ ਨਹੀਂ ਚੱਲਦੇ ਹੁੰਦੇ," ਆਈਵਨ ਨੇ ਕਿਹਾ।

"ਬੰਦ ਤਾਂ ਪੁਲੀਸ ਹੀ ਕਰਵਾਊਗੀ। ਜੇ ਪੁਲੀਸ ਨੂੰ ਕੋਈ ਦੱਸੇਗਾ ਤਾਂ ਹੀ ਪੁਲੀਸ ਨੂੰ ਪਤਾ ਲੱਗੇਗਾ," ਵਾਂਡਾ ਬੋਲੀ।

"ਪੁਲੀਸ ਨੂੰ ਪਤਾ ਲੱਗ ਜਾਂਦਾ ਹੁੰਦੈ," ਆਈਵਨ ਨੇ ਕਿਹਾ।

"ਜੇ ਪੁਲੀਸ ਨੇ ਬੰਦ ਕਰਵਾ ਦਿੱਤਾ ਤੇ ਇੱਡ ਨੂੰ ਸ਼ੱਕ ਹੋ ਗਿਆ ਕਿ ਅਸੀਂ ਸ਼ਿਕਾਇਤ ਕੀਤੀ ਸੀ ਤਾਂ ਕੀ ਹੋਵੇਗਾ ? ਅਸੀਂ ਕਿਸੇ ਮੁਸੀਬਤ ਵਿੱਚ ਨਾ ਫਸ ਜਾਈਏ," ਵਾਂਡਾ ਦੀ ਆਵਾਜ਼ ਕੰਬੀ।

"ਫ਼ਿਕਰ ਨਾ ਕਰ। ਕੁਝ ਨਹੀਂ ਹੋਵੇਗਾ," ਆਈਵਨ ਨੇ ਆਖ ਤਾਂ ਦਿੱਤਾ ਪਰ ਜਦ ਉਸ ਨੇ ਸੌਣ ਲਈ ਅੱਖਾਂ ਮੀਚੀਆਂ ਤਾਂ ਇੱਡ ਦੀ ਸੱਪਾਂ ਵਾਲੀ ਬਾਂਹ ਦਿਖਾਈ ਦੇਣ ਲੱਗੀ। ਸੱਪਾਂ ਦੇ ਟੱਡੇ ਮੂੰਹ ਵੇਖ ਉਹ ਅੱਖਾਂ ਖੋਲ੍ਹ ਦਿੰਦਾ ਅਤੇ ਪਾਸਾ ਪਲਟ ਕੇ ਫਿਰ ਸੌਣ ਦੀ ਕੋਸ਼ਿਸ਼ ਕਰਦਾ। ਇਸ ਤਰ੍ਹਾਂ ਉੱਸਲਵੱਟੇ ਲੈਂਦਿਆਂ ਬਾਰ੍ਹਾਂ ਕੁ ਵਜੇ ਸਨ, ਜਦ ਕਾਰ ਅਤੇ ਫਿਰ ਮੋਟਰਸਾਈਕਲ ਦੇ ਰੁਕਣ ਦੀ

ਆਵਾਜ਼ ਆਈ ਸੀ।

"ਹੋ ਗਈ ਪਾਰਟੀ ਸ਼ੁਰੂ," ਆਈਵਨ ਬੋਲਿਆ। ਵਾਂਡਾ ਨੇ ਉਸ ਦੀ ਪਿੱਠ ਉੱਪਰ ਹੱਥ ਫੇਰਦਿਆਂ ਕਿਹਾ, "ਸੌਂ ਜਾ, ਸੌਂ ਜਾ।"

ਪਰ ਆਈਵਨ ਤੋਂ ਸੁੱਤਾ ਨਹੀਂ ਗਿਆ। ਫਿਰ ਹੋਰ ਕਾਰਾਂ ਰੁਕੀਆਂ ਸਨ। ਸੰਗੀਤ ਦੀ ਆਵਾਜ਼ ਪਹਿਲੀ ਰਾਤ ਵਾਂਗ ਉੱਚੀ ਨਹੀਂ ਸੀ ਆ ਰਹੀ। ਘੁੱਟਵੀਂ-ਘੁੱਟਵੀਂ ਸੀ। ਆਈਵਨ ਨੇ ਦੇਖਿਆ ਸੀ ਕਿ ਇੱਡ ਨੇ ਪੂਰਾ ਜੁਗਾੜ ਕਰ ਲਿਆ ਸੀ। ਪਹਿਲੀ ਰਾਤ ਤੋਂ ਬਾਅਦ ਸ਼ੀਸ਼ਿਆਂ ਉੱਪਰ ਗੱਤੇ ਲੱਗ ਗਏ ਸਨ। ਸੜਕ ਵੱਲੋਂ ਲੰਘਦਿਆਂ ਕਿਸੇ ਨੂੰ ਪਤਾ ਨਹੀਂ ਸੀ ਲੱਗਦਾ ਕਿ ਅੰਦਰ ਨਜ਼ਾਇਜ ਸ਼ਰਾਬ ਵਿਕ ਰਹੀ ਹੈ ਅਤੇ ਪਾਰਟੀ ਵਿੱਚ ਸ਼ਾਮਿਲ ਲੋਕ ਨਸ਼ੇ ਵਿੱਚ ਝੂਮ ਰਹੇ ਹਨ। ਪਰ ਆਈਵਨ ਨੂੰ ਪਾਰਟੀ ਵਿੱਚ ਸ਼ਾਮਿਲ ਲੋਕਾਂ ਦੀ ਗੁਆਂਢ ਦੇ ਪਿਛਵਾੜੇ ਵਿੱਚ ਨਿਕਲ ਕੇ ਗੱਲਾਂ ਕਰਦਿਆਂ ਦੀ ਆਵਾਜ਼ ਤੰਗ ਕਰ ਰਹੀ ਸੀ। ਆਵਾਜ਼ ਨਾਲੋਂ ਵੀ ਜ਼ਿਆਦਾ ਇਹ ਸੋਚ ਕਿ ਪਿਛਵਾੜੇ ਬੀਅਰਾਂ ਪੀਂਦੇ ਲੋਕ ਖਾਲੀ ਬੋਤਲਾਂ ਉਸ ਦੇ ਬਗੀਚੇ ਵੱਲ ਸੁੱਟ ਰਹੇ ਹੋਣਗੇ। ਪਿਛਲੇ ਹਫ਼ਤੇ ਪਾਰਟੀ ਤੋਂ ਅਗਲੇ ਦਿਨ ਪੰਜ-ਛੇ ਖਾਲੀ ਬੋਤਲਾਂ ਆਪਣੇ ਬਗੀਚੇ ਵਿੱਚ ਪਈਆਂ ਵੇਖ ਕੇ ਆਈਵਨ ਅੰਦਰ ਅੱਗ ਮੱਚੀ ਸੀ। ਖਾਲੀ ਬੋਤਲਾਂ ਉਹ ਗੁਆਂਢ ਦੇ ਪਿਛਵਾੜੇ ਵੱਲ ਸੁੱਟਣ ਲਈ ਮੁੜਿਆ ਹੀ ਸੀ ਕਿ ਉਧਰ ਥਾਂ-ਥਾਂ ਖਿੱਲਰੇ ਗੰਦੇ ਨੈਪਕਿਨ, ਬੀਅਰ ਦੀਆਂ ਖਾਲੀ ਬੋਤਲਾਂ ਅਤੇ ਕੇਨੀਆਂ ਵੇਖ ਕੇ ਉਸ ਦਾ ਅੰਦਰ ਕੁਰਲਾ ਉੱਠਿਆ ਸੀ। "ਹਰਾਮੀਆਂ ਨੇ ਕਿਵੇਂ ਨਰਕ ਬਣਾ ਛੱਡਿਆ ਹੈ," ਉਹ ਬੁੜਬੁੜਾਇਆ।

ਥਾਂ-ਥਾਂ ਖਿੱਲਰੇ ਗੰਦ ਨੂੰ ਚਿਤਵ ਕੇ ਆਈਵਨ ਦੀ ਅੱਖ ਨਹੀਂ ਸੀ ਲੱਗ ਰਹੀ। ਸੰਗੀਤ ਦੀ ਘੁੱਟਵੀਂ ਆਵਾਜ਼ ਇੱਕਦਮ ਉੱਚੀ ਹੋਈ, ਦਰਵਾਜ਼ੇ ਦੇ ਠਾਹ ਕਰਕੇ ਬੰਦ ਹੋਣ ਦੀ ਆਵਾਜ਼ ਆਈ ਅਤੇ ਸੰਗੀਤ ਦੀ ਆਵਾਜ਼ ਫਿਰ ਘੁੱਟੀ ਗਈ। ਫਿਰ ਉੱਚੀ-ਉੱਚੀ ਗਾਲ੍ਹਾਂ ਦਿੰਦੀ ਇੱਕ ਮਰਦਾਨਾ ਆਵਾਜ਼ ਉੱਭਰੀ।

"ਲੱਗਦੈ ਲੜਾਈ ਹੋ ਗਈ ," ਵਾਂਡਾ ਨੇ ਕਿਹਾ।

ਆਈਵਨ ਬਿਸਤਰੇ ਵਿੱਚੋਂ ਨਿਕਲ ਕੇ ਘਰ ਦੇ ਮੂਹਰਲੇ ਹਿੱਸੇ ਵਿੱਚ ਬਣੀ ਬੈਠਕ ਵੱਲ ਚਲਾ ਗਿਆ। ਵਾਂਡਾ ਵੀ ਉਸ ਦੇ ਪਿੱਛੇ ਤੁਰ ਪਈ। ਆਈਵਨ ਖਿੜਕੀ ਦੇ ਪਰਦਿਆਂ ਵਿੱਚੋਂ ਝੀਥ ਬਣਾ ਕੇ ਬਾਹਰ ਵੱਲ ਵੇਖਣ ਲੱਗਾ। ਇੱਕ ਪੁੱਠੀ ਟੋਪੀ ਵਾਲਾ ਆਦਮੀ ਗਾਲ੍ਹਾਂ ਕੱਢਦਾ ਪਿੱਛੇ ਵੱਲ ਮੁੜਣ ਲਈ ਅਹੁਲ ਰਿਹਾ ਸੀ ਅਤੇ ਇੱਡ ਉਸ ਨੂੰ "ਸ਼ਾਂਤ ਹੋ, ਸ਼ਾਂਤ," ਆਖਦਾ ਸੜਕ ਵੱਲ ਧੱਕ ਰਿਹਾ ਸੀ। ਫਿਰ ਸੰਗੀਤ ਦੀ ਆਵਾਜ਼ ਉੱਚੀ ਹੋਈ, ਆਈਵਨ ਨੇ ਪਾਰਟੀ ਵਾਲੇ ਮਕਾਨ ਵੱਲ ਵੇਖਿਆ। ਉਨ੍ਹਾਂ ਵਾਲੇ ਪਾਸੇ ਦਾ ਦਰਵਾਜ਼ਾ ਖੋਲ੍ਹ ਕੇ ਕੋਈ ਬਾਹਰ ਨਿਕਲਿਆ ਅਤੇ ਉੱਚੀ ਆਵਾਜ਼ ਵਿੱਚ ਬੋਲਿਆ, "ਆ ਜਾ ਫਿਰ, ਜੇ ਦੇਖਣਾ ਪੈਂਤਰਾ।" ਇੱਕ ਹੋਰ ਨੇ ਉਸ ਨੂੰ ਅੰਦਰ ਖਿੱਚ ਲਿਆ ਅਤੇ ਸੰਗੀਤ ਦੀ ਆਵਾਜ਼ ਫਿਰ ਘੁੱਟੀ ਗਈ। ਆਈਵਨ ਨੇ ਆਪਣਾ ਧਿਆਨ ਸੜਕ ਵੱਲ ਮੋੜ ਲਿਆ। ਟੋਪੀ ਵਾਲੇ ਆਦਮੀ ਨੇ ਇੱਡ ਤੋਂ ਛੁੱਟ ਕੇ ਬੀਅਰ ਦੀ ਬੋਤਲ ਬੰਦ ਹੋਏ ਦਰਵਾਜ਼ੇ ਵੱਲ ਵਗਾਹ ਕੇ ਮਾਰੀ। ਬੋਤਲ ਆਈਵਨ ਹੋਰਾਂ ਦੇ ਮਕਾਨ ਦੇ ਕੋਨੇ ਨਾਲ ਟਕਰਾ ਕੇ ਚਕਨਾਚੂਰ ਹੋ ਗਈ। ਇੱਡ ਟੋਪੀ ਵਾਲੇ ਨੂੰ ਧੱਕ ਕੇ ਇੱਕ ਪਿੱਕਅਪ ਟਰੱਕ ਦੇ ਕੋਲ ਲੈ ਗਿਆ ਅਤੇ ਟਰੱਕ ਦਾ ਦਰਵਾਜ਼ਾ ਖੋਲ੍ਹ ਕੇ ਉਸ ਨੂੰ ਅੰਦਰ ਧੱਕ ਦਿੱਤਾ। ਫਿਰ ਇੱਕ ਘਸੁੰਨ ਮਾਰ ਕੇ ਗਰਜਿਆ, "ਇੱਥੋਂ ਦਫ਼ਾ ਹੋ ਜਾ, ਤੇ ਜੇ ਫੇਰ ਕਦੇ ਏਧਰ ਦੇਖ ਲਿਆ ਤਾਂ ਧਰਤੀ ਵਿੱਚ ਗੱਡ ਦਿਆਂਗਾ।" ਟਰੱਕ ਚਾਲੂ ਹੋਇਆ, ਇਕਦਮ ਆਪਣੀ ਥਾਂ ਤੋਂ ਹਿੱਲਿਆ। ਟਾਇਰਾਂ ਦੇ ਚੀਕਣ ਦੀ ਆਵਾਜ਼ ਆਈ। ਟੋਪੀ ਵਾਲੇ ਨੇ ਭਰਵੀਂ ਗਾਲ੍ਹ ਕੱਢ ਕੇ ਕਿਹਾ, "ਦੇਖ ਲਵਾਂਗਾ ਤੈਨੂੰ ਵੀ ਕਿਸੇ ਦਿਨ" ਅਤੇ ਔਹ ਗਿਆ ਔਹ ਗਿਆ ਹੋ ਗਿਆ। ਗਾਲ੍ਹ ਸੁਣ ਕੇ ਆਈਵਨ ਨੇ ਆਪਣੇ ਅੰਦਰ ਠੰਡ ਪਈ ਮਹਿਸੂਸ ਕੀਤੀ। ਉਸ ਨੂੰ ਲੱਗਾ ਜਿਵੇਂ ਉਸ



ਦਾ ਅੰਦਰ ਕੁਝ ਹਲਕਾ ਹੋਇਆ ਹੋਵੇ। ਇੱਡ ਨੇ ਹੱਥ ਝਾੜੇ ਅਤੇ ਵਾਪਸ ਮੁੜਿਆ। ਵਾਂਡਾ ਨੇ ਆਈਵਨ ਦਾ ਗਾਊਨ ਖਿੱਚਿਆ ਅਤੇ ਆਈਵਨ ਝੱਟ ਪਰਦਿਆਂ ਤੋਂ ਪਿੱਛੇ ਹੋ ਗਿਆ। ਵਾਂਡਾ ਨੇ ਆਈਵਨ ਨੂੰ ਜੱਫ਼ੀ ਪਾ ਲਈ। ਆਈਵਨ ਉਸ ਦੇ ਕੇਸਾਂ ਵਿੱਚ ਹੱਥ ਫੇਰਨ ਲੱਗਾ।

"ਜੇ ਬੋਤਲ ਕੋਨੇ ਦੀ ਥਾਂ ਆਪਣੇ ਸ਼ੀਸ਼ੇ ਵਿੱਚ ਵੱਜਦੀ," ਵਾਂਡਾ ਬੋਲੀ।

"ਫ਼ਿਕਰ ਨਾ ਕਰ, ਕੁਝ ਨਹੀਂ ਹੁੰਦਾ," ਆਖ ਕੇ ਆਈਵਨ ਨੇ ਆਪਣੀਆਂ ਬਾਹਾਂ ਉਸ ਦੁਆਲੇ ਕੱਸ ਦਿੱਤੀਆਂ।

"ਮੇਰੇ ਖਿਆਲ ਵਿੱਚ ਆਪਾਂ ਨੂੰ ਪੁਲੀਸ ਸੱਦ ਲੈਣੀ ਚਾਹੀਦੀ ਆ," ਵਾਂਡਾ ਬੋਲੀ।

"ਕੀ ਲੋੜ ਐ ਐਹੋ-ਜਿਹੇ ਬੰਦਿਆਂ ਨਾਲ ਪੰਗਾ ਲੈਣ ਦੀ। ਹੋ ਸਕਦੈ ਕਿ ਜਿਹੜਾ ਬੰਦਾ ਲੜ ਕੇ ਗਿਐ ਪੁਲੀਸ ਨੂੰ ਦੱਸ ਹੀ ਦੇਵੇ," ਆਈਵਨ ਨੇ ਕਿਹਾ।

"ਕਿਤੇ ਇਵੇਂ ਹੀ ਹੋਵੇ," ਵਾਂਡਾ ਨੇ ਕਿਹਾ।

ਬਾਹਰ ਸੰਨਾਟਾ ਛਾ ਗਿਆ ਸੀ। ਜਿਹੜੇ ਪਿਛਵਾੜੇ ਖੜ੍ਹੇ ਗੱਲਾਂ ਕਰ ਰਹੇ ਸਨ ਉਹ ਵੀ ਸ਼ਾਇਦ ਅੰਦਰ ਚਲੇ ਗਏ ਸਨ। ਦੱਬਵੇਂ ਸੰਗੀਤ ਤੋਂ ਬਿਨ੍ਹਾਂ ਕੋਈ ਵੀ ਆਵਾਜ਼ ਨਹੀਂ ਸੀ ਆ ਰਹੀ। ਆਈਵਨ ਅਤੇ ਵਾਂਡਾ ਆਪਣੇ ਬਿਸਤਰੇ ਵਿੱਚ ਜਾ ਪਏ।। ਆਈਵਨ ਦੀਆਂ ਉਂਗਲਾਂ ਵਾਂਡਾ ਦੇ ਕੇਸਾਂ ਨੂੰ ਸਹਿਲਾ ਰਹੀਆਂ ਸਨ। ਕਦੇ-ਕਦੇ ਉਹ ਵਾਂਡਾ ਨੂੰ ਥਾਪੜਣ ਲੱਗਦਾ। ਟੋਪੀ ਵਾਲੇ ਆਦਮੀ ਦੇ ਝਗੜ ਕੇ ਜਾਣ ਬਾਰੇ ਸੋਚ ਕੇ ਉਸ ਨੂੰ ਆਪਣੇ ਅੰਦਰ ਇੱਕ ਤਸੱਲੀ ਮਹਿਸੂਸ ਹੋਈ। 'ਹੁਣ ਛੇਤੀ ਹੀ ਇਹ ਬੂਜ਼ਕੈਨ ਬੰਦ ਹੋ ਜਾਵੇਗਾ। ਟੋਪੀ ਵਾਲਾ ਬਦਲਾ ਲੈਣ ਲਈ ਪੁਲੀਸ ਨੂੰ ਇਸ ਬਾਰੇ ਦੱਸੇਗਾ'; ਉਸ ਦੇ ਇਹ ਸੋਚਦੇ ਦੀਆਂ ਅੱਖਾਂ ਮਿਚਣ ਲੱਗੀਆਂ। ਉਸ ਨੂੰ ਆਪਣੇ ਪਿਤਾ ਦਾ ਚੇਹਰਾ ਦਿੱਸਿਆ। ਆਈਵਨ ਨੂੰ ਲੱਗਾ ਜਿਵੇਂ ਉਹ ਆਖ ਰਿਹਾ ਸੀ, 'ਜੇ ਟੋਪੀ ਵਾਲੇ ਨੇ ਵੀ ਡਰ ਦੇ ਮਾਰੇ ਪੁਲੀਸ ਨੂੰ ਨਾ ਦੱਸਿਆ?—ਤੂੰ ਖੁਦ ਤਕੜਾ ਹੋ। ਆਪਣੀ ਲੜਾਈ ਆਪ ਲੜਨੀ ਸਿੱਖ।' ਵਾਂਡਾ ਦੇ ਸਿਰ ਹੇਠ ਦਿੱਤੀ ਆਪਣੀ ਬਾਂਹ ਉਸ ਨੂੰ ਸਾਹ-ਸੱਤ ਹੀਣ ਲੱਗੀ। ਬਾਂਹ ਨੂੰ ਸਿਰ ਹੇਠੋਂ ਕੱਢਣ ਲਈ ਆਈਵਨ ਨੇ ਵਾਂਡਾ ਦਾ ਸਿਰ ਉਗਾਸਣ ਲਈ ਹਾਲੇ ਆਪਣੇ ਦੂਜੇ ਹੱਥ ਨਾਲ ਉਸ ਦੇ ਸਿਰ ਨੂੰ ਹੱਥ ਲਾਇਆ ਹੀ ਸੀ ਕਿ ਵਾਂਡਾ ਨੇ ਆਪਣਾ ਸਿਰ ਉੱਪਰ ਚੁੱਕ ਲਿਆ ਅਤੇ ਬੋਲੀ, "ਥੱਕ ਗਈ ਬਾਂਹ?"

"ਨਹੀਂ, ਬੱਸ ਐਵੇਂ ਹੀ। ਤੂੰ ਸੁੱਤੀ ਨਹੀਂ ਹਾਲੇ," ਆਈਵਨ ਨੇ ਕਿਹਾ।

"ਨੀਂਦ ਕਿੱਥੋਂ ਆਉਣੀ ਆ ਆਈਵਨ, ਤੂੰ ਸੌਂ ਜਾ। ਐਵੇਂ ਨਾ ਸੋਚ। ਤੇਰਾ ਬਲੱਡ ਪ੍ਰੈਸ਼ਰ ਵਧ ਜਾਣੈ," ਵਾਂਡਾ ਨੇ ਕਿਹਾ ਅਤੇ ਉਹ ਆਪਣੀਆਂ ਉਂਗਲਾਂ ਆਈਵਨ ਦੇ ਕੇਸਾਂ ਵਿੱਚ ਫੇਰਨ ਲੱਗੀ। ਕੁਝ ਪਲ ਹੀ ਬੀਤੇ ਸਨ ਕਿ ਆਈਵਨ ਦੇ ਕੰਨੀਂ ਆਹਾਂ ਭਰਨ ਦੀ ਅਵਾਜ਼ ਪਈ।

"ਲੱਗਦੈ ਕਿ ਆਪਣੇ ਬਗੀਚੇ ਵਿੱਚ ਆ ਕੋਈ," ਆਖਦਾ ਹੋਇਆ ਆਈਵਨ ਬਿਸਤਰੇ ਵਿੱਚੋਂ ਬੁੜ੍ਹਕ ਕੇ ਬਾਹਰ ਨਿਕਲਿਆ।

"ਕੀ ਕਰਦਾ ਹੈਂ ਆਈਵਨ?" ਆਖਦੀ ਹੋਈ ਵਾਂਡਾ ਵੀ ਬਿਸਤਰੇ ਵਿੱਚੋਂ ਨਿਕਲ ਕੇ ਖਿੜਕੀ ਕੋਲ ਖੜ੍ਹੇ ਆਈਵਨ ਦੇ ਨਾਲ ਜਾ ਖੜ੍ਹੋਤੀ।

ਪਰਦੇ ਵਿੱਚੋਂ ਝੀਥ ਬਣਾ ਕੇ ਆਈਵਨ ਨੇ ਬਾਹਰ ਵੱਲ ਦੇਖਿਆ। ਆਈਵਨ ਦੀਆਂ ਮੁੱਠੀਆਂ ਮਿੱਚ ਗਈਆਂ ਅਤੇ ਉਹ ਪਰਦੇ ਤੋਂ ਪਾਸੇ ਹੋ ਗਿਆ। ਉੱਨੀਂ ਕੁ ਹੀ ਝੀਥ ਬਣਾ ਕੇ ਵਾਂਡਾ ਨੇ ਦੇਖਿਆ ਅਤੇ ਝੱਟ ਪਰਦਾ ਬੰਦ ਕਰ ਦਿੱਤਾ। "ਸਾਡੀ ਹੋਂਦ ਨੂੰ ਕੁਝ ਸਮਝਦੇ ਹੀ ਨਹੀਂ," ਆਈਵਨ ਨੇ ਦੰਦ ਕਰੀਚੇ। ਫਿਰ ਬੋਲਿਆ, "ਪਹਿਲਾਂ ਬੀਅਰ ਦੀਆਂ ਖਾਲੀ ਬੋਤਲਾਂ ਚੁੱਕਦੇ ਸੀ। ਹੁਣ ਲਿੱਬੜੇ ਕੰਡੋਮ ਵੀ ਪੈਰਾਂ ਹੇਠ ਮਿੱਧਿਆ ਕਰਾਂਗੇ।" ਆਈਵਨ ਨੇ ਆਪਣੇ ਸਰੀਰ ਵਿੱਚੋਂ ਸੇਕ ਨਿਕਲਦਾ ਮਹਿਸੂਸ ਕੀਤਾ। ਇਹ ਸੇਕ ਵਾਂਡਾ ਨੇ ਆਈਵਨ ਦੇ ਚੇਹਰੇ ਤੋਂ ਭਾਂਪ ਲਿਆ ਅਤੇ ਉਸ ਦਾ ਹੱਥ ਫੜ੍ਹ

ਕੇ ਬੋਲੀ, "ਆਪਾਂ ਇਨ੍ਹਾਂ ਰਾਤਾਂ ਨੂੰ ਬਾਹਰ ਚਲੇ ਚੱਲਿਆ ਕਰਾਂਗੇ।"

"ਹੁਣ ਤਾਂ ਬਗੀਚੇ ਵਿੱਚ ਹੀ ਪਹੁੰਚੇ ਆ ਫਿਰ ਅਗਲਿਆਂ ਆਪਣੇ ਅੰਦਰ ਤੱਕ ਆ ਜਾਣਾ," ਆਈਵਨ ਨੇ ਕਿਹਾ।

"ਜੇ ਹੁਣ ਵੀ ਆ ਜਾਣ ਤਾਂ ਆਪਾਂ ਕੀ ਕਰ ਲਵਾਂਗੇ?—ਆਪਾਂ ਇਹ ਮਕਾਨ ਹੀ ਵੇਚ ਦਿਆਂਗੇ," ਵਾਂਡਾ ਬੋਲੀ।

"ਕੀ ਗੱਲਾਂ ਕਰਦੀ ਐਂ? ਇਸ ਤਰ੍ਹਾਂ ਕਿਵੇਂ ਆ ਜਾਣਗੇ, ਮੈਂ ਬਾਹਰ ਕੱਢਦਾਂ ਉਨ੍ਹਾਂ ਨੂੰ," ਆਖਦਾ ਹੋਇਆ ਆਈਵਨ ਬਾਹਰ ਜਾਣ ਲਈ ਅਹੁਲਿਆ।

"ਤੇਰਾ ਦਿਮਾਗ ਹਿੱਲ ਗਿਐ ਆਈਵਨ?" ਵਾਂਡਾ ਬੋਲੀ।

"ਹਾਂ, ਦਿਮਾਗ ਈ ਹਿੱਲ ਗਿਐ, ਜਿਹੜਾ ਐਨਾ ਕੁਝ ਚੁੱਪ ਕਰ ਕੇ ਸਹੀ ਜਾਨੈ।"

"ਚੰਗਾ, ਜਾਹ ਮਰ ਬਾਹਰ ਜਾ ਕੇ।"

ਵਾਂਡਾ ਦੀ ਉੱਚੀ ਆਵਾਜ਼ ਸੁਣ ਕੇ ਆਈਵਨ ਥਾਏਂ ਹੀ ਖੜ੍ਹ ਗਿਆ।

"ਚੇਤਾ ਨਹੀਂ ਉਸ ਦਿਨ ਇੱਡ ਨੇ ਕਿਹਾ ਸੀ ਜੇ ਉਸ ਦੇ ਮਹਿਮਾਨਾਂ ਨਾਲ ਝਗੜਾ ਕੀਤਾ ਤਾਂ—," ਆਖਦੀ ਹੋਈ ਵਾਂਡਾ ਨੇ ਉਸ ਦੀ ਬਾਂਹ ਫੜ ਲਈ ਅਤੇ ਬੋਲੀ, "ਸ਼ਾਂਤੀ ਆਈਵਨ, ਤੇਰਾ ਬਲੱਡ ਪ੍ਰੈਸ਼ਰ ਵਧ ਰਿਹੈ। ਗੋਲੀ ਲੈ ਕੇ ਲੇਟ ਜਾ। ਆਪਾਂ ਐਹੋ ਜਿਹੇ ਬਦਮਾਸ਼ ਲੋਕਾਂ ਨਾਲ ਆਢ੍ਹਾ ਲਾ ਕੇ ਕੀ ਕਰਨੈ।"

ਆਈਵਨ ਨੂੰ ਬਿਸਤਰੇ ਵਿੱਚ ਵਾੜ ਕੇ ਵਾਂਡਾ ਨੇ ਆਪਣੇ ਅਤੇ ਆਈਵਨ ਦੇ ਕੰਨਾਂ ਵਿੱਚ ਬੁੱਜੇ ਤੁੰਨੇ ਅਤੇ ਆਈਵਨ ਨੂੰ ਦਵਾਈ ਦੀਆਂ ਦੋ ਗੋਲੀਆਂ ਦੇ ਕੇ ਆਪਣੇ ਨਾਲ ਘੁੱਟ ਲਿਆ। ਅੱਖਾਂ ਮੀਚਦਿਆਂ ਹੀ ਆਈਵਨ ਨੂੰ ਇੱਡ ਦਾ ਸੱਪਾਂ ਵਾਲਾ ਡੌਲਾ ਦਿੱਸਦਾ ਅਤੇ ਫਿਰ ਆਪਣੇ ਪਿਤਾ ਦਾ ਚੇਹਰਾ। ਪਰ ਦਵਾਈ ਨੇ ਛੇਤੀ ਹੀ ਅਸਰ ਕਰਨਾ ਸ਼ੁਰੂ ਕਰ ਦਿੱਤਾ ਸੀ। ਆਈਵਨ ਡੌਲੇ ਤੋਂ ਤ੍ਰਹਿੰਦਾ ਅਤੇ ਪਿਤਾ ਦੇ ਚੇਹਰੇ ਤੋਂ ਝੇਂਪਦਾ ਸੌਂ ਗਿਆ ਸੀ।

ਇੱਡ ਅਤੇ ਡੇਲ ਦੇ ਡੌਲਿਆਂ ਬਾਰੇ ਸੋਚਦੇ-ਸੋਚਦੇ ਆਈਵਨ ਦੇ ਚੇਤਿਆਂ ਵਿੱਚ ਆਪਣੇ ਪਿਤਾ ਦਾ ਚੇਹਰਾ ਆ ਗਿਆ ਅਤੇ ਨਾਲ ਹੀ ਉਸ ਦੇ ਬੋਲ, 'ਤਕੜਾ ਹੋ ਤਕੜਾ। ਤੇਰੇ ਨਾਲੋਂ ਤਾਂ ਕੁੜੀਆਂ ਹੀ ਦਲੇਰ ਹੁੰਦੀਆਂ।' ਚੇਤੇ ਕਰ ਕੇ ਉਹ ਝੇਂਪ ਗਿਆ। 'ਡੈਡ ਦਾ ਚੇਤਾ ਹਮੇਸ਼ਾ ਮੈਨੂੰ ਨਿੰਮੋਝੂਣਾ ਕਰ ਜਾਂਦਾ'; ਆਈਵਨ ਨੇ ਸੋਚਿਆ। ਉਸ ਨੇ ਆਪਣੇ ਸੱਜੇ ਹੱਥ ਨਾਲ ਪਹਿਲਾਂ ਆਪਣੇ ਮੱਥੇ ਨੂੰ ਜ਼ੋਰ ਨਾਲ ਰਗੜਿਆ ਅਤੇ ਫਿਰ ਸਾਰੇ ਚੇਹਰੇ ਉੱਪਰ ਰਗੜਵਾਂ ਹੱਥ ਫੇਰ ਕੇ ਲੰਮਾ ਸਾਹ ਲਿਆ। ਫਿਰ ਕੁਝ ਦੇਰ ਇਸੇ ਤਰ੍ਹਾਂ ਬੈਠਾ ਰਿਹਾ।

ਟੀ ਵੀ ਸਕਰੀਨ ਉੱਪਰ ਚੱਲ ਰਹੀ ਡਾਕੂਮੈਂਟਰੀ ਵਿੱਚ ਸੂਤਰਧਾਰ ਆਖ ਰਿਹਾ ਸੀ ਕਿ ਇਰਾਕ ਵਿੱਚੋਂ ਕੋਈ ਵੀ ਤਬਾਹਕੁੰਨ ਹਥਿਆਰਾਂ ਦਾ ਭੰਡਾਰ ਨਹੀਂ ਮਿਲਿਆ, ਜਿਸ ਦੀ ਅਮਰੀਕੀ ਰਾਸ਼ਟਰਪਤੀ ਗੱਲ ਕਰਦਾ ਸੀ। ਇਰਾਕ ਉੱਪਰ ਹਮਲਾ ਕਰਨ ਦਾ ਕਾਰਣ ਖਾੜੀ ਖੇਤਰ ਵਿੱਚ ਅਮਰੀਕੀ ਫੌਜ਼ਾਂ ਦੀ ਸਰਦਾਰੀ ਕਾਇਮ ਕਰਨਾ ਸੀ ਤਾਂ ਕਿ ਇਰਾਕ ਵਿੱਚ ਅਮਰੀਕਾ ਆਪਣੀ ਕਠਪੁਤਲੀ ਸਰਕਾਰ ਬਣਾ ਸਕੇ——।

ਨਿੰਮੋਝੂਣਾ ਹੋਏ ਬੈਠੇ ਆਈਵਨ ਦੇ ਦਿਮਾਗ ਵਿੱਚ ਆਈ, 'ਕਮਜ਼ੋਰ ਬੰਦੇ ਦਾ ਵੀ ਕੀ ਜਿਉਣਾ ਹੈ ਜਿਹੜਾ ਮਰਜੀ ਡਰਾ ਲਵੇ।' ਫਿਰ ਉਸ ਨੂੰ ਆਪਣੇ ਪਿਤਾ ਦੇ ਬੋਲ ਚੇਤੇ ਆਏ। ਉਹ ਕਿਹਾ ਕਰਦਾ ਸੀ, 'ਤਕੜਾ ਹੋ ਕੇ ਮੂਹਰੋਂ ਟੱਕਰ ਲਿਆ ਕਰ। ਜੇ ਮੂਹਰੋਂ ਝੁਕੇਗਾਂ ਤਾਂ ਅਗਲਾ ਹੋਰ ਲਿਤਾੜੂਗਾ। ਮੈਂ ਸਾਰੀ ਉਮਰ ਤੇਰੇ ਨਾਲ ਨਹੀਂ ਰਹਿਣਾ। ਆਪਣੀ ਲੜਾਈ ਆਪ ਲੜਨੀ ਸਿੱਖ।' ਆਪਣੇ ਪਿਤਾ ਦੇ ਇਨ੍ਹਾਂ ਬੋਲਾਂ ਤੋਂ ਉਤਸ਼ਾਹਿਤ ਹੋ ਕੇ ਹੀ ਆਈਵਨ ਨੇ ਮਾਈਕ ਨਾਲ ਟੱਕਰ ਲਈ



ਸੀ।

ਉਸ ਦਿਨ ਮਾਈਕ ਦੀ ਨਿੱਤ ਦੀ ਕਿਚ-ਕਿਚ ਤੋਂ ਤੰਗ ਆਏ ਆਈਵਨ ਨੂੰ ਕੰਮ 'ਤੇ ਜਾਣ ਲੱਗੇ ਨੂੰ ਘਬਰਾਹਟ ਮਹਿਸੂਸ ਹੋਈ ਸੀ। ਖਾਣੇ ਵਾਲਾ ਡੱਬਾ ਚੁੱਕਦਾ ਉਹ ਸੋਫ਼ੇ 'ਤੇ ਬੈਠ ਗਿਆ ਸੀ। ਆਈਵਨ ਨੂੰ ਇਸ ਤਰ੍ਹਾਂ ਬੈਠਦੇ ਵੇਖ ਵਾਂਡਾ ਦੌੜ ਕੇ ਉਸ ਕੋਲ ਆਈ ਅਤੇ "ਕੀ ਹੋਇਆ?" ਪੁੱਛਦੀ ਨੇ ਆਈਵਨ ਦੇ ਮੱਥੇ ਉੱਪਰ ਹੱਥ ਰੱਖਿਆ। ਆਈਵਨ ਨੂੰ ਤ੍ਰੇਲੀ ਆਈ ਹੋਈ ਸੀ। ਵਾਂਡਾ ਨੇ ਆਈਵਨ ਦੀ ਕਮੀਜ਼ ਦੇ ਗਦਾਮ ਖੋਹਲਣੇ ਸ਼ੁਰੂ ਕਰ ਦਿੱਤੇ।

"ਕੁਝ ਨਹੀਂ, ਬੱਸ ਐਵੇਂ ਹੀ," ਆਖਦੇ ਹੋਏ ਆਈਵਨ ਨੇ ਵਾਂਡਾ ਦੇ ਹੱਥ ਪਾਸੇ ਕਰ ਦਿੱਤੇ ਅਤੇ ਮੁੜ ਗੁਦਾਮ ਬੰਦ ਕਰਨ ਲੱਗਾ।

"ਗੱਲ ਦੱਸ ਕੀ ਐ?" ਵਾਂਡਾ ਨੇ ਕਿਹਾ।

"ਮੇਰਾ ਕੰਮ 'ਤੇ ਜਾਣ ਨੂੰ ਮਨ ਨਹੀਂ ਕਰਦਾ। ਮਾਈਕ ਦੀ ਟੋਕਾ-ਟਾਕੀ ਚੰਗੀ ਨਹੀਂ ਲਗਦੀ," ਆਈਵਨ ਨੇ ਕਿਹਾ।

"ਨਰਕ 'ਚ ਪਵੇ ਐਹੋ ਜਿਹੀ ਨੌਕਰੀ," ਵਾਂਡਾ ਬੋਲੀ।

"ਹੋਰ ਨੌਕਰੀਆਂ ਵੀ ਤਾਂ ਨਹੀਂ ਮਿਲਦੀਆਂ। ਮੰਦਵਾੜਾ ਚੱਲ ਰਿਹੈ। ਅੱਗੇ ਕਿੰਨਾ ਚਿਰ ਬੇਰੁਜ਼ਗਾਰ ਰਹਿ ਕੇ ਨੌਕਰੀ ਮਿਲੀ ਆ," ਆਈਵਨ ਨੇ ਕਿਹਾ।

"ਕਿਤੇ ਨਹੀਂ ਭੁੱਖੇ ਮਰ ਚੱਲੇ। ਕੋਈ ਹੋਰ ਨੌਕਰੀ ਮਿਲ ਜਾਊ," ਵਾਂਡਾ ਨੇ ਕਿਹਾ।

"ਠੀਕ ਐ, ਪਰ ਅੱਜ ਕੰਮ 'ਤੇ ਜਾਊਂਗਾ," ਆਖਦੇ ਹੋਏ ਆਈਵਨ ਨੇ ਖਾਣੇ ਵਾਲਾ ਡੱਬਾ ਚੁੱਕ ਲਿਆ ਅਤੇ ਵਾਂਡਾ ਦੇ ਰੋਕਦੇ-ਰੋਕਦੇ ਵੀ ਕੰਮ 'ਤੇ ਤੁਰ ਪਿਆ। ਕੰਮ 'ਤੇ ਜਾਂਦਿਆਂ ਉਸ ਨੂੰ ਵਾਂਡਾ ਦੇ ਬੋਲਾਂ ਦੇ ਨਾਲ-ਨਾਲ ਆਪਣੇ ਪਿਤਾ ਦਾ ਕਿਹਾ ਚੇਤੇ ਆਇਆ। ਆਪਣੇ ਪਿਤਾ ਦੀਆਂ ਇਹੀ ਗੱਲਾਂ ਯਾਦ ਕਰ ਕੇ ਆਈਵਨ ਨੇ ਆਪਣੇ ਇਰਾਦੇ ਨੂੰ ਮਜ਼ਬੂਤ ਕਰ ਲਿਆ। ਆਪਣੇ ਇਸ ਇਰਾਦੇ ਦਾ ਇਮਤਿਹਾਨ ਲੈਣ ਲਈ ਆਈਵਨ ਨੂੰ ਬਹੁਤੀ ਦੇਰ ਉਡੀਕ ਨਹੀਂ ਸੀ ਕਰਨੀ ਪਈ। ਉਸੇ ਦਿਨ ਹੀ ਨਟ-ਬੋਲਟ ਪੈਕ ਕਰਦਿਆਂ ਪਹਿਲੇ ਆਰਡਰ ਦੇ ਡੱਬੇ ਸਟਾਕ ਵਿੱਚ ਰੱਖਣ ਤੋਂ ਪਹਿਲਾਂ ਹੀ ਆਈਵਨ ਨੇ ਦੂਜਾ ਆਰਡਰ ਪੈਕ ਕਰਨਾ ਸ਼ੁਰੂ ਕਰ ਦਿੱਤਾ। ਉਸੇ ਵੇਲੇ ਮਾਈਕ ਆ ਗਿਆ। ਆਉਂਦਿਆਂ ਹੀ ਬੋਲਿਆ, "ਇਹ ਡੱਬੇ ਇੱਥੇ ਕਿਉਂ ਹਨ?"

"ਦੂਜਾ ਆਰਡਰ ਕਾਹਲੀ ਦਾ ਹੈ। ਜੇ ਮੈਂ ਡੱਬੇ ਸਟਾਕ ਵਿੱਚ ਰੱਖਣ ਲੱਗ ਜਾਂਦਾ ਤਾਂ ਇਹ ਕਾਹਲੀ ਵਾਲਾ ਆਰਡਰ ਸਮੇਂ ਸਿਰ ਪੈਕ ਨਹੀਂ ਸੀ ਹੋ ਸਕਣਾ," ਆਈਵਨ ਨੇ ਕਿਹਾ।

"ਮੈਨੂੰ ਇਸ ਦੀ ਪਰਵਾਹ ਨਹੀਂ। ਜਿਹੜਾ ਆਰਡਰ ਪਹਿਲਾਂ ਕੀਤੈ ਉਸ ਦੇ ਡੱਬੇ ਦੂਜਾ ਆਰਡਰ ਸ਼ੁਰੂ ਕਰਨ ਤੋਂ ਪਹਿਲਾਂ ਸਟਾਕ ਵਿੱਚ ਜਾਣੇ ਚਾਹੀਦੇ ਆ," ਮਾਈਕ ਬੋਲਿਆ।

"ਇਹ ਛੋਟਾ ਜਿਹਾ ਆਰਡਰ ਐ। ਇਸ ਨੂੰ ਬਹੁਤਾ ਸਮਾਂ ਨਹੀਂ ਲੱਗਣਾ। ਮੈਨੂੰ ਨਬੇੜ ਲੈਣ ਦੇ," ਆਈਵਨ ਨੇ ਕਿਹਾ।

" ਜੇ ਇੱਥੇ ਕੰਮ ਕਰਨਾ ਐ ਤਾਂ ਮੇਰੇ ਤਰੀਕੇ ਨਾਲ ਕੰਮ ਕਰਨਾ ਪਊ," ਮਾਈਕ ਨੇ ਕਿਹਾ।

"ਨਰਕ 'ਚ ਪਵੇ ਤੇਰਾ ਤਰੀਕਾ, ਮੈਂ ਚੱਲਿਐਂ," ਆਖ ਕੇ ਆਈਵਨ ਨੇ ਡੱਬਾ ਥਾਏਂ ਪਟਕਾ ਕੇ ਮਾਰਿਆ।

"ਐਨੇ ਰੁਝੇਵੇਂ ਵਾਲੇ ਦਿਨ ਤੂੰ ਇਸ ਤਰ੍ਹਾਂ ਕਿਵੇਂ ਜਾ ਸਕਦੈਂ," ਮਾਈਕ ਨੇ ਕਿਹਾ।

"ਮੇਰੀ ਮਰਜ਼ੀ," ਆਈਵਨ ਨੇ ਮਾਈਕ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ। ਮਾਈਕ ਦੇ ਘਬਰਾਏ ਚੇਹਰੇ ਵੱਲ ਵੇਖ ਆਈਵਨ ਨੇ ਆਪਣੇ-ਆਪ ਨੂੰ ਹਲਕਾ ਫੁੱਲ ਵਰਗਾ ਮਹਿਸੂਸ ਕੀਤਾ।

ਉਸ ਦਿਨ ਬਾਰੇ ਚੇਤੇ ਕਰਦਿਆਂ ਆਈਵਨ ਦੇ ਬੁੱਲ੍ਹਾਂ 'ਤੇ ਮੁਸਕਾਨ ਆ ਗਈ।

ਟੀ ਵੀ ਦੀ ਸਕਰੀਨ ਉੱਪਰ ਹਾਲੇ ਵੀ ਬੁਸ਼ ਬਾਰੇ ਡਾਕੂਮੈਂਟਰੀ ਫ਼ਿਲਮ ਚੱਲ ਰਹੀ ਸੀ। ਸੂਤਰਧਾਰ ਆਖ ਰਿਹਾ ਸੀ ਕਿ ਬੇਕਰ-ਹੈਮਿਲਟਨ ਗਰੁੱਪ ਨੇ ਇਰਾਕ ਬਾਰੇ ਆਪਣੀ ਰਿਪੋਰਟ ਵਿੱਚ ਸਪੱਸ਼ਟ ਕਿਹਾ ਹੈ ਕਿ ਬੁਸ਼ ਦਾ ਇਰਾਕ ਵਿੱਚ ਫੌਜ਼ਾਂ ਭੇਜਣਾ ਗਲਤ ਸੀ। ਉਸ ਤੋਂ ਬਾਅਦ ਸੂਤਰਧਾਰ ਨਾਟੋ ਅਤੇ ਯੂਰਪੀਅਨ ਮੁਲਕਾਂ ਵੱਲੋਂ ਬੁਸ਼ ਦੇ ਇਸ ਫੈਸਲੇ ਦੇ ਵਿਰੋਧ ਬਾਰੇ ਦੱਸਣ ਲੱਗਾ। ਅਤੇ ਫਿਰ ਉਹ ਅਮਰੀਕੀ ਲੋਕਾਂ ਵੱਲੋਂ ਸੈਨੇਟ ਚੋਣਾਂ ਵਿੱਚ ਬੁਸ਼ ਦੇ ਵਿਰੋਧ ਵਿੱਚ ਦਿੱਤੇ ਫਤਵੇ ਬਾਰੇ ਦੱਸਣ ਲੱਗਾ। ਤੇ ਬੁਸ਼ ਵੱਲੋਂ ਆਪਣੀ ਇੱਛਾ ਦੇ ਉਲਟ ਆਪਣਾ ਸੱਜਾ ਹੱਥ ਸਮਝੇ ਜਾਂਦੇ ਅਮਰੀਕਨ ਡੀਫੈਂਸ ਸੈਕਟਰੀ ਰਮਜਫੀਲਡ ਦੇ ਅਸਤੀਫ਼ੇ ਨੂੰ ਪਰਵਾਨ ਕਰਨ ਵੇਲੇ ਦੀ ਵੀਡੀਓ ਵਿਖਾ ਕੇ ਸੂਤਰਧਾਰ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਅੰਦਰੋਂ-ਬਾਹਰੋਂ ਸਭ ਪਾਸਿਆਂ ਤੋਂ ਘਿਰਿਆ ਹੋਇਆ ਹੈ।

ਆਪਣੇ ਪਿਤਾ ਦੀ ਹੱਲਾਸ਼ੇਰੀ ਭਰੇ ਬੋਲ ਚੇਤੇ ਕਰ ਕੇ ਇੱਕ ਵਾਰ ਤਾਂ ਆਈਵਨ ਦੇ ਦਿਮਾਗ ਵਿੱਚ ਆਈ ਕਿ ਹੁਣੇ ਹੀ ਉੱਠ ਕੇ ਪੁਲੀਸ ਸਟੇਸ਼ਨ ਪਹੁੰਚ ਜਾਏ ਜਿਹੜਾ ਕੁਝ ਹੋਵੇਗਾ ਵੇਖੀ ਜਾਏਗੀ ? ਪਰ ਅਗਲੇ ਹੀ ਪਲ ਇੱਡ ਦੇ ਸੱਪਾਂ ਵਾਲੇ ਡੌਲਿਆਂ ਬਾਰੇ ਸੋਚ ਕੇ ਉਹ ਢੈਲਾ ਪੈ ਗਿਆ। 'ਐਹੋ ਜਿਹੇ ਬੰਦੇ ਨਾਲ ਕਿਵੇਂ ਟੱਕਰ ਲੈ ਲਵਾਂ ?' ਉਸ ਨੇ ਸੋਚਿਆ। ਫਿਰ ਉਸ ਦੇ ਚੇਤੇ ਵਿੱਚ ਟੋਪੀ ਵਾਲਾ ਬੰਦਾ ਉੱਭਰਿਆ ਅਤੇ ਨਾਲ ਹੀ ਉਸ ਵੱਲੋਂ ਇੱਡ ਨੂੰ ਦਿੱਤੀ ਧਮਕੀ "ਦੇਖ ਲਊਂਗਾ ਤੈਨੂੰ ਵੀ ਕਦੇ " ਚੇਤੇ ਆਈ। 'ਐਵੇਂ ਗੁੱਸੇ 'ਚ ਆਖ ਗਿਆ ਹੋਣੈ', ਆਈਵਨ ਨੇ ਸੋਚਿਆ। ਪਰ ਅਗਲੇ ਹੀ ਪਲ ਆਈਵਨ ਨੇ ਸੋਚਿਆ, 'ਚੱਲ ਨਾ ਵੀ ਕਰੇ ਕੁਝ ਉਹ, ਪਰ ਆਖ ਤਾਂ ਗਿਆ ਐ ਨਾ।' ਇਸ ਸੋਚ ਨਾਲ ਆਈਵਨ ਨੂੰ ਲੱਗਾ ਜਿਵੇਂ ਉਸ ਨੂੰ ਕੁਝ ਬਹੁਤ ਵੱਡਮੁੱਲਾ ਲੱਭ ਗਿਆ ਹੋਵੇ। ਉਸ ਦੇ ਚੇਹਰੇ ਉੱਪਰ ਰੌਣਕ ਆ ਗਈ। ਉਹ ਕੁਝ ਦੇਰ ਇਸੇ ਤਰ੍ਹਾਂ ਬੈਠਾ ਸੋਚਦਾ ਰਿਹਾ। ਫਿਰ ਉਸ ਨੇ ਉੱਠ ਕੇ ਵਾਂਡਾ ਦਾ ਮਨਭਾਉਂਦਾ ਨਾਸ਼ਤਾ ਤਿਆਰ ਕਰਕੇ ਉਸ ਨੂੰ ਜਗਾ ਕੇ ਆਪਣੀ ਸਕੀਮ ਦੱਸੀ।

ਉਸ ਤੋਂ ਅਗਲੇ ਹਫ਼ਤੇ ਸ਼ਨਿੱਚਰਵਾਰ ਦੀ ਰਾਤ ਨੂੰ ਦੋ ਕੁ ਵਜੇ ਦੇ ਕਰੀਬ ਆਈਵਨ ਅਤੇ ਵਾਂਡਾ ਆਪਣੀ ਬੈਠਕ ਦੇ ਪਰਦਿਆਂ 'ਚੋਂ ਝੀਥ ਬਣਾ ਕੇ ਵੇਖ ਰਹੇ ਸਨ ਕਿ ਇੱਡ ਦੇ ਸੱਪਾਂ ਵਾਲੇ ਡੌਲੇ ਹੇਠਾਂ ਵੱਲ ਨੂੰ ਲਮਕੇ ਹੋਏ ਸਨ। ਉਸ ਦੀਆਂ ਬਾਹਾਂ ਪਿੱਠ ਪਿੱਛੇ ਹੱਥਕੜੀ ਵਿੱਚ ਜਕੜੀਆਂ ਹੋਈਆਂ ਸਨ। ਆਈਵਨ ਨੂੰ ਲੱਗਾ ਜਿਵੇਂ ਇੱਡ ਦੇ ਡੌਲਿਆਂ 'ਤੋਂ ਸੱਪ ਧਰਤੀ ਉੱਪਰ ਡਿੱਗ ਪਏ ਹੋਣ ਅਤੇ ਇੱਡ ਦੇ ਪਿੱਛੇ ਜਾ ਰਹੇ ਪੁਲੀਸ ਵਾਲੇ ਦੇ ਪੈਰਾਂ ਹੇਠ ਉਨ੍ਹਾਂ ਦੀਆਂ ਸਿਰੀਆਂ ਮਿੱਧੀਆਂ ਜਾ ਰਹੀਆਂ ਹੋਣ।

' ਬੁਜ਼ਕੈਨ': ਆਫਟਰ ਆਵਰ ਪਾਰਟੀ ਹਾਊਸ : ਉਹ ਥਾਂ ਜਿੱਥੇ ਗੈਰ-ਕਾਨੂੰਨੀ ਤੌਰ 'ਤੇ ਸ਼ਰਾਬ ਵਰਤਾਈ ਜਾਂਦੀ ਹੋਵੇ।

## ਗ਼ਜ਼ਲ/ਐਜਾਜ਼ ਉਲਾ ਨਾਜ਼

ਅੰਦਰੋਂ ਅੰਦਰੀਂ ਮਰ ਗਏ ਲੋਕੀ,
ਸ਼ੀਸ਼ੇ ਕੋਲੋਂ ਡਰ ਗਏ ਲੋਕੀ।

ਚਾਰੋਂ ਪਾਸੇ ਹੂ ਦਾ ਆਲਮ
ਸੁੱਤੇ ਨੇ ਜਾਂ ਮਰ ਗਏ ਲੋਕੀ।

ਹੌਕੇ, ਹਾਵਾਂ, ਹਉਂ, ਤੋਹਫ਼ੇ,
ਲੈ ਕੇ ਸ਼ਾਮੀਂ ਘਰ ਗਏ ਲੋਕੀ।

ਇਸ਼ਕ ਪੀਰ ਦਾ ਪਲਾ ਫੜ ਕੇ
ਸ਼ੌਹ ਦਰਿਆ ਵੀ ਤਰ ਗਏ ਲੋਕੀ।

ਜਿਉਂਦੇ ਜੀਅ ਤੇ ਪੁੱਛਿਆ ਨਹੀਂ ਪਰ
ਫੁੱਲ ਕਬਰਾਂ ਤੇ ਧਰ ਗਏ ਲੋਕੀ।

ਉਸ ਦੇ ਦਿਲ ਨੂੰ ਜਿੱਤਣ ਖਾਤਰ,
ਜਾਨ ਦੀ ਬਾਜ਼ੀ ਹਰ ਗਏ ਲੋਕੀ।



## ਉਹਲਾ/ਬਲਜੀਤ ਕੌਰ ਬਲੀ

ਦੋ ਹੀ ਦਿਨ ਰਹਿ ਗਏ ਨੇ ਗੋਗੀ ਦੇ ਵਿਆਹ 'ਚ।

ਪਰਸੋਂ ਬਰਾਤ ਚੜ੍ਹਨੀ ਹੈ। ਮੈਨੂੰ ਵਿਆਹ ਤੋਂ ਦੋ ਦਿਨ ਪਹਿਲਾਂ ਬੁਲਾਇਆ ਸੀ। ਅਖੇ, "ਐਤਕੀਂ ਨਾ ਪਹਿਲਾਂ ਵਾਲੀ ਕਰੀਂ॥ਦਿਨ ਦੇ ਦਿਨ ਆ ਵੜੇਂ। ਅਖੀਰਲਾ ਵਿਆਹ ਹੈ। ਬੜੀ ਧੂਮ ਧਾਮ ਨਾਲ ਕਰਨਾ,।" ਪਰ ਮੈਂ ਹਾਂ ਜੋ ਅਜੇ ਇਹ ਸੋਚ ਰਹੀ ਹਾਂ ਕਿ ਵਿਆਹ ਜਾਇਆ ਜਾਵੇ ਜਾਂ ਨਾ। ਕੇਹੀ ਵਿਡੰਮਨਾ ਹੈ। ਭਾਬੀ ਨੇ ਕਿੰਨੇ ਹੰਮੇ ਨਾਲ ਕਿਹਾ ਸੀ। ਫਿਰ ਸੋਚਦੀ ਹਾਂ, 'ਕਿਹਾ ਹੋਵੇ!' ਉਨ੍ਹਾਂ ਨੇ ਕਿਹੜਾ ਮੈਨੂੰ ਪੁੱਛਕੇ ਤਾਰੀਖ ਧਰੀਆ। ਆਪਣਾ ਠੀਕ ਦੇਖਿਆ। ਸਾਡਾ ਤਾਂ ਨਹੀਂ। ਇਹ ਵੀ ਤਾਂ ਕੋਈ ਜ਼ਰੂਰੀ ਨਹੀਂ ਕਿ ਹਰ ਵਿਆਹ ਜਾਇਆ ਹੀ ਜਾਵੇ। ਛੇਵਾਂ ਵਿਆਹ ਹੈ। ਇਕ ਮੁੰਡਾ ਤੇ ਚਾਰ ਕੁੜੀਆਂ ਦੇ ਵਿਆਹ ਜਾ ਚੁੱਕੀ ਹਾਂ। ਭਾਬੀ ਦੇ ਘਰ ਪਹਿਲੇ ਮੁੰਡੇ ਪਿਛੋਂ ਉਪਰੋਥਲੀ ਦੀਆਂ ਚਾਰ ਕੁੜੀਆਂ ਹੋਈਆਂ। ਜੋੜੀ ਰਲਾਉਣ ਲਈ ਛੇਵੀਂ ਵਾਰੀ ਗੋਗੀ ਹੋਇਆ ਸੀ। ਭਾਬੀ ਹੁਣ ਗੋਗੀ ਦੇ ਵਿਆਹ ਲਈ ਪੱਬਾਂ ਭਾਰ ਹੋਈ ਫਿਰਦੀਆ,' ਫਿਰ ਸੋਚਦੀ ਹਾਂ, 'ਜੇ ਪੰਜ ਵਿਆਹ ਪਹਿਲਾਂ ਭੁਗਤਾ ਦਿੱਤੇ ਹੁਣ ਕਿਉਂ ਮੂੰਹ ਲਕੋਵਾਂ,'

ਪਤਾ ਨਹੀਂ ਕਿਉਂ ਪਿੰਡ ਜਾਣ ਨੂੰ ਮੇਰੀ ਵੱਢੀ ਰੂਹ ਨਹੀਂ ਕਰਦੀ। ਕੋਈ ਵੇਲਾ ਸੀ ਜਦੋਂ ਪਿੰਡ ਭੱਜੀ ਜਾਂਦੀ। ਹੁਣ ਤਾਂ ਇਉਂ ਲੱਗਦਾ ਜਿਵੇਂ ਪਿੰਡ ਜਾਣਾ ਮੌਤ ਹੋਵੇ। ਪਿੰਡ ਨਾਲ ਜਿਵੇਂ ਕੋਈ ਸਬੰਧ ਹੀ ਨਾ ਰਿਹਾ ਹੋਵੇ। ਪਹਿਲਾਂ ਵਾਲਾ ਪਿੰਡ ਤਾਂ ਜਿਵੇਂ ਕਿਧਰੇ ਗੁੰਮ ਗੁਆਚ ਹੀ ਗਿਆ ਹੋਵੇ।ਬੱਸ ਇਕ ਜਾਏ ਆਏ ਬਿਨਾਂ ਸਰਦਾ ਨਹੀਂ। ਜੰਮਣ ਭੋਇੰ ਜੋ ਹੋਈ। ਸ਼ਹਿਰ ਵਿਚ ਰਹਿੰਦਿਆਂ ਵੀ ਤਾਂ ਜੁਗੜੇ ਬੀਤ ਗਏ। ਸ਼ਹਿਰ ਵਿਚ ਰਹਿਣਾ ਹੁਣ ਚੰਗਾ ਲਗਦਾ। ਸ਼ਹਿਰ ਵਿਚ ਰਹਿੰਦਿਆਂ ਨੌਕਰੀ ਕਰਦਿਆਂ ਕਿੰਨੇ ਨਵੇਂ ਲੋਕਾਂ ਨਾਲ ਜਾਣ ਪਛਾਣ ਹੋ ਗਈ। ਹੁਣ ਇਹੀ ਆਪਣੇ ਲੱਗਣ ਲੱਗ ਪਏ ਨੇ। ਪਿੰਡ ਨਾਲੋਂ ਸਹੂਲਤਾਂ ਵੀ ਵੱਧ ਨੇ। ਪਰ ਫੇਰ ਵੀ ਇਉਂ ਲਗਦਾ ਜਿਵੇਂ ਪਿੰਡ ਅਜੇ ਵੀ ਕਿਧਰੇ ਮੇਰੇ ਅੰਦਰ ਜਿਉਂਦਾ ਹੋਵੇ॥ਸ਼ਹਿਰ ਵਾਲੇ ਵੀ ਕਹਿ ਦਿੰਦੇ ਆ ਤੇਰੇ ਵਿਚੋਂ ਅਜੇ ਵੀ ਪਿੰਡ ਦੀ ਪਛਾਣ ਆ ਜਾਂਦੀ ਆ। ਪਤਾ ਨਹੀਂ ਉਹ ਕਿਵੇਂ ਲੱਭ ਲੈਂਦੇ ਨੇ ਮੇਰੇ ਵਿਚੋਂ ਪਿੰਡ ਨੂੰ। ਪਰ ਮੈਨੂੰ ਲਗਦਾ ਮੈਂ ਨਾ ਪੂਰੀ ਸ਼ਹਿਰਨ ਹਾਂ ਤੇ ਨਾ ਪੇਂਡੂ। ਮੈਂ ਨਾ ਪੂਰੀ ਸ਼ਹਿਰ ਵਿਚ ਵਿਚਰ ਰਹੀ ਹੁੰਦੀ ਹਾਂ ਨਾ ਪਿੰਡ ਵਿਚ। ਕਿਧਰੇ ਵਿਚ ਵਿਚਾਲੇ ਲਟਕ ਰਹੀ ਹੁੰਦੀ ਹਾਂ। ਸ਼ਹਿਰ ਵਿਚ ਵਿਚਰਦਿਆਂ ਮੈਂ ਪਿੰਡ ਦੇ ਰਸਮੋ-ਰਿਵਾਜਾਂ ਤੇ ਲੋਕਾਂ ਬਾਰੇ ਸੋਚਦੀ ਰਹਿੰਦੀ ਹਾਂ ਤੇ ਪਿੰਡ ਵਿਚ ਵਿਚਰਦਿਆਂ ਸ਼ਹਿਰ ਦੀਆਂ ਸਹੂਲਤਾਂ ਬਾਰੇ।

ਪਿੰਡ ਦੀ ਵੀ ਹੁਣ ਕੀ ਗੱਲ ਕਰਨੀ ਹੋਈ ਪਿੰਡ ਕਿਹੜਾ ਪਹਿਲਾਂ ਵਾਲਾ ਪਿੰਡ ਰਿਹਾ। ਕਿੰਨਾ ਕੁਝ ਬਦਲ ਗਿਆ ਹੈ। ਪਤਾ ਨਹੀਂ ਕਿਉਂ ਢਹਿ ਚੁੱਕੇ ਲਈ ਮਨ ਵਿਚ ਵਰਾਗ ਹੁੰਦਾ ਹੈ। ਨਵੇਂ ਦਾ ਚਾਅ ਤਾਂ ਭਾਵੇਂ ਹੋਵੇ ਪਰ ਛੇਤੀ ਛੇਤੀ ਪਛਾਣ ਨਹੀਂ ਬਣਦੀ। ਪਿੰਡ ਜਾਂਦੀ ਹਾਂ ਤਾਂ ਉਹ ਸਿਵੇ, ਕਬਰਾਂ, ਝਿੜੀਆਂ, ਸਮਾਧਾਂ, ਡੇਰੇ, ਚਾਰ ਵਿੱਢੇ ਖੂਹ ਤਲਾਸ਼ਦੀ ਰਹਿੰਦੀ ਹਾਂ। ਮੇਰੀ ਸੁਰਤੀ ਨਾ ਪਲੱਸ ਟੂ ਸਕੂਲ ਵਿਚ ਘੁੰਮਦੀ ਹੈ, ਨਾ ਇੱਥੋਂ ਦੀ ਲਾਇਬ੍ਰੇਰੀ ਤੇ ਖੱਦਰ ਭੰਡਾਰ ਵਿਚ। ਪਾਣੀ ਦੀ ਟੈਂਕੀ ਦੀ ਥਾਂ ਮੈਨੂੰ ਅਜੇ ਵੀ ਪਿੜ ਦਿਖਾਈ ਦਿੰਦੇ ਹਨ, ਜਿਥੇ ਚਾਚਾ ਫਲ੍ਹੇ ਗਾਹਿਆ ਕਰਦਾ ਸੀ। ਜਾਂ ਫੇਰ ਤੀਆਂ ਲੱਗੀਆਂ। ਵੱਡੇ ਸਾਰੇ ਗੁਰਦੁਆਰੇ ਵਿਚ ਪੱਥਰ ਹੀ ਪੱਥਰ ਲੱਗ ਗਿਆ। ਪੱਥਰਾਂ ਤੇ ਪੈਰ ਧਰਦਿਆਂ ਪੈਰ ਮਚ ਮਚ ਜਾਂਦੇ ਨੇ। ਬਾਬਾ ਚੈਂਚਲ ਸੂੰ ਦਾ ਡੇਰਾ ਹੁਣ ਗੁਰਦੁਆਰੇ ਵਿਚ ਬਦਲ ਗਿਆ। ਬਾਬੇ ਸੂਬੇ ਦੀ ਸਮਾਧ ਵੀ ਸੰਗਮਰਮਰੀ ਪੱਥਰ ਦੀ ਹੋ ਗਈ। ਪਿੰਡ ਗਈ ਤਾਂ ਜੀ ਕੀਤਾ ਬਾਬੇ ਸੂਬੇ ਦੀ ਸਮਾਧ ਤੇ ਮੱਥਾ ਟੇਕਣ ਜਾਵਾਂ। ਬਚਪਨ ਵਿਚ ਮਾਂ ਦੀ ਉਂਗਲੀ ਫੜਕੇ ਜਾਇਆ ਕਰਦੀ ਸੀ। ਉਸ ਦਿਨ ਇਕੱਲੀ ਗਈ, ਪਹਿਲਾਂ ਤਾਂ ਮੈਨੂੰ ਉਹ ਥਾਂ ਹੀ ਨਾ ਲੱਭੇ ਇਉਂ ਲੱਗੇ ਜਿਵੇਂ ਸਾਰਾ ਕੁਝ ਹੀ ਬਦਲ ਗਿਆ ਹੋਵੇ।

ਫੇਰ ਸਮਾਧ ਲੱਭੀ ਤਾਂ ਇਉਂ ਲੱਗੇ ਜਿਵੇਂ ਬਾਬਾ ਸੂਬਾ ਜਿਹੜਾ ਪਹਿਲਾਂ ਸਾਡੇ ਨਾਲ ਗੱਲਾਂ ਕਰਦਾ ਸੀ ਹੁਣ ਪੱਥਰ ਦਾ ਬਣਕੇ ਬੈਠਾ ਹੋਇਆ।

ਤੁਸੀਂ ਸੋਚੋਗੇ ਹੋਰ ਹੀ ਰਾਮ ਕਹਾਣੀ ਲੈ ਕੇ ਬੈਠ ਗਈ ਕਹੋਗੇ, 'ਅਸੀਂ ਕੀ ਲੈਣਾ ਤੇਰੇ ਬਾਬੇ ਸੂਬੇ ਤੋਂ, ਨਾਲੇ ਡੇਰੇ ਵਾਲੇ ਚੈਂਚਲ ਸੂੰ ਤੋਂ। ਸਭ ਜਾਣਦੇ ਨੇ ਪਿੰਡਾਂ ਦੀ ਤਬਦੀਲੀ ਨੂੰ' ਜ਼ਰੂਰ ਜਾਣਦੇ ਹੋਵੋਗੇ, ਮੈਥੋਂ ਵੀ ਵੱਧ ਪਰ ਮੇਰੇ ਬਾਰੇ ਤੇ ਮੇਰੇ ਪਿੰਡ ਬਾਰੇ ਤਾਂ ਨਹੀਂ ਨਾ ਜਾਣਦੇ ? ਨਾ ਹੀ ਮੇਰੇ ਘਰ ਪਰਿਵਾਰ ਬਾਰੇ। ਇਹੀ ਤਾਂ ਅੱਜ ਮੈਂ ਥੋਨੂੰ ਦੱਸਣ ਲੱਗੀ ਹਾਂ ਕਿ ਮੇਰਾ ਪਿੰਡ ਜਾਣ ਨੂੰ ਜੀਅ ਕਿਉਂ ਨਹੀਂ ਕਰਦਾ। ਕਦੇ ਮੇਰਾ ਪਿੰਡ ਪਿੰਡ ਹੁੰਦਾ ਸੀ। ਪੇਕਿਆਂ ਦਾ ਘਰ ਵੀ ਸੁੱਖ ਨਾਲ ਬਥੇਰਾ ਵੱਡਾ ਸੀ। ਚੌਧਰੀਆਂ ਦਾ ਲਾਣਾ ਵਜਦਾ ਸੀ। ਬਾਪੂ ਹੁਰੇ ਤਿੰਨ ਭਰਾ ਸਨ। ਤਿੰਨੇ ਸਾਰੀ ਉਮਰ ਇਕੱਠੇ ਰਹੇ। ਹੁਣ ਤਿੰਨ ਘਰਾਂ ਦੇ ਪੰਦਰਾਂ ਬੀਹ ਘਰ ਬਣ ਗਏ। ਪਿੰਡ ਜਾਂਦੀ ਹਾਂ ਤਾਂ ਸੋਚਦੀ ਹਾਂ ਪਹਿਲਾਂ ਕੀਹਦੇ ਘਰ ਜਾਇਆ ਜਾਵੇ। ਪਰ ਫਿਰ ਜਿਹੜਾ ਅਗੋਂ ਮਿਲ ਜਾਂਦਾ ਉਸੇ ਨਾਲ ਤੁਰ ਪੈਂਦੀ ਹਾਂ। ਜਿਵੇਂ ਕੋਈ ਪਤਾ ਟਿਕਾਣਾ ਹੀ ਨਾ ਹੋਵੇ। ਜੀਹਦੇ ਘਰ ਪਿਛੋਂ ਜਾਂਦੀ ਹਾਂ ਉਸੇ ਦਾ ਮੂੰਹ ਮੋਟਾ। ਅੱਗੇ ਪਿੰਡ ਜਾਇਆ ਕਰਦੀ ਤਾਂ ਜਿੱਥੇ ਮਾਂ ਬੈਠੀ ਹੁੰਦੀ ਉਥੇ ਜਾਂਦੀ। ਸਾਰੀਆਂ ਬੁੜ੍ਹੀਆਂ ਕੁੜੀਆਂ, ਭਰਾ, ਭਰਜਾਈਆਂ ਮੈਨੂੰ ਉਥੇ ਮਿਲਣ ਆਉਂਦੀਆਂ। ਹੁਣ ਜੇ ਕਿਸੇ ਘਰ ਜਾਂਦੀ ਹਾਂ ਤਾਂ ਦੂਜੇ ਘਰ ਵਾਲਾ ਵਿੜਕਾਂ ਤਾਂ ਲਈ ਜਾਊਗਾ ਪਰ ਕੋਈ ਮਿਲਣ ਨਹੀਂ ਆਏਗਾ। ਜਿਵੇਂ ਮੇਰਾ ਹੀ ਸਭ ਦੇ ਘਰੀਂ ਜਾਣ ਦਾ ਫਰਜ਼ ਹੋਵੇ। ਜਦੋਂ ਇਕ ਘਰੋਂ ਦੂਜੇ ਘਰ ਜਾਂਦੀ ਹਾਂ ਤਾਂ ਉਹ ਪਹਿਲੀ ਬਾਰੇ ਪੁੱਛੇਗੀ, 'ਮੇਰੇ ਬਾਰੇ ਕੀ ਬੋਲਦੀ ਸੀ ?' ਤੀਜੀ ਦੂਜੀ ਬਾਰੇ ਕਹੇਗੀ, 'ਲੱਗ ਗਿਆ ਉਹਦੀ ਕਰਤੂਤ ਦਾ ਪਤਾ' ? ਅਗਲੀ ਕੋਲ ਜਾਂਦੀ ਹਾਂ ਤਾਂ ਉਹ ਸਭਦੇ ਪੜਦੇ ਫਰੋਲੇਗੀ। ਕਿਸੇ ਦੀ ਧਰੀ ਢਕੀ ਨਹੀਂ ਰਹਿਣ ਦੇਵੇਗੀ॥ ਮੈਂ ਬਥੇਰਾ ਟਲਣ ਦੀ ਕੋਸ਼ਿਸ਼ ਕਰਦੀ ਹਾਂ ਪਰ ਕਿਸੇ ਨਾ ਕਿਸੇ ਗੱਲ 'ਚ ਉਲਝ ਹੀ ਜਾਂਦੀ ਹਾਂ। ਹੋਰ ਨਹੀਂ ਤਾਂ ਤੀਵੀਂ ਆਦਮੀ ਦੀ ਲੜਾਈ 'ਚ ਸਾਲਸ ਬਣਨਾ ਪੈ ਜਾਂਦਾ। ਫੇਰ ਘਰ ਆਕੇ ਬੜਾ ਪਛਤਾਉਂਦੀ ਹਾਂ। ਸੱਚੀ ਗੱਲ ਇਹ ਹੈ ਕਿ ਇਨ੍ਹਾਂ ਗੱਲਾਂ ਕਰਕੇ ਮੇਰਾ ਪਿੰਡ ਜਾਣ ਨੂੰ ਚਿੱਤ ਨਹੀਂ ਕਰਦਾ। ਹਰ ਵਾਰ ਜਦੋਂ ਜਾਂਦੀ ਹਾਂ ਤਾਂ ਦੁਬਾਰਾ ਨਾ ਜਾਣ ਬਾਰੇ ਸਹੁੰ ਪਾਕੇ ਆਉਂਦੀ ਹਾਂ। ਪਰ ਫੇਰ ਕੋਈ ਨਾ ਕੋਈ ਸਬੱਬ ਬਣ ਜਾਂਦਾ ਕਿ ਮੈਨੂੰ ਪਿੰਡ ਜਾਣਾ ਪੈ ਜਾਂਦਾ। ਐਨਾ ਵੱਡਾ ਟੱਬਰ ਹੈ ਕਿਸੇ ਨਾ ਕਿਸੇ ਦਾ ਦੁਖ ਸੁਖ ਲੱਗਿਆ ਹੀ ਰਹਿੰਦਾ। ਜੇ ਨਹੀਂ ਜਾਂਦੀ ਤਾਂ ਊਂ ਮਨ ਤੇ ਬੋਝ ਜਿਹਾ ਰਹਿੰਦਾ।

ਪਹਿਲੀ ਵਾਰੀ ਮੈਂ ਪਿੰਡ ਨਾਲੋਂ ਉਦੋਂ ਟੁੱਟੀ ਜਦੋਂ ਮਾਂ ਮਰੀ। ਪਿਉ ਤਾਂ ਚਾਰ ਵਰ੍ਹੇ ਪਹਿਲਾਂ ਹੀ ਤੁਰ ਗਿਆ ਸੀ। ਤੁਸੀਂ ਸੱਚ ਜਾਣਿਓ ਓਦੋਂ ਇਕ ਵਾਰੀ ਤਾਂ ਮੈਨੂੰ ਇਉਂ ਲੱਗਿਆ ਜਿਵੇਂ ਮੇਰੇ ਪੈਰਾਂ ਹੇਠਲੀ ਧਰਤੀ ਖਿਸਕ ਗਈ ਹੋਵੇ। ਸਿਰ ਦੀ ਛੱਤ ਉੱਡ ਗਈ ਹੋਵੇ। ਮਾਂ ਦੀ ਮੌਤ ਨੇ ਜਿਵੇਂ ਪਿੰਡ ਦੀ ਜੂਹ ਵੀ ਬਗਾਨੀ ਕਰਤੀ। ਹੌਲੀ ਹੌਲੀ ਭਰਾਵਾਂ ਨੇ ਸਿਰ ਤੇ ਹੱਥ ਰੱਖਿਆ। ਵੱਡੀ ਭਾਬੀ ਚੋਂ ਮਾਂ ਦਿੱਸਣ ਲੱਗੀ। ਭਰਾ 'ਚੋਂ ਬਾਪੂ। ਇਉਂ ਲੱਗਿਆ ਕਰੇ ਜਿਵੇਂ ਕੋਈ ਨਾ ਕੋਈ ਕੰਨੀ ਫਿਰ ਪਿੰਡ ਨਾਲ ਜੁੜ ਗਈ ਹੋਵੇ। ਪਰ ਇਸ ਕੰਨੀ ਨਾਲ ਬਹੁਤੀ ਦੇਰ ਬੱਝੀ ਨਾ ਰਹਿ ਸਕੀ। ਹੁਣ ਤੁਹਾਡੇ ਕੋਲੋਂ ਕਿਸ ਗੱਲ ਦਾ ਉਹਲਾ। ਤਿੰਨੇ ਭਾਈ ਤਿੰਨੇ ਹੱਦ ਦਰਜੇ ਦੇ ਸ਼ਰਾਬੀ। ਛੋਟੇ ਨੇ ਦਾਰੂ ਦੇ ਰੱਜੇ ਨੇ ਐਕਸੀਡੈਂਟ ਵਿਚ ਜਾਨ ਗਵਾ ਲਈ। ਵਿਚਕਾਰਲੇ ਨੇ ਤੱਤੀਆਂ ਦਾਰੂਆਂ ਪੀ ਪੀ ਜਿਗਰ ਖਰਾਬ ਕਰ ਲਿਆ। ਤੀਜੇ ਨੇ ਪੀਣ ਖਾਤਰ ਊਂ ਜ਼ਮੀਨ ਵੇਚਕੇ ਖਾਨਾ ਖਰਾਬ ਕਰ ਲਿਆ। ਜਦੋਂ ਸਭ ਖਾ ਪੀ ਛੱਡਿਆ ਤੇ ਸੱਭਦੇ ਨਕੋਂ ਮੂੰਹੋਂ ਲਹਿ ਗਿਆ ਫੇਰ ਭਾਖੜਾ 'ਚ ਜਾ ਛਾਲ ਮਾਰੀ। ਮਰੇ ਦੀ ਲਾਸ਼ ਵੀ ਨ੍ਹੀਂ ਲੱਭੀ। ਹੁਣ ਤੁਸੀਂ ਦਸੋ ਇਹ ਸੱਲ ਕੋਈ ਛੋਟੇ ਨੇ ? ਇਸੇ ਕਰਕੇ ਪਿੰਡ ਜਾਣ ਨੂੰ ਰੂਹ ਨਹੀਂ ਕਰਦੀ।

ਹੁਣ ਥੋਨੂੰ ਕੀ ਦੱਸਾਂ ਜਦੋਂ ਵੀ ਪਿੰਡ ਜਾਂਦੀ ਹਾਂ ਤਾਂ ਇਨ੍ਹਾਂ ਅਣਆਈਆਂ ਮੌਤਾਂ ਦਾ ਮਣਾ



ਮੂੰਹੀਂ ਬੋਝ ਸਿਰ ਤੇ ਲੱਦ ਲਿਆਉਂਦੀ ਹਾਂ। ਘਰ ਆ ਕੇ ਕਈ ਕਈ ਦਿਨ ਉਦਾਸ ਰਹਿੰਦੀ ਹਾਂ। ਬੱਚਿਆਂ ਨਾਲ ਤੇ ਘਰ ਵਾਲੇ ਨਾਲ ਵੀ ਉੱਖੜੀ ਉਖੜੀ। ਫੇਰ ਉਨ੍ਹਾਂ ਤੋਂ ਕਈ ਤਰ੍ਹਾਂ ਦੀਆਂ ਗੱਲਾਂ ਸੁਣਦੀ ਹਾਂ। ਬੱਚੇ ਹੁਕਮ ਵਾਂਗ ਕਹਿਣਗੇ, 'ਮੰਮੀ ਅੱਗੇ ਤੋਂ ਤੁਸੀਂ ਪਿੰਡ ਨਹੀਂ ਜਾਓਂਗੇ। ਮੂੰਹ ਜਿਹਾ ਬਣਾ ਕੇ ਆ ਜਾਨੇਓ।' ਪਤੀ ਦੇਵ ਕਹੇਗਾ, 'ਇਹਨੇ ਉਨੀਂ ਦੇਰ ਜਾਣੋਂ ਨੀ ਹਟਣਾ ਜਿੰਨੀ ਦੇਰ ਇਹਦੀ ਦੂਜੀ ਲੱਤ ਨ੍ਹੀਂ ਟੁੱਟਦੀ।' ਚੁੱਪ ਚਾਪ ਜਰ ਲੈਂਦੀ ਹਾਂ। ਸਹਿ ਜਾਂਦੀ ਹਾਂ। ਅਗੋਂ ਕੁਝ ਨਹੀਂ ਬੋਲਦੀ। ਬੋਲਾਂ ਵੀ ਤਾਂ ਕੀ ਬੋਲਾਂ ? ਉਹ ਸੱਚੇ ਨੇ। ਝੂਠੀ ਤਾਂ ਭਾਵੇਂ ਮੈਂ ਵੀ ਨਹੀਂ ਪਰ ਉਨ੍ਹਾਂ ਦਾ ਸੱਚ ਸਬੂਤਾ ਹੈ। ਦਿਸਦਾ ਹੈ। ਮੇਰਾ ਸੱਚ ਦਿਸਣ ਯੋਗ ਨਹੀਂ, ਸਿਰਫ ਮਹਿਸੂਸ ਕੀਤਾ ਜਾ ਸਕਦਾ ਹੈ।

ਲਿਵਰ ਦੇ ਕੈਂਸਰ ਕਰਕੇ ਵਿਚਕਾਰਲਾ ਭਰਾ ਛੇ ਮਹੀਨੇ ਹਸਪਤਾਲ 'ਚ ਰਿਹਾ। ਨਾ ਦਿਨ ਵੇਖਦੀ ਨਾ ਰਾਤ। ਕਦੇ ਕਦੇ ਸਕੂਲੋਂ ਵੀ ਫਰਲੋ ਮਾਰ ਲੈਂਦੀ। ਕਦੇ ਅੱਧੀ ਛੁੱਟੀ ਨਾਲ ਇਕ ਬਟਾ ਤਿੰਨ ਲੈ ਕੇ ਹਸਪਤਾਲ ਜਾਂਦੀ। ਸਕੂਟਰ ਤੇ ਚੜ੍ਹਦੀ ਤਾਂ ਹਸਪਤਾਲ ਦੀ ਇਕ ਨੁਕਰੇ ਪਿਆ ਭਾਈ ਦਿਖਾਈ ਦਿੰਦਾ। ਰਾਹ ਵਿਚ ਕੌਣ ਮਿਲਦਾ ? ਕਿਥੋਂ ਕਿਥੋਂ ਕਿਵੇਂ ਭੀੜ 'ਚੋਂ ਬਚ ਬਚਾ ਕੇ ਸਕੂਟਰ ਕੱਢ ਲੈਂਦੀ; ਕੋਈ ਖ਼ਬਰ ਨਾ ਹੁੰਦੀ। ਭਾਈ ਦੀਆਂ ਅੱਖਾਂ ਜਿਵੇਂ ਮੈਨੂੰ ਉਡੀਕ ਰਹੀਆਂ ਹੁੰਦੀਆਂ॥ ਉਸ ਉਡੀਕ ਵਿਚ ਉਸਦੇ ਜਿਉਣ ਦਾ ਤਰਲਾ ਹੁੰਦਾ। ਉਸ ਨੂੰ ਲਗਦਾ ਪੜ੍ਹੀ ਲਿਖੀ ਭੈਣ ਬਚਾ ਲਏਗੀ ਮੈਨੂੰ। ਡਾਕਟਰਾਂ ਨਾਲ ਮਸ਼ਵਰੇ ਜੋ ਕਰਦੀ ਸਾਂ। ਦਵਾਈਆਂ ਤੇ ਖਾਣ ਪੀਣ ਦੇ ਵਕਤ ਜੋ ਦਸਦੀ ਸਾਂ। ਫੇਰ ਪਤੀ ਤੇ ਬੱਚਿਆਂ ਤੋਂ ਡਰਦੀ ਕਾਹਲੀ ਕਾਹਲੀ ਘਰ ਨੂੰ ਭੱਜਦੀ। ਘਰ ਵਾਲੇ ਦੇ ਘਰ ਆਉਣ ਤੋਂ ਪਹਿਲਾਂ ਘਰ ਪਹੁੰਚਣ ਦੀ ਕੋਸ਼ਿਸ਼ ਕਰਦੀ। ਸਕੂਟਰ ਤੇਜ਼ ਚਲਾਉਂਦੀ। ਅਖੀਰ ਇਕ ਦਿਨ ਐਕਸੀਡੈਂਟ ਹੋਕੇ ਹੀ ਖਹਿੜਾ ਛੁੱਟਿਆ। ਪਤੀ ਦੇਵ ਦੀ ਅਕਾਸ਼ਬਾਣੀ ਸੱਚ ਹੋਈ। ਪਿੰਡੋਂ ਕੋਈ ਮੇਰੇ ਕੋਲੇ ਆ ਕੇ ਨਾ ਠਹਿਰ ਸਕਿਆ। ਸਾਰਾ ਕੰਮ ਪਤੀ ਨੂੰ ਤੇ ਬੱਚਿਆਂ ਨੂੰ ਕਰਨਾ ਪਿਆ। ਪੂਰੀ ਤਰ੍ਹਾਂ ਠੀਕ ਹੋਣ 'ਚ ਪੂਰਾ ਸਾਲ ਲੱਗਿਆ। ਤਿੰਨ ਮਹੀਨੇ ਬਿਨਾਂ ਤਨਖਾਹ ਛੁੱਟੀ ਤੇ ਰਹੀ। ਹੁਣ ਕਰਾਂ ਤਾਂ ਕੀ ਕਰਾਂ ਮੈਂ ਬਥੇਰਾ ਉਨ੍ਹਾਂ ਨੂੰ ਤੋੜ ਤੋੜ ਸਿਟਦੀ ਹਾਂ। ਉਹ ਵੀ ਪਤਾ ਨਹੀਂ ਕਿਉਂ ਹਰ ਦੁਖ ਸੁਖ 'ਚ ਪਹਿਲਾ ਸੁਨੇਹਾ ਮੈਨੂੰ ਭੇਜਣਗੇ। ਫਿਰ ਪਤੀ ਦੇਵ ਤੇ ਬੱਚਿਆਂ ਦੀਆਂ ਮਿੰਨਤਾਂ ਜਿਹੀਆਂ ਕਰਦੀ ਹਾਂ ਕਿ, 'ਮੈਂ ਪਿੰਡ ਜਾ ਆਵਾਂ ?' ਬੱਚੇ ਮੂੰਹ ਜਿਹਾ ਬਣਾਕੇ ਕਹਿਣਗੇ, "ਸਾਨੂੰ ਕੀ ਪਤਾ ਡੈਡੀ ਨੂੰ ਪੁੱਛਲੋ। ਡੈਡੀ ਕਹੇਗਾ, ਬੱਚਿਆਂ ਨੂੰ ਪੁੱਛੋ।" ਕਈ ਵਾਰੀ ਤਾਂ ਇਉਂ ਲੱਗਣ ਲੱਗ ਪੈਂਦਾ ਜਿਵੇਂ ਮੈਂ ਸਭ ਦੀ ਗੁਲਾਮ ਹੋਵਾਂ। ਮੈਨੂੰ ਪਿੰਡ ਨਾ ਜਾਣ ਦੇਣ ਬਾਰੇ ਸਭਨੇ ਏਕਾ ਕਰ ਲਿਆ ਹੋਵੇ ? ਫੇਰ ਮਜਬੂਰੀ ਵੱਸ ਆਪ ਹੀ ਪੱਕਾ ਮਨ ਬਣਾਉਂਦੀ ਹੋਈ ਬੇਟੀ ਨਾਲ ਗੱਲ ਤੋਰਦੀ ਹਾਂ।

"ਬਿੰਦੂ ਬੇਟੇ ! ਮੈਂ ਸਵੇਰ ਦਾ ਖਾਣਾ ਬਣਾ ਕੇ ਚੱਲੀ ਜਾਵਾਂ, ਸ਼ਾਮ ਦਾ ਆਕੇ ਬਣਾ ਲਵਾਂਗੀ ? ਬੱਸ ਤੂੰ ਵੀਰਾਂ ਨੂੰ ਤੇ ਡੈਡੀ ਨੂੰ ਰੋਟੀ ਪਾਕੇ ਫੜਾਦੀਂ। ਸ਼ਾਮ ਨੂੰ ਆ ਜਾਵਾਂਗੀ। ਤੂੰ ਬੈਠਕੇ ਪੜ੍ਹੀਂ।"

ਧੀ ਬੋਲੇਗੀ ਨਹੀਂ ਸਿਰਫ ਬੁੱਲ੍ਹ ਜਿਹੇ ਅਟੇਰ ਕੇ ਮੇਰੇ ਮੂੰਹ ਵੱਲ ਸਿਸਤ ਜਿਹੀ ਬੰਨ੍ਹਕੇ ਵੇਖੇਗੀ। ਮੈਨੂੰ ਉਸਦਾ ਇਉਂ ਵੇਖਣਾ ਉੱਕਾ ਚੰਗਾ ਨਹੀਂ ਲਗਦਾ। ਪਿੰਡ ਜਾਕੇ ਵੀ ਮੈਨੂੰ ਉਸਦਾ ਬਣਿਆ ਮੂੰਹ ਦਿਖਾਈ ਦਿੰਦਾ ਰਹਿੰਦਾ। ਅਸਲ ਵਿਚ ਬੱਚੇ ਵੀ ਸ਼ਹਿਰ 'ਚ ਰਹਿੰਦਿਆਂ ਆਪ ਮਤੇ ਹੋ ਗਏ ਨੇ। ਕਿਸੇ ਬਾਰੇ ਬਾਦਰ ਹੀ ਨਹੀਂ ਕਰਦੇ। ਟੀ. ਵੀ. ਤੇ ਕੰਪਿਊਟਰ ਅੱਗੇ ਤਾਂ ਸਾਰਾ ਦਿਨ ਬੈਠੇ ਰਹਿਣਗੇ ਪਰ ਕੀ ਮਜਾਲ ਤਿੰਨਾਂ 'ਚੋ ਇਕ ਵੀ ਮੇਰੇ ਨਾਲ ਉੱਠਕੇ ਤੁਰ ਪਏ। ਕੋਈ ਸਮਾਂ ਸੀ ਜਦੋਂ ਬੱਚੇ ਮੇਰੇ ਮੂਹਰੇ ਲੱਗਕੇ ਤੁਰਦੇ, ਬਹੁਤੀ ਵਾਰੀ ਪਤੀ ਦੇਵ ਵੀ ਨਾਲ ਹੁੰਦਾ। ਉਦੋਂ ਮੈਨੂੰ ਬੜਾ ਚੰਗਾ ਚੰਗਾ ਲੱਗਦਾ। ਇਉਂ ਲਗਦਾ ਜਿਵੇਂ ਸਾਰੇ ਪਿੰਡ 'ਤੇ ਮੇਰੀ ਸਰਦਾਰੀ ਹੋਵੇ। ਪਹਿਲਾਂ ਪਹਿਲ ਤਾਂ ਬੱਚੇ ਆਪ ਹੀ ਜਾਣ ਲਈ ਤਿਆਰ ਹੋ ਜਾਂਦੇ। ਕਈ ਵਾਰੀ ਮਲੋਮਲੀ ਨਾਲ ਤੁਰਦੇ। ਉਦੋਂ ਨਾਨੀ ਦੀਆਂ ਵੰਨ ਸੁਵੰਨੀਆਂ ਚੀਜ਼ਾਂ

ਖਿੱਚ ਲੈਂਦੀਆਂ। ਕਿੰਨੇ ਚੋਚਲੇ ਕਰਦੀ ਸੀ ਨਾਨੀ ਵੀ। ਤੁਰਨ ਵੇਲੇ ਵੀ ਕਿੰਨਾ ਕੁਝ ਨਾਲ ਬੰਨ੍ਹ ਦਿੰਦੀ। ਬਥੇਰਾ ਕਹਿੰਦੀ, "ਮਾਂ! ਇਹ ਸਾਰਾ ਕੁਝ ਮੈਥੋਂ ਨ੍ਹੀਂ ਚੱਕ ਹੋਣਾ। ਬਥੇਰਾ ਖਾ ਪੀ ਲਿਆ ਚਾਰ ਦਿਨ ਰਹਿਕੇ।" ਮਾਂ ਮਿੱਠੀ ਜਿਹੀ ਝਿੜਕ ਦੇ ਕੇ ਕਹਿੰਦੀ, "ਚੁੱਪ ਕਰ ਨੀਂ ਕੁੜੀਏ! ਐਮੇਂ ਨਾ ਬੋਲੀ ਜਾਇਆ ਕਰ। ਖਾਣ ਪੀਣ ਦੀਆਂ ਚੀਜ਼ਾਂ ਦਾ ਕੋਈ ਬੋਝ ਹੁੰਦਾ।"

ਤੁਸੀਂ ਵੀ ਮੈਨੂੰ ਕੀ ਕਹੋਗੇ ਗੋਗੀ ਦੇ ਵਿਆਹ ਦੀ ਗੱਲ ਕਰਦੀ ਕਰਦੀ ਮੈਂ ਮਾਂ ਦੇ ਰੋਣੇ ਧੋਣੇ ਲੈ ਕੇ ਬਹਿ ਗਈ। ਪਰ ਸੱਚ ਜਾਣਿਉਂ ਜਦੋਂ ਵੀ ਕਦੇ ਪਿੰਡ ਜਾਣ ਬਾਰੇ ਸੋਚਦੀ ਹਾਂ, ਜਾਂ ਪਿੰਡ ਜਾਂਦੀ ਹਾਂ ਤਾਂ ਮਾਂ ਜਿਵੇਂ ਰਾਹ 'ਚ ਖੜ੍ਹੀ ਹੁੰਦੀਆ। ਕਦੇ ਮੈਨੂੰ ਦੇਖ ਕੇ ਖਿੜ ਖਿੜ ਕਰਕੇ ਹੱਸਦੀ, ਕਦੀ ਮਰ ਗਿਆਂ ਦੇ ਵੈਣ ਪਾਉਂਦੀ, ਕਦੇ ਮੈਨੂੰ ਸਮਝਦਾਰੀ ਦੀਆਂ ਗੱਲਾਂ ਦਸਦੀ। ਇਕ ਗੱਲ ਉਹ ਜ਼ਰੂਰ ਆਖੇਗੀ, "ਤੈਨੂੰ ਸਾਰੀ ਉਮਰ ਦੁਨੀਆਂਦਾਰੀ ਦੀ ਸਮਝ ਨ੍ਹੀਂ ਆਈ।" ਜਦੋਂ ਮਾਂ ਯਾਦ ਆਉਂਦੀ ਹੈ ਤਾਂ ਉਸਦੀਆਂ ਕਈ ਸਮਝੌਤੀਆਂ ਵੀ ਯਾਦ ਆਉਂਦੀਆਂ। ਉਹ ਅਕਸਰ ਕਿਹਾ ਕਰਦੀ ਸੀ, 'ਪੜ੍ਹਾਈਆਂ ਜਿੰਨੀਆਂ ਮਰਜੀ ਕਰਲੀਆਂ ਪਰ ਤੈਨੂੰ ਦੁਨੀਆਦਾਰੀ ਦੀ ਭੋਰਾ ਅਕਲ ਨ੍ਹੀਂ। ਜਿਥੇ ਦੋ ਦੇਣੇ ਹੁੰਦੇਆ, ਉਥੇ ਪੰਜ ਦੇਮੇਂਗੀ। ਜਿਥੇ ਪੰਜ ਜਾਂ ਦਸ ਦੇਣੇ ਹੁੰਦੇ ਆ, ਉਥੇ ਖਬਰਨੀ ਪੰਜਾਹ ਫੜਾਂਦੇ। ਤੇ ਕਦੇ ਦੇਣ ਵਾਲੀ ਥਾਂ ਵੀ ਨਾ ਦੇਵੇਂ। ਮੈਂ ਤੁਹਾਨੂੰ ਭੇਤ ਦੀ ਗੱਲ ਦੱਸਾਂ, ਮਾਂ ਬਹੁਤੀ ਵਾਰੀ ਮੁੱਠੀ 'ਚੋਂ ਪੰਜਾਹ ਦਾ ਨੋਟ ਕੱਢਕੇ ਬੀਹ ਜਾਂ ਦਸ ਫੜਾ ਦਿੰਦੀ। ਤੇ ਕਈ ਵਾਰ ਖਾਲੀ ਹੱਥ ਜਾਂਦੀ ਨੂੰ ਵੇਖ ਮੁੱਠੀ ਵਿਚ ਦਸ ਜਾਂ ਬੀਹ ਫੜਾ ਕੇ ਕਹਿੰਦੀ, 'ਲੈ, ਫਲਾਣੀ ਦੇ ਪੋਤਾ ਜਾਂ ਦੋਹਤਾ ਹੋਇਆ ਜਾਕੇ ਦੇ ਆ। ਅਗਲੀ ਆਖੂਗੀ ਜੇ ਸਾਡੀ ਸਕੀ ਹੁੰਦੀ ਤਾਂ ਆਉਂਦੀ ਨਾ। ਮਤੇਰ ਦੀ ਧੀ ਹੀ ਰਹੀ ਨਾ। ਅਸਲ ਵਿਚ ਮੈਨੂੰ ਦੇਣ ਲੈਣ ਸਬੰਧੀ ਬਹੁਤੀਆਂ ਘੁਣਤਰਾਂ ਨਹੀਂ ਆਉਂਦੀਆਂ। ਮੈਨੂੰ ਇਹ ਵਾਧੂ ਦਾ ਖਲਜਗਣ ਲਗਦਾ। ਹਰ ਵੇਲੇ ਕੱਪੜੇ ਤੇ ਸ਼ਗਨ ਜਿਹਾ ਵਟਾਈ ਜਾਓ।

ਹੁਣ ਜਦੋਂ ਗੋਗੀ ਦੇ ਵਿਆਹ ਵਿਚ ਦੋ ਹੀ ਦਿਨ ਰਹਿ ਗਏ ਨੇ ਤਾਂ ਮਾਂ ਦੀਆਂ ਸਮਝੌਤੀਆਂ ਯਾਦ ਆਉਂਦੀਆਂ। ਹੁਣ ਮਾਂ ਤਾਂ ਹੈ ਨਹੀਂ, ਫੈਸਲੇ ਤਾਂ ਮੈਨੂੰ ਆਪ ਹੀ ਲੈਣੇ ਪੈਣੇ ਨੇ। ਹੁਣ ਤਾਂ ਘਰ ਵਾਲਾ ਤੇ ਬੱਚੇ ਵੀ ਇਸ ਗੱਲ 'ਚ ਮੇਰੇ ਨਾਲ ਨਹੀਂ। ਕੀ ਕਰਾਂ? ਕੀਹਨੂੰ ਪੁੱਛਾਂ ਕਿ ਕੀ ਦੇਵਾਂ? ਨਿਉਂਦਾ ਕਿੰਨਾਂ ਪਾਵਾਂ? ਪਾਵਾਂ ਜਾਂ ਨਾ ਪਾਵਾਂ। ਪਰ ਨਹੀਂ, ਕਈ ਗੱਲਾਂ ਦਾ ਉਹਲਾ ਰੱਖ ਲੈਣਾ ਚੰਗਾ ਹੁੰਦਾ। ਮਾਂ ਵੀ ਤਾਂ ਕਿਹਾ ਕਰਦੀ ਸੀ, 'ਧੀਏ ਇਨ੍ਹਾਂ ਉਹਲਿਆਂ ਬਿਨਾਂ ਕਬੀਲਦਾਰੀ ਨ੍ਹੀਂ ਚਲਦੀ ਹੁੰਦੀ। ਵਖਤ ਵੇਲੇ ਇਹੀ ਉਹਲੇ ਤੇਰੇ ਕੰਮ ਆਉਣਗੇ। ਪਰ ਇਹ ਉਹਲੇ ਵੀ ਕਈ ਵਾਰੀ ਬੜੀ ਸਮੱਸਿਆ ਸਹੇੜ ਦਿੰਦੇ ਨੇ। ਮੈਂ ਇਸੇ ਉਹਲੇ 'ਚ ਇਕ ਵਾਰ ਬੁਰੀ ਤਰ੍ਹਾਂ ਫਸ ਗਈ ਸੀ। ਹੁਣ ਤੁਹਾਡੇ ਕੋਲੋਂ ਕਾਹਦਾ ਓਹਲਾ। ਵੱਡੇ ਭਰਾ ਦੀ ਪੋਤੀ ਦਾ ਵਿਆਹ ਤੇ ਵਿਚੋਲਣ ਵੀ ਮੈਂ ਹੀ ਸਾਂ। ਕੁੜੀ ਦੇ ਸਿਰ ਤੇ ਨਾ ਪਿਉ ਸੀ ਨਾ ਦਾਦਾ। ਘਰ ਦੀ ਹਾਲਤ ਵੀ ਬਹੁਤੀ ਚੰਗੀ ਨ੍ਹੀਂ ਸੀ। ਅਗੋਂ ਘਰ ਚੰਗਾ ਸੀ। ਮੈਂ ਪਤੀ ਤੋਂ ਉਹਲੇ ਨਾਲ ਕੁੜੀ ਨੂੰ ਡੇਢ ਤੋਲੇ ਦੀ ਘੜੀ ਚੂੜੀ ਪਾ ਆਈ। ਇਹ ਉਨ੍ਹਾਂ ਨੂੰ ਕਹਿ ਨਾ ਸਕੀ ਕਿ ਇਹ ਮੈਂ ਪਤੀ ਦੇਵ ਤੋਂ ਉਹਲੇ 'ਚ ਪਾਈਆ। ਗੱਲ ਨਿਕਲਦੀ ਨਿਕਲ ਗਈ। ਇਕ ਦਿਨ ਛੋਟੀ ਭਾਬੀ ਪਤੀ ਦੇਵ ਕੋਲ ਬਹਿਕੇ ਲੱਗੀ ਮਠਾਰ ਮਠਾਰ ਗੱਲਾਂ ਕਰਨ: "ਬੀਰ ਆਹ ਤੁਸੀਂ ਬਲਾਂ ਬਾਹਲੀ ਚੰਗੀ ਗੱਲ ਕੀਤੀਆ ਕੁੜੀ ਨੂੰ ਘੜੀ ਚੂੜੀ ਪਾਕੇ। ਪਿਉ ਬਾਹਰੀ ਸੀ। ਭਾਈ ਸ਼ਾਬਾਸ਼ ਥੋਡੇ। ਵੀਰ ਤੈਨੂੰ ਮੈਂ ਕੀ ਦੱਸਾਂ, ਇਕ ਦਿਨ ਸਾਡੀ ਜੱਸੀ ਮੈਨੂੰ ਕਹਿਣ ਲੱਗੀ, 'ਬੇਬੇ ਬੀਬੋ ਦੀ ਘੜੀ ਚੂੜੀ ਬਲਾਂ ਸੁਹਣੀਆ ਮੈਂ ਤਾਂ ਆਪ ਭੂਆ ਨੂੰ ਆਖੂੰਗੀ ਮੈਨੂੰ ਵੀ ਮੇਰੇ ਵਿਆਹ ਨੂੰ ਘੜੀ ਚੂੜੀ ਲਿਆਵੇ। ਆਹ ਮਰ ਜਾਣੀ ਨਿੱਕੜੀ, ਅਜੇ ਜੰਮ ਮੁੱਕੀ ਨ੍ਹੀ ਭੂਆ ਨਾਲ ਘੜੀ ਚੂੜੀ ਦੀ ਸਾਈ ਵਧਾਈ ਪਹਿਲਾਂ ਲੌਣ ਨੂੰ ਫਿਰਦੀਆ।"



ਬੱਸ ਫੇਰ ਕੀ ਭਾਬੀ ਤਾਂ ਗੱਲ ਦੱਸ ਕੇ ਹੋ ਗਈ ਸੁਰਖਰੂ ਤੇ ਸਾਡੇ ਘਰ 'ਚ ਹੋ ਗਿਆ ਕਲੇਸ਼ ਖੜ੍ਹਾ। ਉਹਲਾ ਕਾਹਦਾ ਸੀ ਇਹ ਤਾਂ। ਚੋਰੀ ਤੇ ਬੇਵਿਸ਼ਵਾਸੀ ਵਿਚ ਤਬਦੀਲ ਹੋ ਗਿਆ। ਖ਼ੈਰ ਮਹੀਨਾ ਭਰ ਗੱਲ ਅੰਦਰੋਂ ਅੰਦਰ ਸੁਲਗਦੀ ਰਹੀ। ਅਖੀਰ ਭਾਂਬੜ ਬਣਕੇ ਹਟੀ। ਮਿਹਣੋ ਮਿਹਣੀ ਹੋਈ ਬਿਨਾਂ ਖਹਿੜਾ ਨਾ ਛੁੱਟਿਆ। ਕੀਹਨੇ ਕੀਹਨੂੰ ਕਿਹੜਾ ਤੇ ਕਿੰਨਾ ਜਹਿਰੀਲਾ ਤੇ ਤਿੱਖਾ ਮਿਹਣਾ ਦਿੱਤਾ ਇਹ ਹੁਣ ਤੁਸੀਂ ਰਾਜ ਹੀ ਰਹਿਣ ਦਿਓ। ਕਈ ਗੱਲਾਂ ਦਾ ਓਹਲਾ ਵੀ ਚੰਗਾ ਈ ਹੁੰਦਾ। ਤੁਸੀਂ ਕਹੋਗੇ ਗੱਲ ਫੇਰ ਕਿਧਰੇ ਦੀ ਕਿਧਰੇ ਲੈ ਤੁਰੀ। ਬੱਸ ਇਹੀ ਤਾਂ ਮੇਰੇ ਵਿਚ ਭੈੜ ਆ, ਜਾਂ ਤਾਂ ਕਿਸੇ ਨਾਲ ਗੱਲ ਸਾਂਝੀ ਕਰਨੀ ਨਹੀਂ। ਜੇ ਫੇਰ ਕਰਨ ਲਗਦੀ ਹਾਂ ਤਾਂ ਸਾਰੇ ਓਹਲੇ ਚੱਕ ਦਿੰਦੀ ਹਾਂ। ਇਹੀ ਕਾਰਨ ਹੈ ਕਿ ਕਈ ਵਾਰੀ ਚੰਗਾ ਕੰਮ ਕਰਨ ਤੇ ਵੀ ਮੈਨੂੰ ਬਦਨਾਮੀ ਮਿਲਦੀਆ। ਕਦੇ ਕਦਾਈਂ ਉਲਾਂਭਿਆਂ ਤੇ ਮਿਹਣਿਆਂ ਦਾ ਵੀ ਸ਼ਿਕਾਰ ਹੋਣਾ ਪੈਂਦੈ। ਇਸੇ ਕਰਕੇ ਮੈਂ ਹੁਣ ਪਿੰਡ ਜਾਣ ਤੋਂ ਕਤਰਾਉਣ ਲੱਗ ਪਈ ਹਾਂ। ਪਿੰਡ ਵਾਲਿਆਂ ਦੀ ਗਰਾਮਰ ਮੇਰੀ ਸਮਝੋ ਬਾਹਰ ਹੈ।

ਸੱਚ! ਤੁਹਾਨੂੰ ਗੋਗੀ ਦੇ ਵਿਆਹ ਦੀ ਚਿੱਠੀ ਬਾਰੇ ਤਾਂ ਮੈਂ ਦੱਸਿਆ ਈ ਨਹੀਂ। ਭਾਬੀ ਨੇ ਗੋਗੀ ਦੇ ਵਿਆਹ ਦੀ ਤਾਰੀਖ ਬਾਰੇ ਮੈਨੂੰ ਫੋਨ ਉਤੇ ਹੀ ਦੱਸ ਦਿੱਤਾ ਸੀ। ਫੋਨ ਤੇ ਹੀ ਮੈਂ ਉਨ੍ਹਾਂ ਨੂੰ ਕਹਿ ਦਿੱਤਾ ਸੀ ਕਿ ਮੇਰੇ ਕੋਲ ਨਾਈ ਨੂੰ ਚਿੱਠੀ ਦੇ ਕੇ ਭੇਜਣ ਦੀ ਖੇਚਲ ਨਾ ਕਰਿਓ ਮੈਂ ਆਪੇ ਆ ਜਾਵਾਂਗੀ। ਉਸਨੇ ਉਸੇ ਵੇਲੇ ਫੋਨ ਤੇ ਕਹਿ ਦਿੱਤਾ, "ਲੈ ਇਹ ਵੀ ਭਲਾਂ ਕੋਈ ਖੇਚਲ ਆ? ਤੇਰੀ ਚਿੱਠੀ ਦਾ ਕੀ ਉਹਨੂੰ ਬੋਝ ਲਗਦੈ? ਹੋਰ ਵੀ ਤਾਂ ਪਿੰਡੀਂ ਥਾਈਂ ਉਹਨੇ ਚਿੱਠੀਆਂ ਲੈ ਕੇ ਜਾਣਾ ਹੀ ਹੈ।" ਜੇ ਮੈਂ ਫੇਰ ਭਾਬੀ ਨੂੰ ਤਾੜਕੇ ਨਾਈ ਨੂੰ ਨਾ ਭੇਜਣ ਬਾਰੇ ਕਹਿੰਦੀ ਤਾਂ ਉਸਨੇ ਸੋਚਣਾ ਸੀ ਮੈਂ ਨਾਈ ਨੂੰ ਪੈਸੇ ਦੇਣ ਤੋਂ ਕਤਰਾਉਂਦੀ ਹਾਂ। ਉਹਨੇ ਝੱਟ ਕਹਿ ਦੇਣਾ ਸੀ, 'ਤੂੰ ਨਾ ਦੇਈਂ' ਚਾਰ ਛਿੱਲੜ ਜਿਹੜੇ ਦੇਣੇ ਨੇ, ਮੈਂ ਆਪੇ ਘਰੋਂ ਦੇ ਦਿਆਂਗੀ।' ਕਿਵੇਂ ਸਮਝਾਉਂਦੀ ਕਿ ਗੱਲ ਛਿੱਲੜਾਂ ਦੀ ਨਹੀਂ-ਗੱਲ ਵਕਤ ਦੀ ਹੈ। ਨਾਈ ਨੇ ਕਦੋਂ ਆਉਣਾ, ਕਿਸ ਵਕਤ ਆਉਣਾ, ਮੈਨੂੰ ਉਸ ਗੱਲ ਦੀ ਟੈਨਸ਼ਨ ਸੀ। ਕਿਉਂਕਿ ਉਸ ਸਮੇਂ ਮੇਰਾ ਘਰ ਹਾਜਰ ਹੋਣਾ ਜ਼ਰੂਰੀ ਸੀ। ਪਤੀ ਦੇਵ ਦੇ ਘਰ ਹੁੰਦਿਆਂ ਜੇ ਉਹ ਚਿੱਠੀ ਲੈ ਕੇ ਆ ਜਾਂਦਾ ਤਾਂ ਉਸ ਨੇ ਚੁੱਪ ਕਰਕੇ ਚਿੱਠੀ ਫੜਕੇ ਰੱਖ ਤਾਂ ਲੈਣੀ ਸੀ। ਚਾਹ ਪਾਣੀ ਵੀ ਸ਼ਾਇਦ ਪੁੱਛ ਲੈਂਦਾ ਪਰ ਪੰਜਾਹ ਰੁਪਏ ਤੇ ਕੰਬਲ? ਤੌਬਾ! ਇਹ ਤਾਂ ਬੜੀ ਦੂਰ ਦੀ ਗੱਲ ਸੀ। ਪਰ ਭਾਬੀ ਮੇਰੀ ਮਜਬੂਰੀ ਨੂੰ ਸਮਝ ਨਹੀਂ ਸੀ ਰਹੀ। ਮੈਨੂੰ ਪਤਾ ਸੀ ਮੈਨੂੰ ਨਾਈ ਦੀ ਚੰਗੀ ਖਾਤਰਦਾਰੀ ਵੀ ਕਰਨੀ ਪੈਣੀ ਸੀ। ਕਿਉਂਕਿ ਇਕ ਤਾਂ ਮੇਰੇ ਪਰਿਵਾਰ ਦੀ ਪ੍ਰਥਾ ਸੀ। ਦੂਜਾ ਨਾਈ ਨੇ ਮੇਰੇ ਦੇਣ ਲੈਣ ਦੀ ਵੀ ਪਿੰਡ ਵਿਚ ਜਾ ਕੇ ਗੱਲ ਕਰਨੀ ਸੀ। ਗੋਗਾ ਗਾਉਂਦਾ ਸੀ। ਇਹ ਲੋਕ ਪ੍ਰਚਾਰ ਵੀ ਤਾਂ ਬਹੁਤ ਕਰਦੇ ਆ॥ ਮਾਂ ਕਿਹਾ ਕਰਦੀ ਸੀ, 'ਛੋਟੇ ਲੋਕਾਂ ਦੇ ਮੂੰਹ ਨ੍ਹੀਂ ਲੱਗਿਆ ਕਰਦੇ।' ਜਾਂ ਕਹਿੰਦੀ, 'ਸੀਰੀ ਸਾਂਝੀ ਨੂੰ ਰੋਟੀ ਪਾਣੀ ਦਿੰਦਿਆਂ ਹੱਥ ਪਿੱਛੇ ਨ੍ਹੀ ਖਿੱਚਣਾ ਚਾਹੀਦਾ। ਇਹੀ ਲੋਕ ਤੁਹਾਡੀ ਇੱਜ਼ਤ ਬਣਾਉਂਦੇ ਆ।' ਸ਼ਾਇਦ ਇਹੀ ਕਾਰਨ ਸੀ ਸਾਡੇ ਘਰ ਦੇ ਸੀਰੀ ਸਾਂਝੀਆਂ ਨੂੰ ਕਿਸੇ ਹੋਰ ਘਰ ਦੀ ਰੋਟੀ ਪਸਿੰਦ ਨਹੀਂ ਸੀ ਆਉਂਦੀ। ਮਾਂ ਆਥਣ ਦੀ ਰੋਟੀ ਵੇਲੇ ਸੀਰੀ ਨੂੰ ਤੌੜੀ ਵਾਲੇ ਕੜ੍ਹੇ ਦੁੱਧ ਦਾ ਕੰਗਣੀਵਾਲਾ ਗਲਾਸ ਭਰ ਕੇ ਦਿੰਦੀ। ਸਾਗ ਸਬਜ਼ੀ ਵਿਚ ਵੀ ਮੱਖਣ ਦੀ ਟਿੱਕੀ ਜਿਹੀ ਬਣਾ ਕੇ ਧਰ ਦਿੰਦੀ। ਵਾਢੀਆਂ ਦੇ ਦਿਨਾਂ ਵਿਚ ਤਾਂ ਅਕਸਰ ਸ਼ੱਕਰ ਘੀ ਰਲਾਕੇ ਦਿੰਦੀ।

ਲਓ! ਗੱਲ ਫੇਰ ਮਲੋਮਲੀ ਮਾਂ ਵੱਲ ਚਲੀ ਗਈ। ਗੱਲ ਤਾਂ ਚਿੱਠੀ ਦੀ ਕਰ ਰਹੀ ਸੀ। ਸ਼ੁਕਰ ਕੀਤਾ ਨਾਈ ਐਤਵਾਰ ਵਾਲੇ ਦਿਨ ਆਇਆ। ਉਸ ਤੋਂ ਚੰਗੀ ਗੱਲ ਇਹ ਕਿ ਪਤੀ ਦੇਵ ਵੀ ਘਰ ਨਹੀਂ ਸੀ। ਪਰ ਨਾਈ ਦੀ ਖਾਤਰਦਾਰੀ ਕਰਦਿਆਂ ਤੇ ਕੰਬਲ ਫੜਾਉਂਦਿਆਂ। ਮਨ ਵਿਚ ਝਿਜਕ ਜਿਹੀ ਸੀ। ਅੰਦਰ ਕਿਤੇ ਇਉਂ ਵੀ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਵੱਡਾ ਤੇ ਮੈਂ ਛੋਟੀ ਹੋ ਗਈ

ਹੋਵਾਂ। ਪੜ੍ਹੀ ਲਿਖੀ ਤੇ ਸ਼ਹਿਰ ਵਿਚ ਰਹਿੰਦੀ ਹੋਣ ਤੇ ਵੀ ਜਿਵੇਂ ਪੰਜਾਹ ਸਾਲ ਪਿੱਛੇ ਚਲੀ ਗਈ ਹੋਵਾਂ॥ਪਿੰਡ ਵਾਲਿਆਂ ਲਈ ਜਿਹੜੀਆਂ ਗੱਲਾਂ ਬਹੁਤ ਮਾਮੂਲੀ ਹੁੰਦੀਆਂ ਮੇਰੇ ਲਈ ਉਹ ਬਖੇੜਾ ਖੜ੍ਹਾ ਕਰ ਦਿੰਦੀਆਂ। ਸ਼ਾਮ ਨੂੰ ਪਤੀ ਦੇਵ ਘਰ ਆਇਆ ਤਾਂ ਬੱਚਿਆਂ ਨੇ ਨਾਈ ਦੇ ਆਉਣ ਵਾਲੀ ਘਟਨਾ ਨੂੰ ਮਿਰਚ ਮਸਾਲਾ ਲਾਕੇ ਦੱਸਿਆ: "ਡੈਡੀ! ਅੱਜ ਮੰਮੀ ਦੇ ਪਿੰਡ ਦਾ ਪੋਸਟ ਮੈਨ ਆਇਆ ਸੀ। ਮੰਮੀ ਨੇ ਕੁਰਸੀ ਤੇ ਬਠਾਕੇ ਉਹਨੂੰ ਖ਼ੂਬ ਖਾਣਾ ਖਵਾਇਆ। ਉਹਦਾ ਢਿੱਡ ਪਾਟਣ ਵਾਲਾ ਕਰਤਾ। ਮੰਮੀ ਨੇ ਉਹਨੂੰ ਪੰਜਾਹ ਰੁਪਏ ਤੇ ਅੰਕਲ ਵਾਲਾ ਕੰਬਲ ਵੀ ਦੇਤਾ ਜਿਹੜਾ ਥੋਨੂੰ ਅੰਕਲ ਦੇ ਵਿਆਹ 'ਚ ਮਿਲਿਆ ਸੀ।"

ਬੱਚਿਆਂ ਦੀ ਗੱਲ ਸੁਣਕੇ ਪਤੀ ਦੇਵ ਚੁੱਪ ਰਿਹਾ। ਕੋਈ ਪ੍ਰਤੀਕਰਮ ਨਾ ਦਿੱਤਾ। ਉਸਦੀ ਚੁੱਪ ਮੇਰੇ ਸੀਨੇ 'ਚ ਜਿਵੇਂ ਖੰਜਰ ਬਣ ਕੇ ਲਹਿ ਗਈ। ਮੈਂ ਚਾਹੁੰਦੀ ਸਾਂ ਕਿ ਉਹ ਬੱਚਿਆਂ ਨੂੰ ਇਨ੍ਹਾਂ ਰਿਵਾਜਾਂ ਬਾਰੇ ਸਮਝਾਵੇ। ਕੁਝ ਮਿੰਟ ਸਾਡੇ ਵਿਚ ਚੁੱਪ ਤਣੀ ਰਹੀ ਅਖੀਰ ਮੈਂ ਹੀ ਬੋਲੀ, "ਬੇਟੇ! ਉਹ ਪੋਸਟਮੈਨ ਨ੍ਹੀ ਸੀ ਸਾਡੇ ਪਿੰਡ ਦਾ ਨਾਈ ਸੀ। ਅਸੀਂ ਉਹਨੂੰ 'ਲਾਗੀ' ਕਹਿੰਨੇ ਆ। ਉਹ ਪਿੰਡੀਂ ਥਾਈਂ ਵਿਆਹ ਦੀਆਂ ਚਿੱਠੀਆਂ ਦੇਣ ਜਾਇਆ ਕਰਦਾ ਤੇ ਵਿਆਹ ਵਾਲੇ ਘਰ ਦੇ ਰਿਸ਼ਤੇਦਾਰ ਉਸਨੂੰ 'ਲਾਗ' ਦਿੰਦੇਆ। ਜਿਵੇਂ ਮੈਂ ਕੰਬਲ ਤੇ ਪੰਜਾਹ ਰੁਪਏ ਦਿੱਤੇ ਸੀ ਉਸਨੂੰ 'ਲਾਗ' ਕਹਿੰਦੇਆ।"

ਮਨੀ ਝੱਟਪੱਟ ਬੋਲ ਪਿਆ, "ਪਰ ਮਾਮਾ ਉਹਨੂੰ ਵੀ ਤਾਂ ਮਠਿਆਈ ਦਾ ਡੱਬਾ ਲੈ ਕੇ ਆਉਣਾ ਚਾਹੀਦਾ ਸੀ, ਜਿਵੇਂ ਪਾਪਾ ਦਾ ਦੋਸਤ ਅੰਕਲ ਆਪਣੇ ਬੇਟੇ ਦੇ ਵਿਆਹ ਦੀ ਚਿੱਠੀ ਦੇਣ ਆਇਆ ਮਠਿਆਈ ਦਾ ਡੱਬਾ ਲੈ ਕੇ ਆਇਆ ਸੀ।"

"ਇਨ੍ਹਾਂ ਦੇ ਪਿੰਡ ਦੇ ਪੁੱਠੇ ਰਿਵਾਜ ਜੋ ਹੋਏ। ਖਾਸ ਕਰਕੇ ਇਨ੍ਹਾਂ ਦੇ ਪਰਿਵਾਰ ਦੇ। ਇਧਰਲੇ ਬੜੇ ਪਛੜੇ ਲੋਕ ਆ ਬੇਟੇ।"

ਮੈਥੋਂ ਪਹਿਲਾਂ ਪਤੀ ਦੇਵ ਬੋਲ ਪਿਆ। ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ। ਜੀਅ 'ਚ ਤਾਂ ਆਇਆ ਕਿ ਕਹਿ ਦੇਵਾਂ, "ਕੀ ਹੋਇਆ ਜੇ ਹੁਣ ਤੁਸੀਂ ਸ਼ਹਿਰੀ ਅਖਵਾਉਂਦੇ ਓਂ। ਤੁਸੀਂ ਵੀ ਤਾਂ ਪਿੰਡਾਂ 'ਚ ਜੰਮ ਪਲ ਕੇ ਵੱਡੇ ਹੋਏ ਓਂ।" ਪਰ ਮੈਂ ਚੁੱਪ ਰਹੀ ਸੋਚਿਆ ਚਲੋ ਪਤੀ ਦੇਵ ਨੇ ਮਨ ਦੀ ਭੜਾਸ ਤਾਂ ਕੱਢੀ।

ਇਹ ਸੀ ਗੋਗੀ ਦੇ ਵਿਆਹ ਜਾਣ ਤੋਂ ਪਹਿਲਾਂ ਦੀ ਰਾਮ ਕਹਾਣੀ। ਗੋਗੀ ਦੇ ਵਿਆਹ ਮੈਂ ਜਾਣਾ ਹੀ ਸੀ ਸੋ ਚਲੀ ਗਈ। ਮੈਂ ਕਿਵੇਂ ਗਈ? ਪਤੀ ਦੇਵ ਨੇ ਤੁਰਨ ਵੇਲੇ ਕੀ ਹੁਕਮ ਸੁਣਾਇਆ? ਬੱਚਿਆਂ ਨੇ ਮੇਰੇ ਅੱਗੇ ਕਿਹੜੀਆਂ ਸ਼ਰਤਾਂ ਰੱਖੀਆਂ? ਮੈਂ ਉਨ੍ਹਾਂ ਨਾਲ ਕਿਵੇਂ ਸਿਝਿਆ? ਜਾਂ ਮੈਂ ਕਿਥੋਂ ਕਿਥੋਂ ਟੁੱਟੀ ਤੇ ਕਿੱਥੋਂ ਕਿੱਥੋਂ ਤਕੜੀ ਹੋਈ? ਇਹ ਇਕ ਵੱਖਰੀ ਕਥਾ ਹੈ। ਕਦੀ ਮੌਕਾ ਮਿਲਿਆ ਤਾਂ ਤੁਹਾਨੂੰ ਫਿਰ ਸੁਣਾਵਾਂਗੀ। ਫਿਲਹਾਲ ਗੋਗੀ ਦਾ ਵਿਆਹ ਦੇਖਦੇ ਹਾਂ। ਇਕ ਗੱਲ ਸ਼ੁਰੂ ਵਿਚ ਹੀ ਤੁਹਾਨੂੰ ਦੱਸਦਿਆਂ ਤਾਂ ਕਿ ਤੁਸੀਂ ਨਰਾਸ਼ ਨਾ ਹੋਵੋ, ਡੀ. ਜੇ. ਬਗੈਰਾ ਦਾ ਖਾਸ ਪ੍ਰਬੰਧ ਕੀਤਾ ਹੋਇਆ। ਸ਼ਰਾਬ ਜੱਗਾਂ ਨਾਲ ਵਰਤੇਗੀ। ਦੇਸੀ ਵਾਲਿਆਂ ਨੂੰ ਦੇਸੀ, ਅੰਗ੍ਰੇਜ਼ੀ ਵਾਲਿਆਂ ਨੂੰ ਅੰਗ੍ਰੇਜ਼ੀ। ਅੰਗ੍ਰੇਜ਼ੀ ਭਾਵੇਂ ਜ਼ਰਾ ਉਹਲੇ 'ਚ ਵਰਤੇਗੀ। ਹੋਰ ਤਾਂ ਹੋਰ ਤੁਹਾਨੂੰ ਪਿੰਡ ਦੀਆਂ ਕੁੜੀਆਂ ਡੀ. ਜੇ. ਅੱਗੇ ਨੱਚਦੀਆਂ ਦਿਸਣਗੀਆਂ। ਪਿੰਡ ਵਿਚ ਸ਼ਹਿਰ ਦਾ ਭੁਲੇਖਾ ਪਏਗਾ। ਭਾਵੇਂ ਬਹੁਤੀਆਂ ਬੁੜ੍ਹੀਆਂ ਜਾਂ ਮਾਵਾਂ, ਕੁੜੀਆਂ ਨੂੰ ਘੂਰੀਆਂ ਵਟਦੀਆਂ ਵੀ ਦਿਸਣਗੀਆਂ। ਕਈ ਇਕ ਦੂਜੀ ਦੇ 'ਕੰਨਾਂ ਵਿਚ ਕੁਰਲ ਬਾਟੀ ਵੀ ਕਰਨਗੀਆਂ।' ਕਈ ਬੈਠਕੇ ਕਚੀਚੀਆਂ ਵੱਟੀ ਜਾਣਗੀਆਂ। ਬਹੁਤੀਆਂ ਤੱਤੀਆਂ ਤਾਂ ਕਈ ਵਾਰੀ ਆਪਣੀ ਨੱਚਦੀ ਕੁੜੀ ਨੂੰ ਧੂਅ ਵੀ ਲਿਆਉਣਗੀਆਂ। ਤਿੰਨ ਚਾਰ ਨੱਚਣ ਵਾਲੇ ਗੀਤਾਂ ਤੇ ਹੁਣ ਉਨ੍ਹਾਂ ਗੀਤਾਂ ਦਾ ਨਾਂ ਕੀ ਲੈਣਾ ਕੁੜੀਆਂ ਨੱਚਣ ਲਈ ਮਾਵਾਂ ਦੇ ਹੱਥਾਂ 'ਚੋਂ ਨਿਕਲ



ਨਿਕਲ ਜਾਣਗੀਆਂ। ਤੁਸੀਂ ਸ਼ਹਿਰ ਨੂੰ ਪਿੰਡ ਵਿਚ ਨੱਚਦਾ ਦੇਖੋਗੇ। ਪਿੰਡ ਨਹੀਂ ਪੂਰੇ ਪੰਜਾਬ ਨੂੰ ਨੱਚਦਾ ਦੇਖੋਗੇ। ਸਭ ਟੀ. ਵੀ. ਚੈਨਲਾਂ ਦੇ ਸਟੈੱਪ ਮਾਤ ਪੈਂਦੇ ਦਿਸਣਗੇ।

ਹਾਂ ਸੱਚ! ਇਕ ਗੱਲ ਤਾਂ ਦੱਸਣੀ ਭੁੱਲ ਹੀ ਗਈ, ਤੁਸੀਂ ਵਿਆਹ 'ਚ ਕਦੇ ਉਸ ਬੁੜ੍ਹੀ, ਕੁੜੀ ਜਾਂ ਮੁਟਿਆਰ ਨੂੰ ਨਾ ਲੱਭਣ ਤੁਰ ਪਿਓ ਜਿਹੜੀ ਵਿਆਹ 'ਚ 'ਚੜ੍ਹੀ ਹੋਈ ਤਣੀ' ਦਾ ਹੋਕਾ ਦੇ ਕੇ ਥਾਂ ਸਿਰ ਲਗਦਿਆਂ ਨੂੰ ਕਰਾਰੀਆਂ ਤੋਂ ਕਰਾਰੀਆਂ ਸਿੱਠਣੀਆਂ ਦੇ ਜਾਇਆ ਕਰਦੀ ਹੁੰਦੀ ਸੀ, 'ਅਖੇ ਫਲਾਣੇ ਦੀ ਭੈਣ ਸਾਡੇ ਆਈ ਘੱਗਰੀ ਲਿਆਈ ਪਾਟੀ'........ਜਾਂ 'ਫਲਾਣੇ ਦੀ ਬੋਬੋ ਘੋੜੀ ਬਣੀ ਵਛੇਰੀ ਬਣੀ ਸਾਡੇ ਵਿਚ ਮੁੰਡਿਆਂ ਦੇ ਹਿਣਕੇ....' ਚਲੋ ਅੱਗੇ ਕੀ ਦੱਸਣਾ ਤੁਸੀਂ ਸਭ ਜਾਣਦੇਓ। ਸੋ ਜੇ ਇਹ ਲੱਭਣ ਤੁਰ ਪਏ ਤਾਂ ਸਮਝ ਰੰਗ 'ਚ ਭੰਗ ਪੈ ਗਿਆ। ਹੁਣ ਪਹਿਲਾਂ ਵਾਲਾ ਹਾਸਾ ਠੱਠਾ ਨਹੀਂ ਲੱਭੇਗਾ।

ਅੰਤ 'ਚ ਸ਼ਰਾਬ ਦਾ ਰੰਗ ਉਘੜਦਾ ਦੇਖੋਗੇ ਸਿਆਣੇ ਬੰਦੇ ਡੀ. ਜੇ. ਬੰਦ ਕਰਨ ਲਈ ਕਹਿਣਗੇ। ਸ਼ਰਾਬੀ ਲਲਕਾਰੇ ਮਾਰਨਗੇ। 'ਓਏ! ਕਿਹੜਾ ਜੰਮ ਪਿਆ ਸੂਰਮਾ......' ਕਈ ਦਾਰੂ ਪੀ ਕੇ ਡਿਗਦੇ ਹੋਏ ਸਟੇਜ ਤੇ ਆਉਣਗੇ। ਕੁੜੀਆਂ ਅੰਦਰ ਨੂੰ ਭੱਜਣਗੀਆਂ। ਕਈ ਸਟੇਜ ਤੇ ਲਿਟਣਗੇ। ਕਈ ਬਹੁਤੀ ਪੀਕੇ ਪਸ਼ਾਬ 'ਚ ਰੌਂਖਲਣਗੇ। ਤੁਸੀਂ ਚੁੱਪ ਚਾਪ ਦੇਖੀ ਜਾਇਓ। ਬੋਲਣਾ ਕੁਝ ਨਹੀਂ। ਡੀ. ਜੇ. ਬੰਦ ਕਰ ਦਿਤਾ ਜਾਏਗਾ। ਫਿਰ ਗਾਲ੍ਹਾਂ ਦਾ ਨਜ਼ਾਰਾ ਤੱਕੋਗੇ। ਤੁਹਾਨੂੰ ਘਬਰਾਉਣ ਦੀ ਲੋੜ ਨਹੀਂ, ਨਾ ਹੀ ਡਰਨ ਦੀ। ਮੇਰੀ ਤੁਹਾਨੂੰ ਇਕੋ ਗੁਜਾਰਿਸ਼ ਹੈ ਕਿ ਆਪਣੇ ਆਪ ਤੇ ਜਬਤ ਰਖਿਓ। ਗਿਆਨ ਸ਼ਾਸਤਰ ਸਾਂਭਕੇ ਰਖਿਓ। ਅਗਲੇ ਦਿਨ ਕੰਮ ਆਏਗਾ। ਦੇਖਣਾ ਕਿਸੇ ਸ਼ਰਾਬੀ ਭੂੰਡਾਂ ਦੀ ਖੱਖਰ 'ਚ ਹੱਥ ਨਾ ਪਾ ਬੈਠਿਓ। ਸਾਰੀ ਰਾਤ ਖਹਿੜਾ ਨਹੀਂ ਛੁੱਟਣਾ। ਮੂੰਹ ਚਟਾਉਣਾ ਵੀ ਪੈ ਸਕਦਾ। ਫੇਰ ਮੈਨੂੰ ਨਾ ਦੋਸ਼ ਦੇਣਾ ਕਿ ਵਿਆਹ 'ਚ ਲਿਆਕੇ ਮਜਾ ਕਿਰਕਿਰਾ ਕਰਤਾ। ਮੈਂ ਨ੍ਹੀਂ ਸੁਣਨਾ ਕਿਉਂਕਿ ਅਗਲੀ ਸਵੇਰ ਗੋਗੀ ਦੀ ਜੰਨ ਚੜ੍ਹਨੀ ਹੋਏਗੀ॥

ਅਗਲਾ ਦਿਨ।

ਦਿਨ ਦਾ ਚੜ੍ਹਾਅ।

ਵਿਆਹ ਵਾਲੇ ਘਰ ਵਿਚ ਚਲ ਰਹੀ ਘੁਸਰ ਮੁਸਰ।

ਭਾਬੀ ਨਸੀਬੋ ਦੀ ਨੂੰਹ ਉੱਚੀ ਉੱਚੀ ਲਲਕਾਰੇ ਮਾਰਦੀ ਕਹਿ ਰਹੀ ਹੈ, "ਨੀਂ ਬੀਰ, ਆਹ ਕੀਹਦੀ ਲੋਈਆ? ਵੇਖੋ ਹੈ ਕੋਈ ਇਹਦਾ ਮਾਲਕ?"

ਮੇਲਣਾਂ ਸੁੱਤੀਆਂ ਪਈਆਂ ਨੇ। ਹਿਲਜੁਲ ਸ਼ੁਰੂ ਹੁੰਦੀ ਹੈ। ਚਰਨੋ ਫੇਰ ਉੱਚੀ ਬੋਲਦੀ ਹੈ, 'ਬੀਰ ਉੱਠਕੇ ਪਛਾਣੋ॥ਕੀਹਦੀਆ ਇਹ ਗਰਮ ਲੋਈ?' ਲੋਈ ਨੂੰ ਬਾਂਹ ਤੇ ਲਟਕਾਈ ਚਰਨੋ ਡਹੇ ਹੋਏ ਮੰਜਿਆਂ 'ਚ ਹੇਲੀਆਂ ਦਿੰਦੀ ਫਿਰ ਰਹੀ ਹੈ। ਸਬ੍ਹਾਤ 'ਚ ਪਈਆਂ ਬੁੜ੍ਹੀਆਂ, ਕੁੜੀਆਂ ਤੇ ਮੇਲਣਾਂ ਅੱਧ ਮੀਚੀਆਂ ਅੱਖਾਂ ਨਾਲ ਲੋਈ ਵੱਲ ਦੇਖਦੀਆਂ ਹਨ। ਪਛਾਣਨ ਦਾ ਯਤਨ ਕਰਦੀਆਂ ਹੋਈਆਂ ਉਠ ਬੈਠਦੀਆਂ ਹਨ। ਚਰਨੋ ਦੀ ਸੱਸ ਕਹਿੰਦੀ ਹੈ, "ਲਿਆ ਮੈਨੂੰ ਵਖਾ, ਪੱਟਾਂ ਉਹਦੀ ਝਾਟਕੀ ਹਰਾਮਜਾਦੇ ਦੀ, ਕਿਹੜਾ ਸਿੱਟ ਗਿਆ?" ਲੋਈ ਨਸੀਬੋ ਦੀ ਸਿਆਣ 'ਚ ਨਹੀਂ ਸੀ ਆ ਰਹੀ। ਉਹ ਲੋਈ ਨੂੰ ਨੱਕ ਅੱਗੇ ਕਰਕੇ ਸੁੰਘਦੀ ਹੈ। ਫੇਰ ਝੱਟ ਪਰ੍ਹਾ ਕਰ ਦਿੰਦੀ ਹੈ। ਕਿਸੇ ਢਹਿ ਜਾਣੇ ਬੀੜੀ ਪੀਣੇ ਦੀ ਲਗਦੀਐ। ਬੀੜੀਆਂ ਦੀ ਮੁਸ਼ਕ ਮਾਰਦੀਐ। ਦਾਰੂ ਦੇ ਨਸ਼ੇ 'ਚ ਸਿੱਟ ਗਿਆ ਹੋਊ ਕੋਈ ਕਬੀਜ! ਚੰਗਾ ਨਿਉਂਦਾ ਪਾਕੇ ਗਿਆ। ਇਸ ਨਿਉਂਦੇ ਨਾਲੋਂ ਤਾਂ ਐਮੇਂ ਰੱਜੇ ਧਾਏ ਸੀ। ਹਰ ਇਕ ਤਾਂ ਟੁੰਨ ਹੋਇਆ ਫਿਰਦਾ ਸੀ। ਬਥੇਰਾ ਵੱਡੜੇ ਨੂੰ ਕਿਹਾ ਸੀ ਤੂੰ ਰਹਿਣ ਦੇ ਨਿਉਂਦੇ ਕੋਕੇ ਨੂੰ। ਜਿਨ੍ਹਾਂ ਨਿਉਂਦਾ ਪਵਾਏਗਾ ਉਨੇ ਦੀ ਪਿੰਡ ਵਾਲੇ ਦਾਰੂ ਪੀ ਜਾਣਗੇ। ਲੋਕਾਂ ਨੂੰ ਦਾਰੂ ਦਾ ਹਲਕ ਵੀ ਤਾਂ ਬਹੁਤਾ ਹੀ ਫੁੱਟ ਗਿਆ। ਨਾ ਤੱਤੀ

ਦੇਖਦੇ ਆ ਨਾ ਠੰਢੀ। ਕੰਜਰਾਂ ਨੂੰ ਭਾਵੇਂ ਮੂਤ ਦੀਆਂ ਬੋਤਲਾਂ ਭਰਕੇ ਫੜਾ ਦਿਓ ਸੜ੍ਹਾਕ ਜਾਣਗੇ।"

"ਤੂੰ ਵੀ ਬੇਬੇ ਕਮਲ ਕੁੱਟਦੀਐਂ। ਕੋਈ ਐਨੀ ਮਹਿੰਗੀ ਲੋਈ ਕਿਵੇਂ ਸਿਟਜੂਗਾ ਇਹ ਤਾਂ ਕੋਈ ਸਾਨ੍ਹ ਬਾਹਲਾ ਭੂਤਰਿਆ ਵਿਆ ਸੀ।" ਕਹਿੰਦਿਆਂ ਚਰਨੋ ਨੇ ਸੱਸ ਨਾਲ ਅੱਖ ਮਿਲਾਈ॥

"ਕੁੜੇ ਮੈਂ ਕਮਲੀ ਤਾਂ ਨ੍ਹੀ, ਬਥੇਰੀ ਦੁਨੀਆ ਦੇਖੀਆ। ਮੁਸ਼ਕ ਲੈ ਕੇ ਦੇਖ, ਸੱਜਰੀ ਬੀੜੀ ਦੀ ਮੁਸ਼ਕ ਆਉਂਦੀ ਆ।"

"ਬੇਬੇ! ਬੇਬੇ!! ਤੂੰ ਕੀ ਸਮਝਦੀ ਏਂ ਸਾਡੇ ਬੀੜੀ ਨ੍ਹੀਂ ਪੀਂਦੇ। ਬਸ ਢਕੀ ਰਹਿ, ਜੇ ਤੈਨੂੰ ਦਸਦੀਆਂ ਨ੍ਹੀ ਤਾਂ ਇਹਦਾ ਮਤਲਬ ਇਹ ਤਾਂ ਨਹੀਂ ਬਈ ਆਪਣੇ ਵਾਲੇ?.......।"

"ਬੀਬੀ ਇਹ ਲੋਈ ਕਿਥੋਂ ਮਿਲੀਐ? ਮੈਂ ਰਾਤੀਂ ਇਹ ਕਿਸੇ ਉਤੇ ਲਈ ਦੇਖੀ ਸੀ॥ ਹੁਣ ਯਾਦ ਨਹੀਂ ਆ ਰਿਹਾ।" ਨਸੀਬੋ ਦੀ ਵੱਡੀ ਕੁੜੀ ਉਤਸੁਕਤਾ ਨਾਲ ਪੁੱਛਦੀ ਹੈ।

"ਇਹ ਤਾਂ ਭਾਈ ਚਰਨੋ ਲੈਕੇ ਆਈਐ ਸਵੇਰੇ ਸਵੇਰੇ ਡੰਗਰਾਂ ਵਾਲੇ 'ਚ।" ਨਸੀਬੋ ਨੇ ਕਿਹਾ।

"ਡਿੱਗੀ ਪਈ ਸੀ ਜਾਂ ਕਿਤੇ ਵਿਛੀ ਹੋਈ ਸੀ?" ਇਕ ਮੇਲਣ ਨੇ ਸ਼ੱਕ ਜਿਹਾ ਕਰਦਿਆਂ ਪੁੱਛਿਆ।

"ਵਿਛੀ ਕਾਹਨੂੰ, ਐਨ ਜਚਾ ਕੇ ਖੁਰਲੀ ਉਤੇ ਰੱਖੀ ਹੋਈ ਸੀ। ਮੈਂ ਜਦੋਂ ਸਵੇਰੇ ਸਵੇਰੇ ਧਾਰ ਕੱਢਣ ਗਈ ਤਾਂ ਵਾਹਵਾ ਮੂੰਹ ਨ੍ਹੇਰਾ ਸੀ। ਸੋਚਿਆ ਕੱਟੀ ਦੇ ਉਤਲੀ ਬੋਰੀ ਡਿਗਪੀ ਹੋਣੀਆ....ਇਹ ਤਾਂ ਫੇਰ ਪਤਾ ਲੱਗਿਆ ਬਈ ਭਾਣਾ ਤਾਂ ਕੋਈ ਹੋਰ ਵਰਤ ਗਿਆ।"

"ਨ੍ਹੀ ਕੀ ਸਵੇਰੇ ਸਵੇਰੇ ਗਾਹ ਪਾਈ ਜਾਨੀਓਂ?" ਨਸੀਬੋ ਦੇ ਪਤ੍ਰਿਉਰੇ ਦੀ ਨੂੰਹ ਨੇ ਗੱਲ ਨੂੰ ਆਈ ਗਈ ਕਰਦਿਆਂ ਕਿਹਾ। ਉਸਨੂੰ ਡਰ ਸੀ ਕਿ ਕਿਤੇ ਉਸਦਾ ਮੁੰਡਾ ਲੋਈ ਦੇ ਚੱਕਰ 'ਚ ਨਾ ਉਲਝਜੇ। ਅਜੇ ਪਿਛਲੇ ਦਿਨੀਂ ਕਿਸੇ ਨੇ ਉਸਨੂੰ ਚੂਹੜੀ ਨਾਲ ਗੁਸਲਖਾਨੇ 'ਚੋਂ ਨਿਕਲਦੇ ਨੂੰ ਦੇਖਕੇ ਬਥੇਰੀ ਖੱਪ ਪਾਈ ਸੀ। ਚੂੜੀ ਨੂੰ ਹਟਾਉਣ ਤੱਕ ਗਈਆਂ ਸਾਰੀਆਂ। ਅਖੇ ਸਾਡੇ ਵੀ ਬੰਦੇ ਖਰਾਬ ਕਰੂਗੀ।

"ਬੀਰ, ਕਿਤੇ ਤੇਰੇ ਮੁੰਡੇ ਦੀ ਤਾਂ ਨ੍ਹੀਂ" ਚਰਨੋ ਨੇ ਗਰਨਾਮੋ ਨੂੰ ਰੜਕਾ ਕੇ ਪੁੱਛਿਆ।

"ਨੀਂ ਲੋਈਓਆ ਕਾਲਾ ਨਾਗ ਤਾਂ ਨ੍ਹੀਂ ਜਿਹੜਾ ਲੜ ਜੂਗਾ ਥੋਡੇ। ਲਿਆ ਉਰੇ ਕਰ, ਮੈਨੂੰ ਫੜਾ। ਸਿਆਲ 'ਚ ਰਾਮ ਨਾਲ ਉਤੇ ਲਊਂਗੀ।" ਗਰਨਾਮੋ ਨੇ ਮਜ਼ਾਕ ਵਾਂਗ ਕਿਹਾ।

"ਲੈ! ਐਂ ਕਿਮੇਂ ਫੜਾ ਦਿਆਂ ਚੋਰ ਵੀ ਤਾਂ ਫੜਨਾ ਹੋਇਆ।" ਚਰਨੋ ਆਪਣੀ ਗੱਲ ਤੇ ਅੜੀ ਰਹੀ।

"ਚੋਰ.....! ਨੀਂ ਬੀਰ ਕਾਹਨੂੰ ਕਮਲੀ ਹੋਈਐਂ। ਰਾਤ ਅੱਧੀ ਤੱਕ ਤਾਂ ਸ਼ਰਾਬੀਆਂ ਨੇ ਧਮੱਚੜ ਪਾ ਰੱਖਿਆ ਸੀ ਕੋਈ ਮੂਤਣ ਗਿਆ ਲਾਹਕੇ ਭੁੱਲ ਗਿਆ ਹੋਊ।" ਗਰਨਾਮੋ ਨੇ ਗੱਲ ਨੂੰ ਹੋਰ ਪਾਸੇ ਪਾਉਂਦਿਆਂ ਕਿਹਾ।

"ਦੇਖ ਲੈ ਗਰਨਾਮੋ ਕਿਤੇ ਤੇਰੇ ਮੁੰਡੇ ਦੀ ਤਾਂ ਨ੍ਹੀਂ?....... ਤੇਰੇ ਵਾਲਾ ਵੀ ਆਥਣੇ ਇਹੋ ਜੀ ਲੋਈ ਲਈ ਫਿਰਦਾ ਤਾਂ ਸੀ।"

"ਨੀ ਬੀਰ ਕਾਹਨੂੰ, ਉਹ ਤਾਂ ਸਾਡੇ ਪ੍ਰਾਹੁਣੇ ਦੀ ਸੀ ਬਿੰਦ ਦੀ ਬਿੰਦ ਉਤੇ ਲੈ ਲੀ ਹੋਣੀਆ। ਮੈਂ ਤਾਂ ਜਦੋਂ ਸ਼ਰਾਬੀ ਹੋਇਆਂ ਨੂੰ ਦੇਖਿਆ ਮੈਂ ਤਾਂ ਸਦੇਹਾਂ ਹੀ ਆਪਣੇ ਮੁੰਡੇ ਨੂੰ ਬੁਲਾ ਕੇ ਲੈ ਗਈ ਸੀ। ਮੈਂ ਤਾਂ ਬੀਰ ਲੜਾਈ ਝਗੜੇ ਤੋਂ ਡਰਦੀ ਆਂ।"

ਮੇਲਣਾ ਵੀ ਉੱਠਕੇ ਆਪਸ ਵਿਚ ਘੁਸਰ ਮੁਸਰ ਜਿਹੀ ਕਰਨ ਲੱਗੀਆਂ........।

"ਸਿਆਲ ਦੇ ਦਿਨ ਆ ਐਂ ਕੋਈ ਕਿਉਂ ਕੋਈ ਸਿੱਟ ਜੂਗਾ?" ਇਕ ਬੋਲੀ।



"ਇਹ ਤਾਂ ਬੀਰ ਕੋਈ ਹੋਰ ਕਾਰਾ ਲਗਦਾ ਤੁਸੀਂ ਦੇਖ ਲੈਣਾ ਕੋਈ ਇਹੋ ਜਿਹੀ ਗੱਲ ਨਿਕਲੂਗੀ?" ਦੂਜੀ ਨੇ ਕਿਹਾ।

"ਹੁਣ ਪਤਾ ਨ੍ਹੀ ਕੀਹਦਾ ਕੀਹਦਾ ਮੂੰਹ ਕਾਲਾ ਹੋਊਗਾ।" ਤੀਜੀ ਬੋਲੀ।

"ਮੂੰਹ ਕਾਲਾ ਹੋਵੇ ਭਾਵੇਂ ਪੀਲਾ ਕਾਰਾ ਤਾਂ ਕੋਈ ਕਰ ਗਿਆ।" ਪਹਿਲੀ ਬੋਲੀ।

"ਚਰਨੋ ਨੂੰ ਪਤਾ ਲੋਈ ਕੀਹਦੀਆ। ਸੱਸ ਨੂੰਹ ਦੱਸਦੀਆਂ ਨ੍ਹੀਂ। ਬੰਦੇ ਨੂੰ ਜੱਗਰ ਕਰਨਾ ਚਾਹੁੰਦੀਆਂ। ਦੋਹਾਂ ਦੀ ਇਕ ਗੱਲ ਆ।" ਦੂਜੀ ਬੋਲੀ

"ਆਹੋ! ਨਹੀਂ ਸਵੇਰੇ ਸਵੇਰੇ ਐਨਾ ਗਾਹ ਪਾਉਣ ਦੀ ਕੀ ਲੋੜ ਸੀ। ਉਨ੍ਹਾਂ ਨੂੰ ਤਾਂ ਜੰਨ ਦੀ ਤਿਆਰੀ ਕਰਨੀ ਚਾਹੀਦੀਆ।" ਤੀਜੀ ਬੋਲੀ।

"ਚਰਨੋ, ਕਹਿ ਤਾਂ ਗਈ ਬਈ ਚੋਰ ਫੜਨਾ। ਭਲਾ ਪੁੱਛੇ ਉਹਨੂੰ ਚੋਰ ਡੰਗਰਾਂ ਵਾਲੇ ਕੀ ਖੇਹ ਖਾਣ ਗਿਆ ਸੀ। ਕਈ ਵਾਰੀ ਚੋਰਾਂ ਦੇ ਭੁਲੇਖੇ ਸਾਧ ਮਾਰੇ ਜਾਂਦੇ ਆ।" ਕੋਈ ਹੋਰ ਬੋਲੀ।

"ਚੋਰ ਤਾਂ ਕੀ, ਕਿਸੇ ਯਾਰ ਦੀ ਹੋਊਗੀ?" ਪਹਿਲੀ ਨੇ ਕਿਹਾ।

"ਨੀਂ ਫੇਰ ਭੁੰਜੇ ਵਿਛੀ ਹੁੰਦੀ, ਖੁਰਲੀ ਤੇ ਕਿਉਂ ਕਿਸੇ ਨੇ ਰੱਖਣੀ ਸੀ।" ਦੂਜੀ ਬੋਲੀ।

"ਸੀਬੋ ਚੋਰ ਵੀ ਤਾਂ ਕਈ ਤਰ੍ਹਾਂ ਦੇ ਹੁੰਦੇਆ ਕਈ ਆਪਣੀ ਪੈੜ ਵੀ ਮਿਟਾ ਦਿੰਦੇ ਆ। ਹੋ ਸਕਦਾ ਉੱਠਣ ਲੱਗੇ ਨੇ....." ਤੀਜੀ ਬੋਲੀ।

"ਨੀ ਆਹੋ! ਊਂ ਤਾਂ ਇਹੋ ਜਿਹੇ ਗਾਹ 'ਚ ਬਥੇਰਾ ਕੁਸ਼ ਹੋ ਈ ਜਾਂਦਾ ਹੁੰਦਾ," ਪਹਿਲੀ ਨੇ ਕਿਹਾ।

"ਆਹੋ ਬੀਰ। ਰਾਤ ਕੁੜੀਆਂ ਦੇਖੀਆਂ ਸੀ ਨੱਚਦੀਆਂ।" ਕਿਸੇ ਹੋਰ ਨੇ ਸਿਰ ਚੁੱਕਦਿਆਂ ਕਿਹਾ।

"ਆਥਣੇ ਦੇਖ ਡੀ. ਜੇ. ਵੇਖਕੇ ਕਿਵੇਂ ਲੁੱਛ ਲੁੱਛ ਕਰਦੀਆਂ ਫਿਰਦੀਆਂ ਸੀ।" ਸੀਤੋ ਮਾਸੀ ਨੇ ਕਿਹਾ।

"ਜਾਦੀ ਵੀ ਤਾਂ ਬਲਾਂ ਬਾਹਲੀ ਦੇ ਰੱਖੀਆ। ਆਹ ਨੇਕੋ ਵਾਲੀ ਦੇਖੀ ਸੀ ਕਿਮੇਂ ਸ਼ਕੀਨੀ ਲਾਈ ਫਿਰਦੀ ਸੀ? ਰੱਬ ਲੈਣ ਆਇਆ।" ਮਾਮੀ ਤੇਜੋ ਵੀ ਬੋਲ ਪਈ।

"ਆਹੋ! ਮੈਂ ਵੀ ਦੇਖਦੀ ਰਹੀ ਆਂ, ਟਹਿਲਾ ਕਬੀਜ ਤਾਂ ਅੰਦਰ ਬਾਹਰ ਫਿਰੀ ਗਿਆ ਤੇ ਫੌਜ਼ੀ ਦੇ ਜਮਾਈ ਨੇ ਕੁੜੀ 'ਚੋਂ ਭੋਰਾ ਕਿਹੜਾ ਅੱਖ ਕੱਢੀਆਂ। ਫੇਰ ਕਹਿ ਦੇਣਗੀਆਂ ਸਾਡੀ ਕੁੜੀ ਦੀਆਂ ਗੱਲਾਂ ਬਣਾਉਂਦੇਆ।" ਸੀਤੋ ਮਾਸੀ ਨੇ ਕਿਹਾ।

"ਚਰਨੋ ਨੇ ਕੈ ਬਾਰੀ ਤਾਂ ਕੁੜੀ ਨੂੰ ਕਿਹਾ, 'ਕੁੜੀਏ ਕਵੇਲਾ ਹੋ ਗਿਆ, ਹੁਣ ਜਾਹ ਘਰ ਨੂੰ।' ਕਹਿੰਦੀ, 'ਤਾਈ ਫਿਕਰ ਨਾ ਕਰ, ਮੈਂ ਥੋਡੇ ਘਰ ਨ੍ਹੀਂ ਰਹਿੰਦੀ। ਮੈਂ ਕੋਠੇ ਉਤੋਂ ਦੀ ਚਲੀ ਜਾਊਂਗੀ।" ਨਾਨੀ ਨਿਹਾਲੋ ਨੇ ਹੌਲੇ ਜਿਹੇ ਕਿਹਾ।

"ਮੁੰਡੇ ਤਾਂ ਮੁੰਡੇ ਭਾਈ ਅੱਜ ਕੱਲ੍ਹ ਤਾਂ ਕੁੜੀਆਂ ਨੂੰ ਵੀ ਆਖਰ ਆਈ ਪਈ ਆ। ਆਹ ਚਰਨੋ ਵਾਲੀ ਅਜੇ ਜੰਮ ਮੁੱਕੀ ਨੀ ਰਾਤ ਦੇਖੀ ਸੀ ਕਿਵੇਂ ਲੱਕ ਲਚਕਾਉਂਦੀ ਸੀ।" ਸੀਤੋ ਮਾਸੀ ਫੇਰ ਬੋਲੀ।

"ਨੀ ਚੁੱਪ ਕਰ, ਸੁਣਲਿਆ ਤਾਂ ਗਲ ਪੈਜੂਗੀ।" ਨਸੀਬੋ ਬੋਲੀ।

"ਨੀ ਉਠੋ ਨਾਨਕੀਓ! ਕੀ ਥੋਨੂੰ ਲੈ ਗੇ ਚੋਰ..... ਉਠਦੀਆਂ ਕਾਹਤੋਂ ਨ੍ਹੀਂ।" ਨਸੀਬੋ ਨੇ ਗਾਉਂਦਿਆਂ ਹੋਇਆਂ ਕਿਹਾ॥

"ਉਠੋ ਭਾਈ ਕੋਈ ਗੀਤ ਗਾਓ ਅੱਗੇ ਵਿਆਹਾਂ 'ਚ ਬੁੜ੍ਹੀਆਂ ਸਵੇਰੇ ਗੀਤ ਗਾਉਂਦੀਆਂ ਹੁੰਦੀਆਂ ਸੀ। ਗਾਓ.....।

'ਕਿੱਥੋਂ ਦਾ ਥੋਡਾ ਜਨਮ ਗੁਰੂ ਜੀ, ਕਿਥੇ ਡੇਰੇ ਲਾਏ, ਮੈਂ ਵਾਰੀ ਗੁਰੂ ਜੀ ਕਿਥੋਂ ਡੇਰੇ ਲਾਏ……' ਨਾਨੀ ਨੇ ਕਿਹਾ।

"ਨਹੀਂ ਦੂਜਾ ਗਾਓ ਸਿੰਘਾਂ ਵਾਲਾ……ਮੈਂ ਦਾਤਣ ਲਈ ਖੜੋਤੀ ਸਿੰਘ ਜੀ ਤੁਸੀਂ, ਕਰਲੋ…..ਤੁਸੀਂ ਕਰਲੋ ਘੋੜਿਓਂ ਉਤਰਕੇ….।"

"ਬੇਬੇ ਜੀ! ਕਹਿੰਦੇ ਹੁੰਦੇਆ, 'ਜਦੋਂ ਲਾਹਤੀ ਲੋਈ ਕੀ ਕਰੂ ਕੋਈ।' ਨਾਨਕੀਆਂ ਨੇ ਲੋਈ ਲਾਹ ਛੱਡੀਆ।" ਚਰਨੋ ਨੇ ਹੱਸਦਿਆਂ ਦੂਹਰੇ ਅਰਥਾਂ ਵਾਲੀ ਗੱਲ ਕਹੀ।

"ਬਸ! ਲਭਿਆ ਨ੍ਹੀ ਕੋਈ ਲੋਈ ਵਾਲਾ ਚੋਰ? ਸਵੇਰੇ ਸਵੇਰੇ ਹੋਕਰੇ ਤੇ ਹੋਕਰੇ ਮਾਰਦੀ ਫਿਰਦੀ ਸੀ", ਮੈਥੋਂ ਵੀ ਜਿਵੇਂ ਰਿਹਾ ਨਾ ਗਿਆ।

"ਹਾਇ ਮੈਂ ਮਰਜਾਂ! ਤੁਸੀਂ ਜਾਗਦੇ ਸੀ ਭੂਆ ਜੀ? ਮੈਂ ਤਾਂ ਕਿਹਾ ਤੁਸੀਂ ਸੁੱਤੇ ਪਏਓਂ।" ਚਰਨੋ ਨੇ ਕੱਚੇ ਹੁੰਦਿਆਂ ਕਿਹਾ।

"ਤੈਨੂੰ ਮੈਂ ਸੁੱਤੀ ਦੀਂਹਦੀ ਆਂ? ਮੈਂ ਤਾਂ ਕਦੋਂ ਦੀ ਮਨ 'ਚ ਗੌਣ ਵਾਲੀਆਂ ਦੇ ਹੁੱਜਾਂ ਮਾਰ ਰਹੀ ਸੀ ਪਰ ਇਹ ਟੱਸ ਤੋਂ ਮੱਸ ਨ੍ਹੀ ਹੋਈਆਂ॥ਕੋਈ ਲੰਮੀ ਹੇਕ ਵਾਲਾ, ਦਿਲ ਨੂੰ ਧੂਅ ਪਾਉਣ ਵਾਲਾ ਗੀਤ ਸੁਣਾ ਦਿਓ। ਰਾਤ ਦੇ ਡੀ. ਜੇ. ਨੇ ਕੰਨ ਬੰਦ ਕਰੇ ਪਏਆ।"

"ਮੈਂ ਸੁਣਾ ਦਿੰਨੀਆਂ ਭੂਆ ਜੀ ਕੋਈ ਧੂਅ ਪਾਉਣ ਵਾਲਾ? ਉਠ! ਆਜਾ ਮੇਰੇ ਨਾਲ।ਫੇਰ ਕਹੇਂਗੀ ਮੈਨੂੰ ਕਿਹਾ ਨ੍ਹੀ।" ਮੈਂ ਸੋਚਿਆ ਚਰਨੋ ਮੇਰੇ ਨਾਲ ਗੀਤ ਗਾਉਣ ਲੱਗੀ ਹੈ। ਮੈਂ ਉਸਦੇ ਨੇੜੇ ਜਿਹੇ ਹੋਕੇ ਬੈਠਣ ਲੱਗੀ ਤਾਂ ਉਸਨੇ ਕਿਹਾ, "ਉੱਠ ਤੁਰ ਤਾਂ ਸਹੀ ਮੇਰੇ ਨਾਲ!" ਚਰਨੋ ਨੇ ਬਾਂਹੋਂ ਫੜਕੇ ਮੈਨੂੰ ਇਉਂ ਘੜੀਸਿਆ ਜਿਵੇਂ ਮੈਂ ਬਾਲੜੀ ਹੋਵਾਂ। ਸਬ੍ਹਾਤ 'ਚੋਂ ਬਾਹਰ ਨਿਕਲਦਿਆਂ ਉਹਨੇ ਮੇਰੇ ਕੰਨ 'ਚ ਘੁਸਰ ਮੁਸਰ ਜਿਹੀ ਕੀਤੀ। ਮੈਂ ਕਿਹਾ, 'ਐਂ ਨ੍ਹੀਂ ਸਵੇਰੇ ਸਵੇਰੇ ਮੈਨੂੰ ਗੱਲ ਸੁਣਦੀ। ਉੱਚੀ ਦੱਸ ਕੀ ਕਹਿ ਰਹੀ ਐਂ?'

"ਬਲਾ….ਤਕਾਰ!" ਉਸਨੇ ਕੰਨ ਵਿਚ ਗੱਲ ਕਰਦਿਆਂ ਕਿਹਾ।

"ਹੈ ਆ! ਕੀਹਦਾ ਕੁੜੇ?" ਮੈਂ ਇਕ ਦਮ ਭਮੰਤਰ ਜਿਹੀ ਗਈ। ਮੇਰੇ ਸਾਹਮਣੇ ਨੱਚਦੀਆਂ ਕੁੜੀਆਂ ਇਕ ਇਕ ਕਰਕੇ ਆਉਣ ਲੱਗੀਆਂ।

"ਆਪਣੀ ਕੱ…..ਟੀ…..ਦਾ!" ਉਹਨੇ ਮੂੰਹ 'ਚ ਚੁੰਨੀ ਧੁੰਨਦਿਆਂ ਕਿਹਾ।

"ਕੀਅ! ਮੈਨੂੰ ਤੇਰੀ ਪਸ਼ਤੋ ਸਮਝ ਨ੍ਹੀਂ ਆਈ।" ਮੈਂ ਜਿਵੇਂ ਸਮਝਣਾ ਨਹੀਂ ਸੀ ਚਾਹੁੰਦੀ।

"ਲੈ ਸੁਣ!……ਮੂੰਹ ਕੋਲ ਮੂੰਹ ਕਰਦਿਆਂ ਉਸਨੇ ਕਿਹਾ, 'ਮੈਂ ਜਦੋਂ ਸਵੇਰੇ ਧਾਰ ਕੱਢਣ ਗਈ ਤਾਂ ਕੱਟੀ ਨੂੰ ਦੇਖਕੇ ਡਰ ਗਈ। ਕੱਟੀ ਤਾਂ ਮਰਨ ਵਾਲੀ ਹੋਈ ਪਈ ਸੀ। ਉਸਦੀ ਗਿੱਠ ਦੀ ਜਬਾਨ ਬਾਹਰ ਨਿਕਲੀ ਪਈ ਸੀ।"

"ਉਹ ਕਿਉਂ?" ਗੱਲ ਅਜੇ ਵੀ ਸਮਝੋਂ ਬਾਹਰੀ ਸੀ।

"ਅਜੇ ਵੀ ਸਮਝ ਨ੍ਹੀ ਲੱਗੀ, ਭੂਆ ਜੀ……?" ਮੈਂ ਸਮਝਕੇ ਵੀ ਸਮਝਣਾ ਨਹੀਂ ਸੀ ਚਾਹੁੰਦੀ।

ਮੈਂ ਟਿੱਚ ਟਿੱਚ ਕੀਤਾ।

"ਕਿਸੇ ਮਰਨੇ ਨੇ ਸੰਗਲ ਨਾਲ ਕੱਟੀ ਦੀਆਂ ਅਗਲੀਆਂ ਲੱਤਾਂ ਨੂੜਕੇ ਗੋਡੀ ਲਾਤੀ…..ਭੂਆ ਜੀ, ਰੱਬ ਮੂਹਰੇ ਜਾਨ ਦੇਣੀ ਆ ਪਹਿਲਾਂ ਤਾਂ ਮੈਂ ਡਰਗੀ। ਮੈਂ ਭੱਜ ਕੇ ਬੇਬੇ ਨੂੰ ਬੁਲਾਕੇ ਲਿਆਈ। ਜੇ ਅੱਧਾ ਘੰਟਾ ਹੋਰ ਨਾ ਕੱਟੀ ਨੂੰ ਦੇਖਦੀਆਂ ਸਹੁੰ ਭਾਈ ਦੀ ਕੱਟੀ ਨੇ ਤਾਂ ਮਰ ਜਾਣਾ ਸੀ। ਬੇਬੇ ਤਾਂ ਕੱਟੀ ਦੀ ਪੂਛ ਚੱਕ ਚੱਕ ਵੇਖੇ ਮੈਨੂੰ ਤਾਂ ਸਹੁੰ ਭਾਈ ਦੀ ਬਲਾਂ ਬਾਹਲੀਓ ਸ਼ਰਮ ਆਵੇ।

"ਦੁਰ ਫਿਟੇ…ਮੂੰਹ!" ਅਚਾਨਕ ਮੇਰੇ ਮੂੰਹੋਂ ਨਿਕਲ ਗਿਆ। ਫੇਰ ਕਿੰਨੀ ਦੇਰ ਖੜ੍ਹੀ ਮੈਂ ਸੋਚੀ ਗਈ……ਇਹ ਕਿਹੋ ਜਿਹਾ ਓਹਲਾ ਸੀ?



## ਅਸ਼ਰਫ਼ ਸਟੀਲ ਮਾਰਟ/ਅਸ਼ਫ਼ਾਕ ਅਹਿਮਦ

ਮੈਨੂੰ ਪਤਾ ਨਹੀਂ, ਤੁਹਾਡਾ ਤਰੀਕਾ ਕੀ ਏ ਤੇ ਤੁਸੀਂ ਕਿਹੜੇ ਧਾਰਮਿਕ ਵਿਸ਼ਵਾਸ ਨਾਲ ਜੁੜੇ ਹੋਏ ਹੋ? ਪਰ ਅੱਜ ਮੈਂ ਤੁਹਾਨੂੰ ਧੱਕੇ ਨਾਲ ਦਾਤਾ-ਦਰਬਾਰ ਲੈ ਕੇ ਜਾਂਵਾਗਾ ਜਿੱਥੇ ਮਜ਼ਾਰ ਦੇ ਛੱਜੇ 'ਤੇ ਸਫੈਦ ਸੰਗਮਰਮਰ 'ਚ ਲਿਖਿਆ ਹੈ।

ਗੰਜਬਖਸ਼ ਫ਼ੌਂਜ਼ੇ-ਆਲਮ ਮਜ਼ਹਰ ਨੂਰੇ ਖੁਦਾ
ਨਾਕਿਸਾਂ ਰਾ ਪੀਰ-ਕਾਮਿਲ ਕਾਹਿਲਾਂ ਰਾ ਰਹਨੁਮਾ

(ਬੱਖਮੁੱਮ ਦਾ ਖ਼ਜ਼ਾਨਾ ਕੁਲ ਆਲਖ ਤੇ ਬਖਸ਼ੱਸ਼ ਕਰਨ ਵਾਲਾ ਰੱਬੀ ਨੂਰ ਦਾ ਸੋਮਾ ਮਾਨ-ਮੁਖਾ ਪੀਰ ਅਤੇ ਗੁਰਮੁਖਾਂ ਦਾ ਮੁਰਸ਼ਦ।)

ਪਰ ਮੈਂ ਤੁਹਾਨੂੰ ਦਰਬਾਰ ਦੇ ਅੰਦਰ ਲੈ ਕੇ ਨਹੀਂ ਜਾਵਾਂਗਾ। ਮੈਨੂੰ ਤੁਹਾਡੇ ਤਰੀਕੇ ਦਾ ਸਤਿਕਾਰ ਤੇ ਤੁਹਾਡੇ ਧਾਰਮਿਕ ਵਿਸ਼ਵਾਸ ਦਾ ਖਿਆਲ ਏ। ਅਸੀਂ ਬਾਹਰ-ਬਾਹਰ ਈ ਰਹਾਂਗੇ ਤੇ ਆਲੇ ਦੁਆਲੇ ਦੀਆਂ ਗਲੀਆਂ ਤੇ ਬਾਜ਼ਾਰਾਂ ਦਾ ਚੱਕਰ ਲਾ ਕੇ ਪਰਤ ਆਵਾਂਗੇ।

ਉਹ ਜਿਹੜੀ ਦਾਤਾ ਸਾਹਬ ਦੇ ਮਜ਼ਾਰ ਦੀ ਇਕ ਪਿਛਲੀ ਸੜਕ ਏ ਨਾ ਜਿਹਦੇ 'ਤੇ ਅਨਮੇਲ ਉਘੜ-ਦੁਗੜ ਦੁਕਾਨਾਂ ਤੇ ਬਿੰਗੇ-ਟੇਡੇ ਜਿਹੇ ਘਰ ਹਨ ਤੇ ਜਿਹਦੇ ਅੰਦਰ ਪਿਛਲੇ ਪਾਸਿਓਂ ਕਈ ਗਲੀਆਂ ਆਉਂਦੀਆਂ ਨੇ ਤੇ ਬਹੁਤ ਸਾਰੀਆਂ ਗਲੀਆਂ ਅੰਦਰ ਵੱਲ ਜਾ ਕੇ ਅਨ੍ਹੇਰੇ ਵਿਚ ਗੁਆਂਚ ਜਾਂਦੀਆਂ ਨੇ ਉਥੇ ਲੋਹੇ ਦੀਆਂ, ਬਹੁਤ ਸਾਰੀਆਂ ਦੁਕਾਨਾਂ ਨੇ। ਉਹ ਤਾਜ਼ਾ ਢਲੀਆਂ ਹੋਈਆਂ ਲੋਹੇ ਦੀਆਂ ਵਸਤਾਂ ਦੀਆਂ ਕਬਾੜ ਦੇ ਲੋਹੇ ਦੀਆਂ, ਜੰਗਾਲ ਲੱਗੇ ਹੋਏ ਲੋਹੇ ਦੀਆਂ ਤੇ ਵਲਾਇਤੀ ਲੋਹੇ ਦੇ ਯਾਦਗਾਰ ਟੋਟਿਆਂ ਦੀਆਂ, ਲੋਹੇ ਦੇ ਭਾਂਡਿਆਂ ਤੇ ਰੋਜ਼ ਦੀਆਂ ਲੋੜਾਂ ਦੇ ਜ਼ਰੂਰੀ ਸਾਮਾਨ ਦੀਆਂ ਦੁਕਾਨਾਂ ਨੇ। ਉਹਨਾਂ ਦੇ ਸਾਹਮਣੇ ਗਿੱਲੀ, ਕੱਚੀ, ਬੋਮਾਰਦੀ, ਮੰਦਭਾਗੀ ਭੋਏਂ ਦੇ ਟੋਟੇ ਤੇ ਟੀਨ ਦਾ ਡੱਬਾ ਲਈ ਕਾਲੀ ਦਾੜ੍ਹੀ ਵਾਲਾ ਇਕ ਮੰਗਤਾ ਬੈਠਾ ਹੁੰਦਾ ਏ ਜਿਹੜਾ ਆਪਣੇ ਸਾਹਮਣੇ "ਅਸ਼ਰਫ਼ ਸਟੀਲ ਮਾਰਟ" ਦੇ ਬੋਰਡ ਨੂੰ ਨੀਝ ਲਾ ਕੇ ਵੇਖਿਆ ਕਰਦਾ ਏ ਤੇ ਜਿਹਦੀਆਂ ਨਜ਼ਰਾਂ ਸਾਰਾ ਦਿਨ ਬੋਰਡ ਤੇ ਟਿਕੀਆਂ ਰਹਿੰਦੀਆਂ ਨੇ।

ਕੋਲ, ਦਰਾਵਿੜ, ਭੀਲ, ਦਾਰੀ ਸਿੰਧ ਦੇ ਅਸਲੀ ਵਸਨੀਕ ਸਨ ਪਰ ਆਰੀਆਂ ਨੇ ਉਹਨਾਂ 'ਤੇ ਹਮਲਾ ਕਰਕੇ ਉਹਨਾਂ ਨੂੰ ਇਸ ਇਲਾਕੇ ਤੋਂ ਬਹੁਤ ਦੂਰ ਭਜਾ ਦਿੱਤਾ ਤੇ ਕੁਝ ਸਿਹਤਮੰਦ ਮਰਦਾਂ ਤੇ ਔਰਤਾਂ ਨੂੰ ਗੁਲਾਮ ਬਣਾ ਕੇ ਆਪਣੀ ਟਹਿਲ ਸੇਵਾ ਲਈ ਇੱਥੇ ਹੀ ਰੱਖ ਲਿਆ ਸੀ। ਅਸਲ 'ਚ ਹਰ ਏਕ ਭਗੌੜੇ ਦੀ ਮੰਜ਼ਲ ਉਹਦੀ ਸਰੀਰਕ ਸ਼ਕਤੀ ਦੀ ਬਜਾਏ ਉਹਦਾ ਅੰਦਰਲਾ ਡਰ ਨਿਸ਼ਚਤ ਕਰਦਾ ਹੈ। ਇਸ ਲਈ ਬਹੁਤ ਸਾਰੇ ਭਗੌੜੇ ਬਹੁਤੀ ਦੂਰ ਤਕ ਨਹੀਂ ਭੱਜ ਸਕਦੇ।

ਦਰਾਵਿੜ ਭੱਜ ਕੇ ਹਿੰਦੋਸਤਾਨ ਦੇ ਅੰਦਰ ਦੂਰ ਤੱਕ ਚਲੇ ਗਏ। ਭੀਲ ਰਣ-ਕੱਛ ਦੇ ਇਲਾਕੇ ਵਿਚ ਜਾ ਲੁਕੇ ਤੇ ਕੋਲ ਉੱਤਰੀ ਇਲਾਕਿਆਂ 'ਚੋਂ ਭੱਜ ਕੇ ਹੇਠਾਂ ਸਿੰਧ ਦੇ ਹੇਠਲੇ ਟਿੱਬਿਆਂ ਦੇ ਉਹਲੇ ਜਾ ਲੁਕੇ। ਕੋਲੀ ਲੋਕ ਰੇਤਲੇ ਇਲਾਕੇ ਵਿਚ ਰੁਖਾਂ ਦੀ ਛਿਲੜ, ਛੱਪਰ, ਪੀਲੂ ਦੇ ਫਲ ਤੇ ਹਿਰਨ, ਗਿਰਹ ਤੇ ਰੜ੍ਹ ਦਾ ਮਾਸ ਖਾ ਕੇ ਆਪਣੀ ਨਸਲ ਵਧਾਉਂਦੇ ਰਹੇ ਤੇ ਸੇਵਾਦਾਰ ਉਪਲਬੱਧ ਕਰਾਉਂਦੇ ਰਹੇ।

ਫਿਰ ਜਦੋਂ ਰਾਜਾ ਦਾਹਿਰ ਦਾ ਪਰਿਵਾਰ ਸਿੰਧ ਦੀ ਧਰਤੀ ਦਾ ਹਾਕਮ ਬਣਿਆ ਤਾਂ ਉਹਨੇ ਕੋਲੀਆਂ ਨੂੰ ਲੁਕਵੀਆਂ ਥਾਵਾਂ 'ਚੋਂ ਕੱਢ ਕੇ ਆਪਣੀ ਸੇਵਾ ਦੇ ਕੰਮ ਲਾ ਲਿਆ। ਮਰਦਾਂ ਨੂੰ ਤੇਲ ਮਾਲਿਸ਼ ਕਰਵਾ ਕੇ ਤੇ ਹਲਾਂ ਅੱਗੇ ਜੋੜ ਕੇ ਖੇਤਾਂ ਵਿਚ ਕੰਮ ਕਰਨ ਲਾ ਦਿੱਤਾ। ਤੀਵੀਆਂ ਨੂੰ ਨੁਹਾ ਧੁਆ ਕੇ ਉੱਚੀ ਜਾਤ ਦੇ ਜੁਆਨਾਂ ਦੀ ਬਾਡੀ-ਟਾਕ ਤੇ ਲਾ ਦਿੱਤਾ। ਉਸ ਵੇਲੇ ਗੁਲਾਮ ਖਰੀਦਨ ਤੇ

ਵੇਚਨ ਵਾਸਤੇ ਬਾਕਾਇਦਾ ਮੰਡੀਆਂ ਨਹੀਂ ਸਨ ਹੁੰਦੀਆਂ। ਗੁਲਾਮ ਖਰੀਦਨ ਵੇਲੇ ਉਹਦਾ ਮੂੰਹ ਅੱਡ ਕੇ ਦੰਦ ਵੀ ਨਹੀਂ ਵੇਖੇ ਜਾਂਦੇ ਸਨ। ਲੌਂਡੀ ਰੱਖਣ ਵਾਸਤੇ ਉਹਦਾ ਸਰੀਰ ਵੀ ਨਹੀਂ ਸੀ ਟੋਹਿਆ ਜਾਂਦਾ। ਬੱਸ ਰਾਹ ਜਾਂਦਿਆਂ ਕਿਸੇ ਚੰਗੇ ਖਾਂਦੇ-ਪੀਂਦੇ ਘੁੜ-ਸੁਆਰ ਨੂੰ ਕੋਈ ਕੋਲੀ ਮਰਦ ਜਾਂ ਕੋਲੀ ਜਨਾਨੀ ਪਸੰਦ ਆ ਜਾਂਦੀ ਸੀ, ਉਹ ਉਸਨੂੰ ਇਸ਼ਾਰਾ ਕਰਕੇ ਆਪਣੇ ਘੋੜੇ ਦੇ ਪਿੱਛੇ ਟੋਰ ਲੈਂਦਾ ਸੀ ਤੇ ਘਰ ਲਿਜਾ ਕੇ ਪੈਰਾਂ 'ਚ ਕੜਾ ਪਾ ਦਿੰਦਾ ਸੀ। ਤਿੰਨ ਦਿਨਾਂ ਮਗਰੋਂ ਸੂਰਜ ਛਿਪਣ ਤੋਂ ਪਹਿਲਾਂ ਉਹਦੇ ਮੱਥੇ 'ਤੇ ਮਾਲਕ ਦਾ ਨਾਂ ਦਾਗ਼ ਦਿੱਤਾ ਜਾਂਦਾ ਸੀ ਤੇ ਮਾਸ ਦੇ ਸੜਨ ਦੀ ਕਬਾਬ ਵਰਗੀ ਖੁਸ਼ਬੋ ਤੋਂ ਮੁਹੱਲੇ ਦੇ ਲੋਕਾਂ ਨੂੰ ਪਤਾ ਲੱਗ ਜਾਂਦਾ ਸੀ ਕਿ ਸਾਡੇ ਗੁਆਂਢ ਵਿਚ ਕਿਸੇ ਨਵੇਂ ਸੇਵਾਦਾਰ ਦੀ ਨਿਯੁਕਤੀ ਹੋ ਗਈ ਹੈ।

ਇਹ ਜਿਹੜਾ ਲੋਹੇ ਦੀ ਹੱਟੀ ਦੇ ਸਾਹਮਣੇ ਗਿਲੀ ਭੋਏਂ 'ਤੇ ਮੰਗਤਾ ਅਸ਼ਰਫ਼ ਬੈਠਾ ਹੁੰਦਾ ਏ, ਇਹ ਵੀ ਸਿੰਧ ਦੇ ਇਕ ਕੋਲ ਘਰਾਣੇ ਦਾ ਪੁੱਤਰ ਏ। ਇਸ ਦੇ ਪੁਰਖਿਆਂ ਨੇ ਰਾਜਾ ਦਾਹਿਰ ਦੇ ਪਿਤਾ ਦੇ ਜ਼ਮਾਨੇ ਵਿਚ ਬੜੇ ਮਜ਼ੇ ਕੀਤੇ ਨੇ। ਉਹ ਰਾਜਕੁਮਾਰਾਂ ਦੇ ਥੱਕੇ ਟੁੱਟੇ ਘੋੜਿਆਂ ਦੀਆਂ ਆਪਣੀਆਂ ਜੀਭਾਂ ਨਾਲ ਮਾਲਿਸ਼ ਕਰਦੇ ਹੁੰਦੇ ਸੀ। ਉਹਨਾਂ ਨੂੰ ਚੱਟ-ਚੱਟ ਕੇ ਹੌਲੇ ਫੁਲ ਕਰ ਦਿੰਦੇ ਸੀ। ਇੰਨੇ ਹੌਲੇ ਕਿ ਜੇਕਰ ਉਹਨਾਂ ਨੂੰ ਅਚਾਨਕ 20 ਕੋਹ ਦਾ ਪੈਂਡਾ ਹੋਰ ਕਰਨਾ ਪੈ ਜਾਏ ਤਾਂ ਉਹਨਾਂ ਦੇ ਸੁਮਾਂ 'ਤੇ ਕੋਈ ਭਾਰ ਨਾ ਪਵੇ ਤੇ ਉਹ ਖੁਸ਼-ਖੁਸ਼ ਭੱਜਦੇ ਜਾਣ।

ਅਸ਼ਰਫ਼ ਦਾ ਸੱਕੜ ਦਾਦਾ, ਉਹਦਾ ਨਿੱਕਾ ਭਰਾ ਤੇ ਨਿੱਕੇ ਭਰਾ ਦਾ ਸਾਲਾ ਕੱਛ ਦੇ ਇਲਾਕੇ 'ਚੋਂ ਸਿਰਾਂ 'ਤੇ ਘਾਹ ਦੀਆਂ ਪੰਡਾਂ ਚੁੱਕੀ ਉਸ ਭੀਲ ਘਰਾਣੇ ਦੀਆਂ ਗੱਲਾਂ ਕਰਦੇ ਆ ਰਹੇ ਸਨ ਜਿਨ੍ਹਾਂ ਵਿਚੋਂ ਕੁਝ ਕਾਠੀਆਵਾੜ ਵਿਚ ਕਰਤਬ ਦਿਖਾਂਦੇ ਸਨ ਤੇ ਕੁਝ ਥਾਰ ਦੇ ਸ਼ਹਿਰੀ ਇਲਾਕੇ ਵਿਚ ਤਮਾਸ਼ਾ ਦਿਖਾਉਣ ਆਏ ਹੋਏ ਸਨ। ਨਿੱਕੇ ਸਕੱੜ ਦਾਦੇ ਦੇ ਸਾਲੇ ਦੀ ਮੰਗੇਤਰ ਦਾ ਪਿਓ ਨਟ ਭੀਲਾਂ ਦੇ ਕਿੱਸੇ-ਕਹਾਣੀਆਂ ਸੁਣਾਉਣ ਲਈ ਏਨੀ ਦੂਰੋਂ ਆਇਆ ਸੀ। ਉਹਨੇ ਰਿਸ਼ਤੇ ਦੀ ਗੱਲ ਤਾਂ ਘੱਟ ਈ ਕੀਤੀ ਸੀ ਪਰ ਨੱਟ ਬਾਜ਼ੀਗਰਾਂ ਦੇ ਹੁਨਰਾਂ ਦਾ ਜਿਕਰ ਕੁਝ ਏਨੇ ਵਿਸਤਾਰ ਨਾਲ ਕੀਤਾ ਕਿ ਉਹਨਾਂ ਲੋਕਾਂ ਨੂੰ ਵੀ ਨਟਾਂ ਦੇ ਸਾਰੇ ਆਈਟਮ ਜ਼ਬਾਨੀ ਚੇਤੇ ਹੋ ਗਏ ਸਨ। ਜਿਸ ਵੇਲੇ ਇਹ ਤਿੰਨੋਂ ਪੰਡਾਂ ਚੁੱਕੀ ਭੀਲ ਕਰਤਬਾਂ ਦਾ ਜ਼ਿਕਰ ਕਰਦੇ ਹੱਸਦੇ ਖੇਡਦੇ ਆ ਰਹੇ ਸਨ ਐਨ ਉਸ ਵੇਲੇ ਭੈਰੋ ਮੱਠ ਦੇ ਚਾਰ ਬ੍ਰਾਹਮਣ ਜੰਗਲ 'ਚ ਝਾੜੇ ਬਹਿ ਕੇ ਸਿੰਧ ਦਰਿਆ ਵਿਚ ਅਸ਼ਨਾਨ ਕਰਕੇ ਖਾਲੀ ਕਮੰਡਲ ਤੇ ਤਾਮਲੋਟ ਹੱਥਾਂ 'ਚ ਲਮਕਾਲੀ ਵਾਪਿਸ ਆ ਰਹੇ ਸਨ। ਨਿੱਕੇ ਤਿੰਨ ਬ੍ਰਾਹਮਣ ਚੁੱਪ ਸਨ ਤੇ ਵੱਡਾ ਬ੍ਰਾਹਮਣ ਇਕੱਲਾ ਗਾਇਤਰੀ ਮੰਤਰ ਦਾ ਉਚਾਰਨ ਕਰ ਰਿਹਾ ਸੀ-ਉਸ ਭੂਰਥਵਾ ਸਵਾ......

ਤਿੰਨੋਂ ਨਿੱਕੇ ਬ੍ਰਾਹਮਣ ਉਹਦੇ ਪਿੱਛੇ "ਅਦ੍ਰਿਸ਼-ਅਦ੍ਰਿਸ਼ ਸਤਮੇਵ ਹੈ, ਸੱਤ ਹੈ" ਕਹਿੰਦੇ ਹੋਏ ਟੁਰੀ ਆ ਰਹੇ ਸਨ। ਪੰਡਾਂ ਚੁੱਕੀ ਆ ਰਹੇ ਤਿੰਨਾਂ ਭੀਲਾਂ ਦੇ ਰੁਕੇ ਹੋਏ ਸਾਹਾਂ ਦੇ ਕਾਰਨ ਵਾਤਾਵਰਣ ਬਹੁਤ ਹੀ ਖਾਮੋਸ਼ ਹੋ ਗਿਆ ਸੀ। ਇਸ ਖਾਮੋਸ਼ੀ ਵਿਚ ਗਾਇਤਰੀ ਮੰਤਰ ਦੀ ਗੂੰਜ ਆਪਣੇ ਆਪ ਵਧਦੀ ਜਾ ਰਹੀ ਸੀ।

ਅਚਾਨਕ ਅਸ਼ਰਫ਼ ਦੇ ਨਿੱਕੇ ਸੱਕੜ ਦਾਦਾ ਦੇ ਸਿਰ ਤੋਂ ਘਾਹ ਦੀ ਪੰਡ ਡਿੱਗ ਪਈ ਤੇ ਇਸ ਭਾਰੀ ਸਰਸਰਾਹਟ ਨਾਲ ਝੂਲਦੇ ਕਮੰਡਲਾਂ ਵਾਲੇ ਬ੍ਰਾਹਮਣ ਰੁਕ ਗਏ। ਉਹਨਾਂ ਨੇ ਤਿਨਾਂ ਸੂਦਰਾਂ ਨੂੰ ਧੌਣੋਂ ਫੜ ਲਿਆ ਤੇ ਉਹਨਾਂ ਦੇ ਸਿਰ ਹਿਲਾ ਕੇ ਪੁੱਛਿਆ, "ਤੁਸੀਂ ਸਲੋਕ ਸੁਣੇ ?"

ਸ਼ੂਦਰਾਂ ਨੇ ਹੱਥ ਜੋੜ ਕੇ ਕਿਹਾ, "ਸੁਣੇ ਜ਼ਰੂਰ ਭਗਵਾਨ ਪਰ ਕੁਝ ਪਤਾ ਨਹੀਂ ਲੱਗਾ। ਇਹ ਸਾਡੀ ਬੋਲੀ ਨਾਲੋਂ ਵੱਖਰੇ ਸਨ।"

"ਤੁਹਾਡੇ ਕੰਨਾਂ ਵਿਚ ਬੋਲ ਤਾਂ ਪਏ ?" ਗੱਡੇ ਹੋਏ ਸਰੀਰ ਵਾਲੇ ਬ੍ਰਾਹਮਣ ਨੇ ਇਕ ਸ਼ੂਦਰ



ਦਾ ਗਲਾ ਘੁਟ ਕੇ ਕਿਹਾ, "ਇਹ ਪਵਿੱਤਰ ਬੋਲ ਦੇਵਤਿਆਂ ਦੇ ਅੱਖਰ ਤੇ ਭਗਵਾਨ ਦੀ ਸਿਮਰਨ ਤੁਹਾਡੇ ਕੰਨਾਂ 'ਚ ਗਈ ਕਿ ਨਹੀਂ ਗਈ ?"

ਤਿੰਨੇ ਕੋਲ ਹੱਥ ਜੋੜੀ ਚੁੱਪ ਖਲੋਤੇ ਸਨ ਤੇ ਉਹਨਾਂ ਦੇ ਸਿਰਾਂ ਤੋਂ ਡਿੱਗੀਆਂ ਘਾਹ ਦੀਆਂ ਪੰਡਾਂ ਉਨ੍ਹਾਂ ਦੇ ਖੱਬੇ-ਸੱਜੇ ਹਵਾ 'ਚ ਹੌਲੀ ਹੌਲੀ ਸਰਸਰਾ ਰਹੀਆਂ ਸਨ।

ਚਾਰੇ ਬ੍ਰਾਹਮਣ ਉਹਨਾਂ ਨੂੰ ਆਪਣੇ ਨਾਲ ਭੈਰੋਂ ਮੱਠ ਵਿਚ ਲੈ ਗਏ ਅਤੇ ਗੁਰੂ ਦੇ ਸਾਹਮਣੇ ਪੇਸ਼ ਕਰ ਦਿੱਤਾ। ਉਸ ਨੇ ਉਹਨਾਂ ਤਿੰਨਾਂ ਨੂੰ ਸਿਰ ਤੋਂ ਪੈਰਾਂ ਤਾਈਂ ਗੌਹ ਨਾਲ ਵੇਖਿਆ ਤੇ ਸ਼ਾਂਤ ਹੋ ਕੇ ਹੌਲੀ ਜਿਹੀ ਕਿਹਾ, "ਇਹਨਾਂ ਨੂੰ ਭੋਜਨ ਕਰਾਓ। ਹੁਣ ਇਹ ਭਗਵਾਨ ਸਰੂਪ ਹਨ।"

ਉਸ ਸਥਾਨ ਦਾ ਗੁਰੂ ਬੜਾ ਭੱਦਰ ਪੁਰਸ਼, ਦੇਵਤਾ ਸਮਾਨ ਇਕ ਸੁੰਦਰ ਪੁਰਸ਼ ਸੀ ਤੇ ਭਗਵੇਂ ਵਸਤਰਾਂ 'ਚ ਉਹ ਭਗਵਾਨ ਦਾ ਰੂਪ ਨਜ਼ਰ ਆਉਂਦਾ ਸੀ। ਉਹਦੇ ਰੋਮ ਰੋਮ ਵਿਚ ਸਿੰਦੂਰ ਦੀ ਰਚਨਾ ਸੀ।

ਜਦੋਂ ਤਿੰਨੋਂ ਕੋਲ ਭੋਜਨ ਕਰਕੇ ਆ ਗਏ ਤੇ ਗੁਰੂ ਦੇ ਅੱਗੇ ਹੱਥ ਜੋੜ ਕੇ ਖਲੋ ਗਏ ਤਾਂ ਗੁਰੂ ਨੇ ਹੱਥ ਦੇ ਇਸ਼ਾਰੇ ਨਾਲ ਸੁਨਹਿਰੇ ਵਾਲਾਂ ਵਾਲੇ ਚੇਲੇ ਤੋਂ ਛੇ ਪੋਟਲੀਆਂ ਮੰਗਵਾਈਆਂ ਜਿਨ੍ਹਾਂ ਵਿਚ ਕਲਸੀ ਸ਼ੋਰਾ-ਨਸ਼ਾਦਰ ਤੇ ਗੂੰਦ ਕਤੀਰਾ ਕੁਟ-ਕੁਟ ਕੇ ਭਰਿਆ ਹੋਇਆ ਸੀ।

ਸ਼ਕਤੀਸ਼ਾਲੀ ਬ੍ਰਾਹਮਣਾਂ ਨੇ ਚੀਕਾਂ ਮਾਰਦੇ, ਵੈਣ ਪਾਉਂਦੇ, ਰੋਂਦੇ ਕੁਰਲਾਂਦੇ ਕੋਲ ਜੁਆਨਾਂ ਨੂੰ ਭੋਏਂ 'ਤੇ ਲਿਟਾਇਆ। ਉਹਨਾਂ ਦੇ ਮੂੰਹ ਵਿਚ, ਗਲਾਂ ਦੇ ਅੰਦਰ ਵਿਚ ਇਕ-ਇਕ ਪੋਟਲੀ ਧੱਕ ਦਿੱਤੀ ਤੇ ਫੇਰ ਉਹਨਾਂ ਦੇ ਕੰਨਾਂ ਵਿਚ ਪੰਘਰਿਆ ਹੋਇਆ ਸੀਸਾ ਪਾ ਦਿੱਤਾ। ਉਹ ਤਿੰਨੋਂ ਜ਼ਰਾ ਜਿੰਨਾ ਤੜਫੇ ਤੇ ਫੇਰ ਬੇਹੋਸ਼ ਹੋ ਗਏ।

ਗਲਾਂ ਦੇ ਅੰਦਰ ਕਲਮੀ ਸ਼ੋਰੇ ਤੇ ਨਸ਼ਾਦਰ ਦੀਆਂ ਪੋਟਲੀਆਂ ਨੇ ਪੰਘਰੇ ਹੋਏ ਸੀਸੇ ਨੂੰ ਛੇਤੀ ਠੰਢਾ ਕਰ ਦਿੱਤਾ ਤੇ ਉਹ ਅੰਦਰਲੀਆਂ ਰਗਾਂ ਨੂੰ ਚੀਰ ਕੇ ਹਲਕ 'ਚ ਨਹੀਂ ਉਤਰਿਆ। ਦੂਜੇ ਇਲਾਕਿਆਂ ਦੇ ਬ੍ਰਾਹਮਣ ਆਪਣਾ ਕੋਈ ਅਸਮਾਨੀ ਸ਼ਬਦ ਜਾਂ ਦੈਵੀ ਮੰਤਰ ਸ਼ੂਦਰ ਦੇ ਕੰਨੀਂ ਪੈਣ 'ਤੇ ਉਸੇ ਵੇਲੇ ਪੰਘਰਿਆ ਹੋਇਆ ਸੀਸਾ ਪਾ ਕੇ ਉਹਨਾਂ ਨੂੰ ਸਾੜ ਦਿੰਦੇ ਸੀ ਪਰ ਭੈਰਵ ਮੱਠ ਦਾ ਇਹ ਗੁਰੂ ਬੜਾ ਭੱਦਰ ਪੁਰਸ਼ ਬਹੁਤਾ ਈ ਰਹਿਮਦਿਲ ਇਨਸਾਨ ਸੀ। ਉਸਨੇ ਪੁਰਾਣੇ ਵੈਦਕ ਗ੍ਰੰਥਾਂ ਦੀ ਪੁਣ-ਛਣ ਕਰਕੇ ਠੰਢੇ ਮਾਲ ਦੀਆਂ ਅਜਿਹੀਆਂ ਪੋਟਲੀਆਂ ਬਣਾਈਆਂ ਸਨ ਜਿਹੜੀਆਂ ਮੁਜ਼ਾਹਮ ਨੂੰ ਨਿਸ਼ਚਤ ਸਜ਼ਾ ਦੇਣ ਤੋਂ ਮਗਰੋਂ ਕੰਨਾਂ ਤੋਂ ਅੱਗੇ ਪਿਘਲੇ ਸੀਸੇ ਦੇ ਅਮਲ (ਕੰਮ) ਨੂੰ ਰੋਕ ਦਿੰਦੀਆਂ ਸਨ।

ਉਸ ਜ਼ਮਾਨੇ 'ਚ ਵੀ ਕੁਝ ਅਜਿਹੇ ਦਿਆਵਾਨ ਲੋਕ ਮੌਜੂਦ ਸੀ ਜਿਸ ਕਰਕੇ ਇਹ ਸੰਸਾਰ ਉਦੋਂ ਵੀ ਕਾਇਮ ਸੀ। ਇਸ ਦੁਨੀਆਂ ਵਿਚ ਸਭ ਤੋਂ ਵੱਡੀ ਆਕੜ ਗਿਆਨ ਦੀ ਆਕੜ ਹੈ। ਵਿਦਵਾਨ ਤੇ ਗਿਆਨੀ ਬੰਦਾ ਗਿਆਨੀ ਲੋਕਾਂ ਨੂੰ ਸਿਰਫ਼ ਡੰਗਰ ਈ ਨਹੀਂ ਸਮਝਦਾ ਸਗੋਂ ਹਰ ਵੇਲੇ ਉਹਨਾਂ ਨੂੰ ਆਪਣੇ ਇਲਮ ਤੇ ਅਗਿਆਨ ਦੇ ਭੈ ਨਾਲ ਡਰਾਉਂਦਾ ਵੀ ਰਹਿੰਦਾ ਹੈ। ਉਹ ਆਪਣੇ ਗਿਆਨ ਦੇ ਘੁਮੰਡ ਦਾ ਬਾਜ਼ ਆਪਣੀ ਮਜ਼ਬੂਤ ਕਲਾਈ 'ਤੇ ਬਿਠਾ ਕੇ ਸਾਰਾ ਦਿਨ ਬਜ਼ਾਰ ਵਿਚ ਘੁੰਮਦਾ ਹੈ ਤੇ ਹਰੇਕ ਨੂੰ ਡਰਾ ਧਮਕਾ ਕੇ ਰੱਖਦਾ ਹੈ। ਇਸ ਜ਼ਾਲਮ, ਨਿਰਦਈ ਤੇ ਬੇਦਰਦ ਦੀ ਸਭ ਤੋਂ ਵੱਡੀ ਖਰਾਬੀ ਇਹ ਹੁੰਦੀ ਹੈ ਕਿ ਜੇਕਰ ਕੋਈ ਉਹਦੇ ਫਲਦਾਰ ਇਲਮੀ ਅਹਾਤੇ 'ਚੋਂ ਇਕ ਬੇਰ ਵੀ ਤੋੜਨਾ ਚਾਹੇ ਤਾਂ ਉਸ 'ਤੇ ਆਪਣੇ ਘੁਮੰਡ ਦੇ ਕੁੱਤੇ ਛੱਡ ਦਿੰਦਾ ਹੈ। ਇਹ ਆਪਣੇ ਕੈਦੀਆਂ ਨੂੰ ਚੰਗੇ ਗੁਲਾਮ ਬਣ ਕੇ ਰਹਿਣ ਦਾ ਗਿਆਨ ਦਿੰਦਾ ਈ ਹੈ ਪਰ ਉਹਨਾਂ ਨੂੰ ਇੱਜ਼ਤ ਨਾਲ ਜਿਉਣ ਦੇ ਗੁਰ ਤੋਂ ਜਾਣੂ ਨਹੀਂ ਹੋਣ ਦਿੰਦਾ। ਜ਼ਮਾਨਾ ਬੀਤਦਾ ਰਹਿੰਦਾ ਏ ਤੇ ਆਪਣੇ ਆਪਣੇ ਦੌਰ ਦਾ ਹਰ ਗਿਆਨੀ ਬ੍ਰਾਹਮਣ ਆਪਣੇ ਦੌਰ ਦੇ ਸ਼ੂਦਰ ਦੇ ਕੰਨ ਪੰਘਰੇ ਹੋਏ ਸੀਸੇ ਨਾਲ ਭਰੀ ਜਾਂਦਾ ਹੈ।

ਜਦੋਂ ਇਹ ਤਿੰਨੋਂ ਖਰਾਬ ਤੇ ਖਸਤਾ ਕੋਲ ਬਜ਼ੁਰਗ ਸਿੰਧ ਦਰਿਆ ਦੇ ਕੰਡੇ ਸੰਘਣੇ ਜੰਗਲ ਵਿਚ ਜੰਗਲੀ ਜਾਨਵਰਾਂ ਦੀ ਖੁਰਾਕ ਬਣਨ ਲਈ ਨਿਕਲ ਗਏ ਤਾਂ ਉਹਨਾਂ ਦੀ ਔਲਾਦ ਰਤਨਾਤ ਵਿਚ ਰਹਿ ਗਈ ਜਿਹੜਾ ਅੱਜ ਸ਼ਿਕਾਰਪੁਰ ਤੋਂ ਵੀਹ ਕੋਹ ਦੂਰ ਹੈ।

ਕਈ ਸਾਲਾਂ ਮਗਰੋਂ ਜਦੋਂ ਮੁਹੱਮਦ ਬਿਨ ਕਾਸਿਮ ਨੇ ਦਾਹਿਰ ਦੇ ਨਾਲ ਜੰਗ ਕੀਤੀ ਤਾਂ ਦਾਹਿਰ ਦਾ ਸਾਰਾ ਇਲਾਕਾ ਈ ਨਹੀਂ ਸਗੋਂ ਉਸ ਦੇ ਆਲੇ-ਦੁਆਲੇ ਦਾ ਹੋਰ ਬਹੁਤ ਸਾਰਾ ਇਲਾਕਾ ਮੁਹੱਮਦ ਬਿਨ ਕਾਸਿਮ ਦੇ ਕਬਜ਼ੇ 'ਚ ਆ ਗਿਆ। ਕੋਲ ਖਾਨਦਾਨਾਂ ਦੇ ਨਾਲ ਕੁਝ ਭੀਲ ਤੇ ਦਰਾਵੜ ਤੇ ਉਹਨਾਂ ਦੇ ਨਾਲ ਬਹੁਤ ਸਾਰੇ ਖਤਰੀ ਤੇ ਵੈਸ਼ ਵੀ ਬਸਰਾ ਤੇ ਬਗਦਾਦ ਦੀਆਂ ਗੁਲਾਮਾਂ ਦੀਆਂ ਮੰਡੀਆਂ ਵਿਚ ਪਹੁੰਚ ਗਏ। ਦਾਹਿਰ ਦੇ ਜ਼ਮਾਨੇ ਵਿਚ ਲੌਂਡੀਆਂ ਤੇ ਗੁਲਾਮਾਂ 'ਤੇ ਮੁਫ਼ਤ ਕਬਜ਼ੇ ਕੀਤੇ ਜਾਂਦੇ ਸਨ। ਹਿਜਾਜ਼ ਦੇ ਕਾਲ ਵਿਚ ਇਹਨਾਂ ਦਾ ਮੁੱਲ ਤਾਰਨਾ ਸ਼ੁਰੂ ਹੋ ਗਿਆ ਤੇ ਉਹਨਾਂ ਦੇ ਘਰਵਾਲਿਆਂ ਨੂੰ ਇਕ-ਦੋ ਦੁਹੈਲ ਬੱਕਰੀ ਜਾਂ ਇਕ ਗਾਂ ਸੁਰਮਈ ਦੇ ਮੁੱਲ ਦੇ ਬਰਾਬਰ ਕੁਝ ਦਿਰਹਮ (ਸਾਢੇ ਤਿੰਨ ਮਾਸ਼ੇ ਦਾ ਸਿੱਕਾ) ਵੀ ਮਿਲਣ ਲੱਗ ਪਏ। ਘਰ ਦੇ ਲੋਕ ਖੁਸ਼ ਹੋ ਗਏ ਤੇ ਬਹੁਤਿਆਂ ਨੇ ਆਪਣੇ ਪੁੱਤਰ, ਪੋਤਰੇ ਅਤੇ ਭਾਈ ਭਤੀਜੇ ਵੇਚ ਕੇ ਅਮੀਰ ਬ੍ਰਾਹਮਣਾਂ ਕੋਲੋਂ ਜ਼ਮੀਨ ਦੇ ਨਿੱਕੇ ਨਿੱਕੇ ਟੋਟੇ ਵੀ ਖਰੀਦ ਲਏ ਤੇ ਉਹਨਾਂ 'ਤੇ ਝੁਗੀਆਂ ਪਾ ਕੇ ਉਥੇ ਵੱਸ ਵੀ ਗਏ।

ਇਹ ਜਿਹੜੀ ਲੋਹੇ ਦੀ ਵੱਡੀ ਦੁਕਾਨ ਦੇ ਸਾਹਮਣੇ ਗਿੱਲੀ ਮਿੱਟੀ 'ਤੇ ਇਕ ਮੰਗਤਾ ਬੈਠਾ ਹੁੰਦਾ ਹੈ ਉਸਦਾ ਸੱਕੜ ਦਾਦਾ ਵੀ ਆਪਣੇ ਚਾਚਿਆਂ ਰਾਹੀਂ ਵਿਕ ਕੇ ਬਸਰਾ ਪਹੁੰਚ ਗਿਆ ਸੀ। ਬਸਰਾ ਪਹੁੰਚ ਕੇ ਉਹਨੇ ਦੂਰੋਂ-ਦੂਰੋਂ ਆਏ ਗੁਲਾਮਾਂ ਵਿਚ ਬੜਾ ਨਾਂ ਪੈਦਾ ਕਰ ਲਿਆ ਤੇ ਥੋੜ੍ਹੇ ਈ ਚਿਰ ਵਿਚ ਉਹ ਬੜੀ ਵਧੀਆ ਅਰਬੀ ਭਾਸ਼ਾ ਸਿਖ ਗਿਆ। ਚੰਗੀ ਭਾਸ਼ਾ ਸਿੱਖਣ 'ਤੇ ਗੁਲਾਮ ਵੇਚਣ ਵਾਲੇ ਨੇ ਉਹਨੂੰ ਅੱਗੇ ਵੇਚਣ ਦੀ ਬਜਾਏ ਆਪਣੇ ਕੋਲ ਹੀ ਰੱਖ ਲਿਆ।

ਅਸ਼ਰਫ਼ ਦਾ ਸੱਕੜ ਦਾਦਾ ਕਾਲੇ ਰੰਗ ਦਾ ਸੁਹਣਾ, ਉੱਚੇ ਲੰਮੇ ਕੱਦ ਦਾ ਇਕ ਤਗੜਾ ਗੁਲਾਮ ਸੀ। ਉਹਦੇ ਟੁਰਨ ਦਾ ਅੰਦਾਜ਼ ਬਸਰੇ ਦੇ ਦੂਜੇ ਲੋਕਾਂ ਨਾਲੋਂ ਵੱਖਰਾ ਸੀ। ਉਹਦੇ ਵਿਦੇਸ਼ੀ ਉਚਾਰਣ ਵਿਚ ਕੁਝ ਸ਼ਬਦਾਂ ਦਾ ਉਚਾਰਣ ਬਹੁਤ ਹੀ ਚੰਗਾ ਲੱਗਦਾ ਸੀ। ਸਰਦਾਰਾਂ ਦੀਆਂ ਜੁਆਨ ਪਤਨੀਆਂ ਉਸ ਕੋਲੋਂ ਅਰਬੀ ਭਾਸ਼ਾ ਦੇ ਸ਼ੇਅਰ ਬੜੇ ਚਾਅ ਨਾਲ ਸੁਣਦੀਆਂ ਹੁੰਦੀਆਂ ਸਨ ਜਿਨ੍ਹਾਂ ਵਿਚ ਇਹ ਸ਼ਬਦ ਬਹੁਤ ਆਉਂਦੇ ਸਨ।

ਪਰ ਇਕ ਰਾਤ ਨੂੰ ਜਦੋਂ ਉਹ ਆਪਣੇ ਮਾਲਿਕ ਦੀ ਗੁਪਤ ਆਤਮ-ਕਥਾ ਦੀ ਹੱਥ ਲਿਖਤ ਵੇਖ ਰਿਹਾ ਸੀ ਤੇ ਉਹਦੇ ਵਿੱਚ ਹੱਥ ਦੀਆਂ ਬਣੀਆਂ ਹੋਈਆਂ ਨੰਗੀਆਂ ਤਸਵੀਰਾਂ ਨੂੰ ਵੇਖ ਕੇ ਆਨੰਦ ਮਾਨ ਰਿਹਾ ਸੀ ਤਾਂ ਉਤੋਂ ਉਹਦਾ ਮਾਲਿਕ ਆ ਗਿਆ। ਕਿਤਾਬ ਉਹਦੇ ਹੱਥੋਂ ਛੁਟ ਕੇ ਭੋਏਂ 'ਤੇ ਡਿੱਗ ਪਈ ਤੇ ਉਹ ਪੱਤੇ ਵਾਂਗ ਥਰ ਥਰ ਕੰਬਨ ਲੱਗਾ। ਮਾਲਿਕ ਨੇ ਉਹਦਾ ਮੋਢਾ ਪਲੋਸਿਆ ਤੇ ਦਇਆ ਭਰੀ ਨਜ਼ਰ ਨਾਲ ਉਹਦੇ ਨਾਲ ਤਕਿਆ ਤੇ ਕਿਹਾ, "ਆਪਣੀ ਹਿੰਦਵੀ -ਅਰਬੀ ਭਾਸ਼ਾ ਵਿਚ ਮੈਨੂੰ ਮੇਰੇ ਖਰੜੇ ਦਾ ਕੁਝ ਭਾਗ ਪੜ੍ਹ ਕੇ ਸੁਣਾ ਤੇ ਮੇਰੇ ਮਨ ਨੂੰ ਖੁਸ਼ ਕਰ।"

ਇਸ ਭਿੱਖ ਮੰਗਤੇ ਦੇ ਸੱਕੜ ਦਾਦੇ ਨੇ 63 ਸਫ਼ੇ ਤੋਂ ਲੈ ਕੇ 82 ਸਫ਼ੇ ਤੱਕ ਆਪਣੇ ਮਾਲਿਕ ਦੀ ਆਤਮਾ ਕਥਾ ਬੜੀ ਮਿੱਠੀ ਆਵਾਜ਼ 'ਚ ਪੜ੍ਹ ਕੇ ਸੁਣਾਈ ਤੇ ਸੋਨੇ ਦੇ ਪੰਜੀ ਦਿਰਹਮ, ਰੇਸ਼ਮ ਦੀ ਗੁਲ ਰੰਗੀ ਥੈਲੀ 'ਚ ਇਨਾਮ ਦੇ ਰੂਪ ਵਿਚ ਪ੍ਰਾਪਤ ਕੀਤੇ।

ਅਗਲੇ ਦਿਨ ਸਵੇਰੇ ਜੈਤੂਨ, ਸ਼ਹਿਦ-ਦਹੀ ਅਤੇ ਅੰਜੀਰ ਦੇ ਨਾਸ਼ਤੇ ਮਗਰੋਂ ਉਹਦੇ ਮਾਲਿਕ ਨੇ ਇਕ ਚਮਕੀਲੇ ਖੰਜਰ ਨਾਲ ਭਿੱਖ ਮੰਗੇ ਅਸ਼ਰਫ਼ ਦੇ ਸੱਕੜ ਦਾਦੇ ਦੀ ਜ਼ੁਬਾਨ ਕੱਟ ਦਿੱਤੀ। ਹਿੰਦ ਵੀ ਲਹਿਜੇ 'ਚ ਖੂਬਸੂਰਤ ਅਰਬੀ ਬੋਲਣ ਵਾਲਾ ਕੋਲੀ ਗੁਲਾਮ ਸਦਾ ਵਾਸਤੇ ਖਾਮੋਸ਼ ਹੋ



ਗਿਆ।

ਗਿਆਨਵਾਨਾਂ ਦੇ ਹੰਕਾਰ ਦੇ ਕਈ ਰੂਪ ਹੁੰਦੇ ਹਨ। ਉਹ ਜਿਹਨਾਂ ਬੇਜ਼ਬਾਨਾਂ ਨੂੰ ਪਸੰਦ ਵੀ ਕਰਦੇ ਨੇ, ਉਹਨਾਂ ਦੀ ਮੁਥਾਜੀ 'ਤੇ ਆਪਣੇ ਘੁਮੰਡ ਦਾ ਤੰਗ ਕਸ ਕੇ ਉਹਨਾਂ ਦੇ ਵਜੂਦ 'ਚ ਤੂੜੀ ਭਰ ਦਿੰਦੇ ਹਨ। ਫਿਰ ਉਹਨਾਂ ਨੂੰ ਆਪਣੇ ਮਹਲ ਦੇ ਇਕ ਖੂੰਜੇ ਵਿਚ ਖੜਾ ਕਰਕੇ ਉਹਨਾਂ ਦੇ ਦੁਆਲੇ ਨਿੱਜੀ ਅਜਾਇਬ ਘਰ ਦੀ ਨੀਂਹ ਰੱਖ ਦਿੰਦੇ ਹਨ। ਅਜਿਹੇ ਲੋਕ ਸਰੀਰ ਗਿਆਨ ਦੇ ਨਾਲ-ਨਾਲ ਧਰਮਗਿਆਨ ਦੇ ਵੀ ਮਾਹਿਰ ਹੁੰਦੇ ਹਨ ਅਤੇ ਇਤਿਹਾਸਕਾਰ ਆਪਣੀਆਂ ਲਿਖਤਾਂ ਤੇ ਭਾਸ਼ਣਾਂ ਵਿਚ ਉਹਨਾਂ ਦੇ ਹਵਾਲੇ ਦਿੰਦੇ ਹਨ ਤੇ ਆਪਣੀਆਂ ਪੁਸਤਕਾਂ ਵਿਚ ਉਹਨਾਂ ਦਾ ਮੋਟੇ ਅੱਖਰਾਂ ਵਿਚ ਜ਼ਿਕਰ ਕਰਦੇ ਹਨ।

ਗੁਲਾਮ ਵਕਰੇਤਿਆਂ ਦੇ ਮਾਲਿਕ ਅਲੱਤਜੱਰ ਨੇ ਬੜੀ ਦਿਆਲਤਾ ਨਾਲ ਅਸ਼ਰਫ਼ ਦੇ ਗੂੰਗੇ ਸੱਕੜੇ ਦਾਦੇ ਨੂੰ ਵਾਪਸ ਰਤਨਾਤ ਭੇਜ ਦਿੱਤਾ ਤੇ ਉਹ ਆਪਣੇ ਜੀਵਨ ਦੇ ਬਾਕੀ ਦਿਨ ਪਿੰਡ ਦੀਆਂ ਗਲੀਆਂ 'ਚ ਇਕਤਾਰਾ ਵਜਾ-ਵਜਾ ਕੇ ਆਪਣੀ ਲੰਮੀ ਉਮਰ ਖਾਮੋਸ਼ੀ ਨਾਲ ਗੁਜ਼ਾਰ ਗਿਆ।

ਪਰ ਤੁਸੀਂ ਇਸ ਕੋਲ ਪਰਿਵਾਰ ਦੀ ਤਾਰੀਖੀ ਦਾਸਤਾਨ ਕਿਥੋਂ ਤੱਕ ਸੁਣੋਗੇ ਤੇ ਕੋਲ, ਦਰਾਵਿੜਾਂ, ਭੀਲਾਂ ਤੇ ਸ਼ੂਦਰਾਂ ਦੀਆਂ ਜੀਵਨੀਆਂ ਵਿਚ ਕਿਥੋਂ ਤੱਕ ਮੇਰਾ ਸਾਥ ਦਿਓਗੇ ? ਤੁਸੀਂ ਇਕ ਸਿੱਧੀ ਜਿਹੀ ਗੱਲ ਸੁਣ ਲਓ ਕਿ ਭਿਖਮੰਗੇ ਅਸ਼ਰਫ਼ ਦਾ ਪੜਦਾਦਾ ਮੌਲਵੀ ਰਹਮਤੁੱਲਾਹ ਦੇ ਹੱਥੋਂ ਮੁਸਲਮਾਨ ਹੋ ਕੇ ਆਪਣੀ ਬਰਾਦਰੀ ਨਾਲੋਂ ਵੱਖਰਾ ਹੋ ਗਿਆ। ਉਹ ਆਪ ਵੱਖਰਾ ਹੋਇਆ ਜਾਂ ਉਹਦੀ ਬਰਾਦਰੀ ਨੇ ਉਹਨੂੰ ਧੱਕੇ ਦੇ ਕੇ ਆਪਣੇ ਹਲਕੇ 'ਚੋਂ ਬਾਹਰ ਕੱਢ ਦਿੱਤਾ, ਇਸ ਦੀ ਇਤਿਹਾਸਕ ਗੁਆਹੀ ਕਿਸੇ ਕਿਤਾਬ ਵਿਚ ਨਹੀਂ ਮਿਲਦੀ ਪਰ ਉਹ ਆਪਣੇ ਘਰੋਂ, ਆਪਣੇ ਪਿੰਡੋਂ, ਆਪਣੇ ਇਲਾਕੇ ਤੋਂ ਵੱਖਰਾ ਹੋ ਕੇ ਥਾਰ ਪਾਰ ਕਰਕੇ ਰੇਗਿਸਤਾਨ ਵਿਚ ਠਾਕਰਾਂ ਦੀਆਂ ਭੇਡਾਂ, ਬਕਰੀਆਂ ਚਾਰਨ ਲੱਗ ਪਿਆ ਪਰ ਜਦੋਂ ਉਸ ਦੀ ਪਤਨੀ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਉਹ ਇਕ ਸਾਹਨੀ ਔਰਤ ਨਾਲ ਰਲ ਕੇ ਸਾਹਨੇ ਫੜਦਾ ਹੈ ਤੇ ਦੋਵੇਂ ਸਾਹਨਿਆਂ ਦੇ ਤੇਲ ਦੀਆਂ ਕੁਪੀਆਂ ਭਰ ਕੇ ਸਰਦਾਰਾਂ ਵਿਚ ਵੰਡਦੇ ਹਨ ਤਾਂ ਉਹ ਆਪਣੇ ਦੋਵੇਂ ਬੱਚੇ ਨਾਲ ਲੈ ਕੇ ਥਾਰ ਪਾਰ ਕੇ ਉਥੇ ਪਹੁੰਚ ਗਈ ਤੇ ਉਸ ਸਾਹਨੀ ਨੂੰ ਗੁਤੋਂ ਫੜ ਕੇ ਬਾਬੇ ਦੇ ਘਰੋਂ ਕੱਢ ਦਿੱਤਾ।

ਇਹ ਜਿਹੜਾ ਅਸ਼ਰਫ਼ ਏ ਨਾ, ਜਿਹੜਾ ਦਾਤਾ-ਦਰਬਾਰ ਦੇ ਪਿੱਛੇ ਸਿੱਲੀ ਜ਼ਮੀਨ 'ਤੇ ਡਾਲਡੇ ਦਾ ਡੱਬਾ ਸਾਹਮਣੇ ਰੱਖ ਕੇ ਲੋਹੇ ਦੀ ਦੁਕਾਨ ਦੇ ਸਾਈਨ ਬੋਰਡ 'ਤੇ ਨਜ਼ਰਾਂ ਗੱਢ ਕੇ ਭੀਖ ਮੰਗਿਆ ਕਰਦਾ ਹੈ, ਇਹ ਉਸ ਬਾਬੇ ਦੇ ਜਿਗਰ ਦਾ ਖਾਸ ਟੋਟਾ ਹੈ ਜਿਸ ਨੇ ਇਕ ਸੌ ਤੀਹ ਸਾਲਾਂ ਦੀ ਉਮਰ ਭੋਗ ਕੇ ਝੱਡੂ ਦੇ ਇਸ ਸੰਘਣੇ ਰੁਖ ਹੇਠਾਂ ਜਾਨ ਦਿੱਤੀ ਸੀ ਤੇ ਅਸ਼ਰਫ਼ ਨੂੰ ਤਿੰਨ ਦਿਨਾਂ ਦਾ ਛੱਡ ਕੇ ਮੋਇਆ ਸੀ।

ਅਸ਼ਰਫ਼ ਘੁੰਮਦਾ ਘੁੰਮਦਾ, ਕਲੀਨਰੀ ਕਰਦਾ ਡਰਾਈਵਰੀ ਦੇ ਸ਼ੌਂਕ 'ਚ ਲਾਹੌਰ ਆ ਗਿਆ ਤੇ ਆਪਣੇ ਵੱਡੇ ਅਫ਼ਸਰ ਦੇ, ਅਡੀਸ਼ਨਲ ਆਫ਼ੀਸਰ ਦੇ ਅਸਿਸਟੈਂਟ ਆਫੀਸਰ ਦੇ ਘਰ 20 ਰੁਪਏ ਮਹੀਨੇ ਦੇ ਰੋਟੀ-ਕੱਪੜੇ 'ਤੇ ਨੌਕਰੀ ਕਰ ਲਈ।

ਇਹ ਅਫ਼ਸਰ ਲਾਹੌਰ ਸ਼ਹਿਰ ਤੋਂ ਬਹੁਤ ਦੂਰ ਸਰਕੰਡਿਆਂ ਦੇ ਸਮੁੰਦਰ ਤੇ ਨਆਉਂ ਗੁਫਾਵਾਂ ਤੋਂ ਬੱਲਮ-ਸਰਦਾਰ ਲੁਟੇਰਿਆਂ ਨੂੰ ਕੱਢ ਕੇ ਇਕ ਖੂਬਸੂਰਤ ਤੇ ਮਾਡਰਨ ਬਸਤੀ ਵਸਾ ਰਹੇ ਸਨ ਜਿਸ ਦਾ ਨਾਂ ਉਹਨਾਂ ਨੇ ਗੁਲਬਰਗ ਰੱਖਿਆ ਸੀ।

ਉਹਨਾਂ ਤਿੰਨਾਂ ਅਫ਼ਸਰਾਂ ਕੋਲ ਆਪਣੀਆਂ ਆਪਣੀਆਂ ਗੱਡੀਆਂ ਤੋਂ ਇਲਾਵਾ ਬਹੁਤ

ਸਾਰੀਆਂ ਸਰਕਾਰੀ ਮੋਟਰਾਂ ਵੀ ਸਨ। ਅਸ਼ਰਫ਼ ਨੂੰ ਪੱਕਾ ਵਿਸ਼ਵਾਸ ਸੀ ਕਿ ਉਹ ਮੌਕਾ ਪਾ ਕੇ ਤੇ ਮਿਨੰਤ ਤਰਲਾ ਕਰਕੇ ਡਰਾਈਵਰਾਂ ਤੋਂ ਡਰੈਵਰੀ ਸਿੱਖ ਲਏਗਾ ਤੇ ਫਿਰ ਪੱਕਾ ਲਾਈਸੈਂਸ ਬਣਾ ਕੇ ਟਰੱਕ ਚਲਾਇਆ ਕਰੇਗਾ। ਉਹਦੇ ਸਾਹਬ ਨੂੰ ਅਸ਼ਰਫ਼ ਦੀ ਇਹ ਯੋਜਨਾ ਪਸੰਦ ਨਹੀਂ ਸੀ, ਕਿਉਂਕਿ ਇਸ ਤਰ੍ਹਾਂ ਇਕ ਚੰਗੇ ਨੌਕਰ ਦਾ ਹੱਥੋਂ ਨਿਕਲ ਜਾਣ ਦਾ ਡਰ ਸੀ ਇਸ ਲਈ ਉਹਨੇ ਡਰਾਈਵਰਾਂ ਨੂੰ ਮਨਾ ਕਰ ਦਿੱਤਾ ਕਿ ਅਸ਼ਰਫ਼ ਨੂੰ ਮੋਟਰਾਂ ਦੇ ਲਾਗੇ ਨਾ ਆਉਣ ਦਿਆ ਕਰਨ ਤੇ ਇਸ ਵੇਲੇ ਉਹਨੂੰ ਡਰਾਈਵਰੀ ਸਿੱਖਣ ਤੋਂ ਦੂਰ ਰੱਖਣ। ਉਹਨਾਂ ਨੇ ਕਿਹਾ ਕਿ ਜਦੋਂ ਸਹੀ ਸਮਾਂ ਆਵੇਗਾ ਤਾਂ ਉਹ ਆਪ ਅਸ਼ਰਫ਼ ਨੂੰ ਡਰਾਈਵਰੀ ਸਿਖਾ ਦੇਣਗੇ ਤੇ ਉਸ ਨੂੰ ਖੁਦ ਗੁਲਬਰਗ-ਯੋਜਨਾ ਵਿਚ ਸਰਕਾਰੀ ਨੌਕਰੀ ਦੁਆਰਾ ਦੇਣਗੇ।

ਉਸ ਅਫ਼ਸਰ ਦਾ ਨਾਂ ਸਲਾਹੁੱਦੀਨ ਸੀ। ਉਹ ਰਿਸ਼ਵਤ ਲੈਣ ਵਾਲੀ ਸੀਟ 'ਤੇ ਹੁੰਦਾ ਹੋਇਆ ਵੀ ਉਨੀ ਰਿਸ਼ਵਤ ਨਹੀਂ ਸੀ ਲੈਂਦਾ ਜਿਹੜੀ ਉਸ ਦੇ ਹੱਕ ਤੋਂ ਬਹੁਤੀ ਹੋਵੇ।

ਸਲਾਹੁੱਦੀਨ ਦਾ ਪੁੱਤ ਸੁਹਲ ਇਕ ਮੋਟੇ ਦਿਮਾਗ਼ ਦਾ ਲਾਪਰਵਾਹ ਤੇ ਮੋਟਾ ਬੱਚਾ ਸੀ ਜਿਹਨੂੰ ਭਵਿੱਖ ਵਿਚ ਸੌਖ ਦੇਣ ਲਈ ਚੰਗੇ ਜਿਹੇ ਕਾਲਿਜ ਵਿਚ ਦਾਖਲ ਕਰਵਾ ਦਿੱਤਾ ਗਿਆ ਸੀ। ਇਸ ਬੱਚੇ ਨੂੰ ਬਾਕਾਇਦਗੀ ਨਾਲ ਕਾਲਿਜ ਲੈ ਜਾਣ ਤੇ ਛੁੱਟੀ ਹੋਣ ਤੱਕ ਉਹਦੀਆਂ ਲੋੜਾਂ ਦਾ ਧਿਆਨ ਰੱਖਣ ਵਾਸਤੇ ਅਸ਼ਰਫ਼ ਦੀ ਹਰ ਵੇਲੇ ਡਿਊਟੀ ਲੱਗਾ ਦਿੱਤੀ ਗਈ ਸੀ। ਅਸ਼ਰਫ਼ ਕਾਲਜ ਦੇ ਲਾਨ ਵਿਚ ਬੈਠਾ ਤੋਤੇ, ਚਿੜੀਆਂ, ਗਿਲਹਰੀਆਂ ਤੇ ਜੰਗਲੀ ਨਿਓਲੇ ਵੇਖ-ਵੇਖ ਕੇ ਜਦੋਂ ਬਿਲਕੁਲ ਹੀ ਬੋਰ ਹੋ ਗਿਆ ਤਾਂ ਉਹਨੇ ਵੀ ਨਿੱਕੇ ਸਾਹਬ ਵਾਂਗ ਵਿਦਿਆ ਪ੍ਰਾਪਤ ਕਰਨ ਦਾ ਮਨ ਬਣਾ ਲਿਆ ਤੇ ਉਹ ਬਾਜ਼ਾਰੋਂ ਅੰਗਰੇਜ਼ੀ ਦੀ ਇਕ ਪੁਸਤਕ ਲੈ ਆਇਆ।

ਚੰਗਮ ਚਬਾਉਣ ਵਾਲੇ ਮੋਟੇ ਮੋਟੇ ਮੁੰਡੇ ਜਦੋਂ ਡਰਿਲ ਕਰਨ ਤੇ ਆਪਣਾ ਵੇਹਲਾ ਸਮਾਂ ਗੁਜ਼ਾਰਨ ਲਈ ਗਰਾਊਂਡ ਵਿਚ ਆਉਂਦੇ ਤਾਂ ਅਸ਼ਰਫ਼ ਉਹਨਾਂ ਕੋਲੋਂ ਸਬਕ ਲੈ ਕੇ ਅੱਖਰਾਂ ਦੀਆਂ ਸ਼ਕਲਾਂ ਬਣਾਉਣ ਲੱਗਾ। ਅਖਰਾਂ ਦੀਆਂ ਸ਼ਕਲਾਂ ਚੇਤੇ ਕਰਦਾ ਕਰਦਾ ਤੇ ਉਥੇ ਦੇ ਤਿੰਨ ਦਿਆਲੂ ਅਧਿਆਪਕਾਂ ਤੋਂ ਹਰ ਰੋਜ਼ ਪਾਠ ਪੜ੍ਹਦਾ-ਪੜ੍ਹਦਾ ਸਿੰਧ ਘਾਟੀ ਦੇ ਇਕ ਪੁਰਾਣੇ ਘਰਾਣੇ ਦਾ ਪੁੱਤ ਚੋਟੀ-ਚੋਰੀ ਮੈਟਰਿਕ ਦੇ ਦਰਜੇ ਤੱਕ ਪਹੁੰਚ ਗਿਆ।

ਸਾਹਬ ਤੋਂ ਇਕ ਮਹੀਨੇ ਦੀ ਛੁੱਟੀ ਲੈ ਕੇ, ਇਹ ਸਾਰਾ ਸਮਾਂ ਰਸੋਈਏ ਦੇ ਸਹੁਰੇ ਦੇ ਘਰ ਰਹਿ ਕੇ ਅਸ਼ਰਫ਼ ਨੇ ਪ੍ਰਾਈਵੇਟ ਤੌਰ 'ਤੇ ਦਸਵੀਂ ਦੀ ਪ੍ਰੀਖਿਆ ਦੇ ਦਿੱਤੀ। ਪਰ ਉਸ ਵਿਚਾਰੇ ਗਰੀਬ ਤੇ ਬੇਸਹਾਰਾ ਅਸ਼ਰਫ਼ ਦੀ ਬਦਕਿਸਮਤੀ ਵੇਖੋ ਕਿ ਉਹ ਮੈਥੇਮੈਟ੍ਰਿਕ ਵਿਚ ਹੁਸ਼ਿਆਰ ਹੋਣ ਕਰਕੇ ਪੰਜਾਬ ਵਿਚ ਤੀਜੇ ਨੰਬਰ 'ਤੇ ਆ ਕੇ ਆਪਣੀ ਨੌਕਰੀ ਗੁਆ ਬੈਠਾ।

ਉਹ ਟਿਕਟ ਜਿੰਨੀ ਨਿੱਕੀ ਜਿਹੀ ਤਸਵੀਰ ਜਿਹੜੀ ਅੰਗਰੇਜ਼ੀ ਦੀ ਅਖ਼ਬਾਰ 'ਚ ਛਪੀ ਸੀ, ਵੇਖ ਕੇ ਬੇਗਮ ਸਾਹਿਬਾਂ ਨੂੰ ਇੰਨਾ ਗੁੱਸਾ ਆਇਆ ਕਿ ਉਹਦੇ ਦੋਹਥੱੜ ਨਾਲ ਸਲਾਹੁੱਦੀਨ ਦੀ ਸੇਫਟੀ ਪਟੱਕ ਕਰਕੇ ਸਾਹਮਣੇ ਸਿੰਕ ਵਿਚ ਡਿੱਗ ਪਈ ਤੇ ਉਹਦੇ ਚਿਹਰੇ 'ਤੇ ਦੋ ਟੱਕ ਲੱਗ ਗਏ।

ਬੇਗਮ ਸਾਹਿਬਾਂ ਉੱਚੀ ਉੱਚੀ ਚੀਕ ਕੇ ਇਕੋ ਈ ਗੱਲ ਕਹਿ ਰਹੀ ਸੀ, "ਇਸ ਹਰਾਮਜ਼ਾਦੇ ਨੂੰ ਬੇਬੀ ਲੁਕ-ਆਫਟਰ ਕਰਨ ਲਈ ਭੇਜਿਆ ਸੀ ਕਿ ਨਵਾਬਜ਼ਾਦੇ ਨੂੰ ਸਿਖਿਆ ਪ੍ਰਾਪਤ ਕਰਨ ਲਈ ਕਾਲਿਜ ਵਿਚ ਦਾਖਲ ਕਰਵਾਇਆ ਸੀ ?" ਬੇਗਮ ਸਾਹਿਬਾਂ ਇੰਨੀ ਗੁੱਸੇ ਵਿਚ ਸੀ ਕਿ ਉਹ 'ਹਰਾਮਜ਼ਾਦੇ' ਤੇ 'ਨਵਾਬਜ਼ਾਦੇ' ਨੂੰ ਇਕੋ ਜਿਹਾ ਸਮਝ ਕੇ ਬਾਰ-ਬਾਰ ਇਸਤੇਮਾਲ ਕਰ ਰਹੀ ਸੀ। ਸਮਾਂ ਗੁਜ਼ਰਨ ਦੇ ਨਾਲ-ਨਾਲ ਉਹਦੇ 'ਚ ਗੁੱਸਾ ਘਟਣ ਦੀ ਬਜ਼ਾਏ ਹੋਰ ਵੱਧਦਾ ਜਾ ਰਿਹਾ ਸੀ। ਸਾਹਬ ਨੇ ਆਪਣੀ ਪਤਨੀ ਨੂੰ ਇਸ ਤਰ੍ਹਾਂ ਦੁੱਖ ਨਾਲ ਰੋਂਦਿਆ ਕਦੀ ਨਹੀਂ ਸੀ ਵੇਖਿਆ।



ਇਸ ਦੇ ਬਾਵਜੂਦ ਉਸ ਵੇਲੇ ਸਾਰੇ ਦੇ ਪੜ੍ਹੇ-ਲਿਖੇ ਤੇ ਸ਼ਿਕਸ਼ਤ ਲੋਕ ਵਿਦਿਅਕ-ਧਨ ਨੂੰ ਜਨਸਧਾਰਨ ਤੱਕ ਪਹੁੰਚਾਨ ਤੇ ਰੱਬ ਵੱਲੋਂ ਦਿੱਤੇ ਗਏ ਦੇਸ਼ (ਪਾਕਿਸਤਾਨੀ) ਦੇ ਹਰ ਵਿਅਕਤੀ ਨੂੰ ਸਿਖਿਆ ਦੇ ਗਹਿਣੇ ਨਾਲ ਸਜਾਉਣ ਦੇ ਆਰਜ਼ੂਮੰਦ ਮਸ ਪਰ ਇਸ ਸਿਖਿਆ ਤੋਂ ਉਹਨਾਂ ਦਾ ਉਦੇਸ਼ ਸਿਰਫ਼ ਅੱਖਰ-ਗਿਆਨ ਦੀ ਦੌਲਤ ਦੀ ਆਸ ਕਰਨਾ ਸੀ, ਉੱਚ ਸਿਖਿਆ ਦੇ ਗੁਰ ਸਿਖਾਉਣਾ ਨਹੀਂ ਸੀ। ਬੜੇ-ਬੜੇ ਵਿਦਵਾਨ, ਮੌਲਵੀ-ਮੁੱਲਾ, ਗਿਆਨ ਵਾਨ ਲੋਕ ਦੇਸ਼ ਵਿਚ ਸਿਖਿਆ ਨੂੰ ਫੈਲਾਉਣ ਲਈ ਪਾਣੀ ਬਿਨਾਂ ਮੱਛੀ ਵਾਂਗ ਤੜਫ਼ ਰਹੇ ਸਨ ਪ੍ਰੰਤੂ ਉਹ ਸਿਖਿਆ ਦੀਆਂ ਦੋ ਧਾਰਾਵਾਂ ਨੂੰ ਵੱਖ-ਵੱਖ ਲੈ ਕੇ ਚਲਣ ਦੇ ਇੱਛੁਕ ਸਨ। ਬ੍ਰਾਹਮਣਾਂਜਾਦਿਆਂ (ਉੱਚੇ ਤਬਕੇ ਦੇ ਲੋਕਾਂ) ਵਾਸਤੇ ਸਿਖਿਆ ਦਾ ਪ੍ਰਬੰਧ ਵੱਖਰਾ ਹੋਵੇ ਤੇ ਗਰੀਬ ਲੋਕਾਂ ਲਈ ਆਮ ਸਿਖਿਆ ਦਾ ਬੰਦੋਸਤ ਹੋਵੇ ਤਾਂ ਜੋ ਇਕ ਦੂਜੇ ਨਾਲ ਰਲ-ਮਿਲ ਨਾ ਸਕਣ ਤੇ ਉਹਨਾਂ ਦੇ ਵਿਚਕਾਰ ਪੁਰਾਣੇ ਜ਼ਮਾਨੇ ਦਾ ਮੇਲ ਮਿਲਾਪ ਤੇ ਪ੍ਰੇਮ ਕਾਇਮ ਰਹੇ।

ਸਿੰਧ ਘਾਟੀ ਦੀ ਕੋਲ ਡਾਈਨੇਸਿਟੀ ਦੇ ਇਕ ਵਿਅਕਤੀ ਮੁਹੰਮਦ ਅਸ਼ਰਫ਼ ਦੇ ਕੰਨਾਂ ਵਿਚ ਜਦੋਂ ਗਣਿਤ ਦੇ ਫਾਰਮੂਲੇ, ਜੁਮੈਟਰੀ ਤੇ ਬੀਜਗਣਿਤ (ਅਲਜਬਰੇ) ਦੇ ਫਾਰਮੂਲੇ ਬਹੁਤ ਡੂੰਘੇ ਉਤਰ ਗਏ ਤਾਂ ਆਪਣੇ ਖਾਨਦਾਨ ਨੂੰ ਹਮੇਸ਼ਾ ਲਈ ਸ਼ਾਂਤੀ ਪ੍ਰਦਾਨ ਕਰਨ ਵਾਸਤੇ ਸਲਾਹੁੱਦੀਨ ਸਾਹਬ ਨੇ ਅਸ਼ਰਫ਼ 'ਤੇ ਚੋਰੀ ਦਾ ਮੁਕਦਮਾ ਬਣਵਾ ਕੇ ਉਹਨੂੰ ਕੈਦ ਕਰਵਾ ਦਿੱਤਾ।

ਲਿਖਾਈ ਚੰਗੀ ਹੋਣ ਕਰਕੇ ਅਸ਼ਰਫ਼ ਨੂੰ ਜੇਲ੍ਹ ਦੇ ਦਫ਼ਤਰ ਵਿਚ ਮੁਲਾਕਾਤੀਆਂ ਦੇ ਰਜਿਸਟਰ ਦੀ ਦੇਖਭਾਲ ਦੇ ਕੰਮ ਲੱਗਾ ਦਿੱਤਾ ਗਿਆ। ਉਹਨੂੰ ਪੜ੍ਹਣ ਲਿਖਣ ਲਈ ਕਾਫ਼ੀ ਵਕਤ, ਬਹੁਤ ਸਾਰੀ ਸਟੇਸ਼ਨਰੀ ਤੇ 24 ਘੰਟੇ ਚਲਨ ਵਾਲਾ ਛੱਤ ਦਾ ਪੱਖਾ ਵੀ ਮੁਫ਼ਤ ਮਿਲ ਗਿਆ।

ਦੋ ਸਾਲ ਦੀ ਬਾਮੁਸ਼ੱਕਤ ਕੈਦ ਸੀ ਤੇ ਦੋ ਸਾਲਾਂ ਵਿਚ ਅਸ਼ਰਫ਼ ਫਰਸਟ ਕਲਾਸ ਐਫ. ਏ. (+2) ਤਾ ਕਰ ਗਿਆ ਪਰ ਇਸ ਵਾਰ ਉਹਦੀ ਪੋਜੀਸ਼ਨ ਨੂੰ ਬੜਾ ਧੱਕਾ ਲੱਗਾ ਤੇ ਯੂਨੀਵਰਸਿਟੀ ਵਿਚ ਉਹਦਾ ਪੰਜਵਾਂ ਨੰਬਰ ਆਇਆ।

ਇਲਮ ਦੀ ਆਕੜ ਬੜੀ ਜਾਲਮ ਆਕੜ ਹੈ। ਇਹ ਇਲਮ ਦੇ ਪਰਦੇ 'ਚ ਬੇਇਲਮ ਤੇ ਮਾਸੂਮ ਰੂਹਾਂ 'ਤੇ ਬੜੇ ਭਿਆਨਕ ਹਮਲੇ ਕਰਦੀ ਹੈ। ਗਿਆਨ ਤੇ ਜਾਣਕਾਰੀ ਦੀ ਪ੍ਰਾਪਤੀ ਆਪਣੇ ਨਜ਼ਦੀਕੀ ਲੋਕਾਂ ਨੂੰ ਭੈ-ਭੀਤ ਕਰਨ ਤੇ ਉਹਨਾਂ ਦੇ ਵਹਿਮਾਂ ਵਿਚ ਵਾਧਾ ਕਰਨ ਲਈ ਕੀਤੀ ਜਾਂਦੀ ਹੈ। ਇਕ ਜਾਣਕਾਰ ਇਕ ਅਨਜਾਨ ਤੋਂ ਸਿਰਫ਼ ਇਸ ਲਈ ਉੱਚਾ ਤੇ ਵਧੀਆ ਤੇ ਸੁਪੀਰਿਅਰ ਹੁੰਦਾ ਹੈ ਕਿ ਉਸਨੇ ਵਾਕਫ਼ੀਅਤਾਂ, ਜਾਣਕਾਰੀਆਂ, ਖਬਰਾਂ, ਗੁਣਾਂ ਦੇ ਬਹੁਤ ਸਾਰੇ ਖਜ਼ਾਨੇ ਆਪਣੀ ਅਕਲ ਦੀ ਪਟਾਰੀ ਵਿਚ ਇਕੱਠੇ ਕੀਤੇ ਹੋਏ ਹਨ। ਉਹ ਜਿਸ ਬਸਤੀ, ਆਬਾਦੀ ਤੇ ਨਗਰੀ ਵਿਚ ਵੀ ਜਾਂਦਾ ਹੈ ਆਪਣੀ ਪਿਟਾਰੀ ਖੋਲ੍ਹੇ ਬਿਨਾਂ ਉਥੋਂ ਦੇ ਲੋਕਾਂ ਨੂੰ ਸੀਸ ਨਿਵਾਉਣ ਤੇ ਆਪਣੇ ਅੱਗੇ ਝੁਕਣ ਲਈ ਮਜ਼ਬੂਰ ਕਰ ਦਿੰਦਾ ਹੈ। ਡਾਕਟਰ, ਵਕੀਲ, ਮੁੱਲਾ, ਉਪਦੇਸ਼ਕ, ਸਿਆਸਤਦਾਨ, ਗਿਆਨਵਾਨ, ਵਕਤਾ, ਪੱਤਰਕਾਰ, ਪ੍ਰਤੀਨਿੰਧ ਆਪਣੇ ਨਾਲੇਜ ਤੇ ਆਪਣੀ ਜਾਣਕਾਰੀ ਦੇ ਪੰਘਰੇ ਹੋਏ ਸੀਸੇ ਨੂੰ ਨਾ ਜਾਣਨ ਵਾਲੇ (ਅਗਿਆਨੀ) ਲੋਕਾਂ ਦੇ ਕੰਨਾਂ ਵਿਚ ਪਾ ਕੇ ਉਹਨਾਂ ਨੂੰ ਸਦਾ ਵਾਸਤੇ ਗੂੰਗੇ ਤੇ ਹਮੇਸ਼ਾ ਲਈ ਦੁਖੀ ਕਰ ਦਿੰਦੇ ਹਨ। ਗਿਆਨਵਾਨ ਇਹ ਨਹੀਂ ਚਾਹੁੰਦਾ ਕਿ ਉਸ ਦੇ ਗਿਆਨ ਦਾ ਕੋੜਿਆਲਾ ਕਿਸੇ ਹੋਰ ਕੋਲ ਜਾਏ ਤੇ ਉਸਦੀ ਪਟਾਰੀ ਖਾਲੀ ਕਰ ਜਾਵੇ। ਉਹ ਇਹ ਜ਼ਰੂਰ ਚਾਹੁੰਦਾ ਹੈ ਕਿ ਉਸ ਦੇ ਗਿਆਨ ਦਾ ਕਾਲਾ ਨਾਗ ਹਰ ਬੇਇਲਮ ਨੂੰ ਡੰਗ ਮਾਰ ਕੇ ਵਾਪਸ ਉਹਦੇ ਕੋਲ ਆ ਜਾਏ ਤਾਂ ਜੁ ਉਹ ਅਗਲੇ ਆਪਰੇਸ਼ਨ ਦੀ ਤਿਆਰੀ ਕਰ ਸਕੇ। ਸੱਚ ਤਾਂ ਇਹ ਹੈ ਕਿ ਗਿਆਨ-ਦਾਨ ਅਗਿਆਨੀ ਨੂੰ ਸ਼ਰਮਿੰਦਗੀ, ਬੇਚਾਰਗੀ, ਨੀਵੇਂਪਨ ਤੋਂ ਸਿਵਾ ਹੋਰ ਕੁਝ ਨਹੀਂ ਦੇ ਸਕਦਾ।

ਅਸ਼ਰਫ਼ ਨੇ ਮਿਹਨਤ ਕਰਕੇ ਏ. ਬੀ. ਕੋਰਸ ਮੈਥੇਮੈਟ੍ਰਿਕ ਵਾਲਾ ਬੀ. ਏ. ਤਾਂ ਕਰ ਲਿਆ ਪਰ ਇਨ੍ਹਾਂ ਦੋ ਸਾਲਾਂ 'ਚ ਉਹਨੇ ਧੱਕੇ ਬਹੁਤ ਖਾਂਦੇ। ਨੌਕਰੀਆਂ ਬਹੁਤ ਬਦਲੀਆਂ, ਮਾਰਾਂ ਵੀ ਖਾਧੀਆਂ ਤੇ ਜਲੀਲ ਵੀ ਕਾਫ਼ੀ ਹੋਇਆ। ਪਰ ਇੰਨਾ ਕੁਝ ਕਰ ਚੁੱਕਣ ਦੇ ਬਾਅਦ ਉਹਨੂੰ ਸ਼ਾਂਤੀ ਤੇ ਅਰਾਮ ਦੀਆਂ ਘੜੀਆਂ ਫਿਰ ਵੀ ਨਸੀਬ ਨਾ ਹੋ ਸਕੀਆਂ। ਬੜੀ ਕਠਨਾਈ ਤੋਂ ਮਗਰੋਂ ਇਕ ਨੌਕਰੀ ਮਿਲੀ। ਉਹ ਵੀ ਡਰਾਈਵਰੀ ਦੀ। ਡਰਾਈਵਰੀ ਵੀ ਲੈਂਡ ਕਰੋਜ਼ਰ ਦੀ ਤੇ ਲੈਂਡ ਕਰੋਜ਼ਰ ਵੀ ਲਾਹੌਰ ਦੀ ਨਹੀਂ, ਥਲ ਡਿਵੈਪਮੈਂਟ ਅਥਾਰਿਟੀ ਦੀ ਜਿਥੇ ਰੇਤ ਈ ਰੇਤ ਸੀ, ਜਿਥੇ ਇਕ ਨਵੀਂ ਦੁਨੀਆਂ ਆਬਾਦ ਹੋਣ ਦਾ ਵੱਡਾ ਸਾਰਾ ਵਾਇਦਾ ਪਲ ਕੇ ਜੁਆਨ ਹੋ ਰਿਹਾ ਸੀ।

ਅਸ਼ਰਫ਼ ਦਾ ਸਾਹਬ ਬਿੱਲ ਡਾਲਟਨ, ਇਕ ਅਮਰੀਕੀ ਗੋਰਾ ਸੀ। ਬਿਲ ਨੇ ਹੁਣੇ ਜਿਹੇ ਈ ਆਪਣੀ ਪਤਨੀ ਨੂੰ ਤਲਾਕ ਦਿੱਤਾ ਸੀ ਤੇ ਉਸ ਦੀ ਜੁਦਾਈ ਦੇ ਭਾਰ ਨੂੰ ਲਾਹੁਣ ਲਈ ਪਾਸਿਕਤਾਨ ਆ ਗਿਆ ਸੀ ਕਿਉਂਕਿ ਇਥੇ ਅਮਰੀਕੀ ਮਾਹਿਰਾਂ ਨੂੰ ਬਹੁਤ ਹੀ ਜ਼ਿਆਦਾ ਤਨਖਾਹ ਮਿਲਦੀ ਸੀ। ਡਾਲਟਨ ਵੀ ਆਪਣੇ ਸਾਥੀ ਅਮਰੀਕੀ ਮਾਹਿਰਾਂ ਵਾਂਗ ਆਲਸੀ-ਮੂਰਖ ਸੀ ਤੇ ਇਸੇ ਲਈ ਉਹਨੂੰ ਕਿਸਮਤ 'ਚ ਬਹੁਤਾ ਵਿਸ਼ਵਾਸ ਸੀ। ਉਸ ਦਾ ਵਿਚਾਰ ਸੀ ਕਿ ਜੇਕਰ ਕਿਸਮਤ ਸਾਥ ਵੇ ਤਾਂ ਰਾਹ ਭੁਲਿਆ ਹੋਇਆ ਇਨਸਾਨ ਅਮਰੀਕਾ ਵਰਗਾ ਵੱਡਾ ਦੇਸ਼ ਖੋਜ ਸਕਦਾ ਹੈ।

ਬਿਲ ਡਾਲਟਨ ਖੇਤੀ-ਬਾੜੀ ਵਿਭਾਗ, ਖੇਤੀ, ਬਾੜੀ ਯੂਨੀਵਰਸਿਟੀ ਤੇ ਲਾਹੌਰ ਮੈਕਰੀਫਰੀਏਟ ਵਿਚ ਘੁੰਮ ਫਿਰ ਕੇ 'ਕੁਝ' ਕਰਦਾ ਸੀ ਤੇ ਮੀਟਿੰਗਾਂ ਈ ਮੀਟਿੰਗਾਂ ਅਟੈਂਡ ਕੀਤਾ ਕਰਦਾ ਸੀ। ਅਸ਼ਰਫ਼ ਜਿਹੜਾ ਬਾਹਰ ਮੋਟਰ 'ਚ ਬਹਿ ਕੇ ਆਪਣੇ ਸਾਹਬ ਦੀ ਵੀ ਉਡੀਕ ਕਰਦਾ ਸੀ, ਇਹ ਬਿਲੁਕਲ ਨਹੀਂ ਸੀ ਜਾਣਦਾ ਕਿ ਡਾਲਟਨ ਕੀ ਕਰਦਾ ਏ ? ਖੁਦ ਡਾਲਟਨ ਨੂੰ ਵੀ ਆਪ ਚੰਗੀ ਤਰ੍ਹਾਂ ਪਤਾ ਨਹੀਂ ਸੀ ਕਿ ਉਹ ਕੀ ਕਰਦਾ ਏ ਤੇ ਉਹਦੇ ਜ਼ੁਮੇ ਕੀ ਕੰਮ ਏ ? ਬੱਸ ਕੁਝ ਹੋ ਰਿਹਾ ਸੀ ਤੇ ਇਹ ਹੋਣਾ "ਥਲ ਡਿਵੈਂਲਪਮੈਂਟ ਅਥਾਰਟੀ" ਨਾਲ ਸੰਬੰਧਤ ਸੀ ਜਿਹਦੇ ਬਾਰੇ 'ਚ ਉਹ ਵੀ ਕੁਝ ਜਾਣਦੇ ਸਨ ਜਿਨ੍ਹਾਂ ਨੇ ਉਥੇ ਜ਼ਮੀਨਾਂ ਦੇ ਢੇਰ ਲਗਾਉਣੇ ਸ਼ੁਰੂ ਕਰ ਦਿੱਤੇ ਸਨ।

ਇਕ ਦਿਨ ਜਦੋਂ ਡਾਲਟਨ ਆਪਣੀ ਕਿਸੇ ਮੀਟਿੰਗ ਤੋਂ ਉਮੀਦ ਦੇ ਉਲਟ ਛੇਤੀ ਪਰਤ ਆਇਆ, ਤਾਂ ਉਸ ਨੇ ਅਸ਼ਰਫ਼ ਨੂੰ ਆਪਣੀ ਸੀਟ ਦੇ ਨਾਲ ਵਾਲੀ ਸੀਟ ਤੇ ਸਾਹਮਣੇ ਦੇ ਡੇਸ ਬੋਰਡ 'ਤੇ ਬਹੁਤ ਸਾਰੇ ਕਾਗਜ਼ ਤੇ ਨਕਸ਼ੇ ਖੋਲ੍ਹ ਕੇ ਵੇਖਦਿਆਂ ਵੇਖਿਆ। ਅਸ਼ਰਫ਼ ਨੇ ਛੇਤੀ-ਛੇਤੀ ਉਹਨਾਂ ਨੂੰ ਸਮੇਟਨ ਦੀ ਕੋਸ਼ਿਸ਼ ਕੀਤੀ ਤਾਂ ਡਾਲਟਨ ਨੇ ਮੁਸਕਰਾ ਕੇ ਕਿਹਾ, "ਇਹ ਸਭ ਕੀ ਏ ਅਸ਼ਰਫ਼ ?"

ਤਾਂ ਅਸ਼ਫ਼ਰ ਨੇ ਕਾਗਜ਼ 'ਕੱਠੇ ਕਰਦਿਆਂ ਕਿਹਾ, "ਇਹ ਨਊਕਿਲਯਰ ਫਿਜ਼ਕਸ ਦਾ ਰੀਡਿੰਗ ਮੈਟਰੀਅਲ ਹੈ ਸਰ।"

"ਪ੍ਰੰਤੂ ਤੇਰਾ ਇਸ ਨਾਲ ਵਾਸਤਾ ?" ਡਾਲਟਨ ਨੇ ਹੈਰਾਨ ਹੋ ਕੇ ਪੁੱਛਿਆ।

ਅਸ਼ਰਫ਼ ਨੇ ਸਾਹਬ ਦੀ ਸੀਟ 'ਤੇ ਕੱਪੜਾ ਫੇਰਦਿਆਂ ਕਿਹਾ, "ਇਹ ਸਭ ਗਣਿਤ ਹੈ ਸਰ ਤੇ ਜਿਸ ਤਰ੍ਹਾਂ ਫਿਜ਼ਿਕਸ ਦੀ ਜਾਨ ਗਣਿਤ ਏਂ, ਉਸੇ ਤਰ੍ਹਾਂ ਮੇਰੀ ਜਾਨ ਵੀ ਗਣਿਤ ਦੇ ਹੀਰਾਮਨ ਤੋਤੇ ਵਿਚ ਏ। ਮੈਂ ਇਸ ਦਾ ਆਸ਼ਿਕ ਹਾਂ।"

"ਤੂੰ ਕਿਸੇ ਬੁੜੀ ਨਾਲ ਪ੍ਰੇਮ ਨਾਲ ਕੀਤਾ ?" ਡਾਲਟਨ ਨੇ ਬੈਠਦਿਆਂ ਹੋਇਆਂ ਪੁੱਛਿਆ, "ਸਿਰਫ਼ ਗਣਿਤ ਨਾਲ ਈ ਕੋਰਟਸ਼ਿਪ ਕਰਦਾ ਰਿਹਾ ਏਂ ?"

ਅਸ਼ਰਫ ਨੇ ਸਿਰ ਝੁਕਾ ਕੇ ਚਾਬੀ ਘੁਮਾਈ ਅਤੇ ਲੇਂਡ ਕਰੇਜ਼ਰ ਸਟਾਰਟ ਕਰ ਦਿੱਤੀ।

ਏਨੇ ਚੰਗੇ ਡਰਾਈਵਰ, ਅਜਿਹੇ ਚੰਗੇ ਸਾਥੀ ਤੇ ਅਜਿਹੇ ਸੂਝਵਾਨ ਵਰਕਰ ਨੂੰ ਇੰਨੇ ਸਸਤੇ ਭਾਅ ਛੱਡਣਾ ਡਾਲਟਨ ਲਈ ਬਹੁਤ ਮੁਸ਼ਕਿਲ ਸੀ ਪਰ ਹਿੰਮਤ ਕਰਕੇ ਉਹਨੇ ਇਹ ਫੈਸਲਾ ਕਰ ਈ



ਲਿਆ। ਅਮਰੀਕਨ ਲੋਕ ਇਸ ਪ੍ਰਕਾਰ ਦੇ ਫੈਸਲੇ ਅਸਾਨੀ ਨਾਲ ਕਰ ਲਿਆ ਕਰਦੇ ਹਨ ਕਿਉਂਕਿ ਉਹਨਾਂ ਦੇ ਸੁਭਾਅ ਦੇ ਤਾਣੇ-ਪੇਟੇ ਵਿਚ ਆਜ਼ਾਦੀ, ਲੋਕ ਰਾਜ, ਮਨੁੱਖੀ ਹੱਕਾਂ ਤੇ ਵਿਅਕਤੀਗਤ ਵਿਚਾਰਾਂ ਦਾ ਪ੍ਰਗਟਾ ਦੇ ਬੁਨਿਆਵੀ ਤਕਾਜ਼ੇ ਤੇ ਉਹਨਾਂ ਦੀਆਂ ਤੰਦਾਂ ਜ਼ਰੂਰ ਸ਼ਾਮਿਲ ਹੁੰਦੇ ਹਨ। ਉਸ ਨੇ ਅਸ਼ਰਫ਼ ਨੂੰ ਆਪਣੇ ਖਰਚ 'ਤੇ ਆਪਣੀ ਸਾਬਕਾ ਪਤਨੀ ਕੋਲ ਇਕ ਸਿਫਾਰਸ਼ੀ ਪੱਤਰ ਦੇ ਕੇ ਭੇਜ ਦਿੱਤਾ ਕਿ ਉਹ ਇਹਨੂੰ ਕਿਸੇ ਚੰਗੀ ਯੂਨੀਵਰਸਿਟੀ ਵਿਚ ਦਾਖਲਾ ਲੈ ਦੇਵੇ ਤੇ ਇਸ ਦੇ ਖਰਚ-ਪਠੇ ਵਾਸਤੇ ਕੋਈ ਅਜਿਹੀ ਨੌਕਰੀ ਲੱਭ ਦੇਵੇ ਜਿਹਦੇ ਨਾਲ ਇਸ ਦੇ ਸਮੇਂ ਦੀ ਹਾਨੀ ਨਾ ਹੋਵੇ।

ਡੋਰੋਥੀ ਰਹਿੰਦੀ ਤਾਂ ਰੋਜਸਟਰ ਵਿਚ ਸੀ ਪਰ ਉਸ ਨੇ ਆਪਣੇ ਸੋਲਿਸਟਰ ਦੇ ਰਾਹੀਂ ਅਸ਼ਰਫ਼ ਦੇ ਦਾਖਲੇ ਦਾ ਇੰਤਜ਼ਾਮ ਨਿਊਯਾਰਕ ਯੂਨੀਵਰਸਿਟੀ ਵਿਚ ਕਰਵਾ ਦਿੱਤਾ। ਇੰਟਰਵਿਊ ਦੌਰਾਨ ਨਿਊਯਾਰਕ ਯੂਨੀਵਰਸਿਟੀ ਦੇ ਬੋਰਡ ਨੇ ਮਹਿਸੂਸ ਕੀਤਾ ਕਿ ਅਸ਼ਰਫ਼ ਉਹਨਾਂ ਕੋਲ ਠੀਕ ਨਹੀਂ ਰਹੇਗਾ, ਇਸ ਨੂੰ ਐਮ. ਆਈ. ਟੀ. ਵਿਚ ਦਾਖਲਾ ਮਿਲਣਾ ਚਾਹੀਦਾ ਏ। ਇਸ ਲਈ ਇਕ ਹਫ਼ਤੇ ਦੇ ਵਿਚ-ਵਿਚ ਉਹਦਾ ਬੋਰੀਆ-ਬਿਸਤਰਾ ਬੋਸਟਨ ਵਿਚ ਗੋਲ ਕਰ ਦਿੱਤਾ ਗਿਆ ਤੇ ਪੰਜ ਘੰਟੇ ਦੀ ਲਿਖਤੀ ਤੇ ਜ਼ੁਬਾਨੀ ਇੰਟਰਵਿਊ ਤੋਂ ਮਗਰੋਂ ਉਹਨੂੰ ਉਸੇ ਐਮ. ਆਈ. ਟੀ. ਵਿੱਚ ਦਾਖਲਾ ਮਿਲ ਗਿਆ।

ਪ੍ਰੋਫੈਸਰ ਮੇਨਗਨ ਬੇਨੇ ਡਿਕਟ ਦੇ ਕੋਲ ਇਕ ਮਿਲਿਅਨ ਡਾਲਰ ਨਊਕਿਲਯਰ ਪ੍ਰਾਜੈਕਟ ਸੀ ਜਿਹਦੇ 'ਤੇ ਤਿੰਨ ਸਿਆਣੇ ਨੌਜੁਆਨ ਬੜੇ ਚਿਰ ਤੋਂ ਕੰਮ ਕਰ ਰਹੇ ਸਨ। ਪ੍ਰੋਫੈਸਰ ਬੇਨੇ ਡਿਕਟ ਨੇ ਅਸ਼ਰਫ ਨੂੰ ਵੀ ਉਹਨਾਂ ਦੇ ਨਾਲ ਸ਼ਾਮਿਲ ਕਰ ਦਿੱਤਾ ਤਾਂ ਕਿ ਖੋਜ ਦੇ ਮੁੱਢਲੇ ਅਸੂਲਾਂ ਤੋਂ ਜਾਣੂ ਹੋ ਕੇ ਅਗਲੇ ਸਾਲ ਉਹ ਵੀ ਇਕ ਆਰ. ਏ. ਦੀ ਹੈਸੀਅਤ ਨਾਲ ਇਸ ਪ੍ਰੋਜੈਕਟ ਦੇ ਨਾਲ ਜੁੜ ਗਏ।

ਉਸ ਜ਼ਮਾਨੇ 'ਚ ਵੱਡੇ-ਆਕਾਰ ਅਤੇ ਭੱਦੇ ਜਿਹੇ ਕੰਪਿਊਟਰ ਬੜੀ ਦੇਰ ਬਾਅਦ ਇਕਵੀ-ਸ਼ਨਸ ਹਲ ਕੀਤਾ ਕਰਦੇ ਸਨ ਤੇ ਫਿਰ ਉਹਨਾਂ ਦੀ ਪੜਤਾਲ ਲਈ ਉਹਨਾਂ ਨੂੰ ਦੋਬਾਰਾ ਕੰਪਿਊਟਰ ਵਿਚ ਫੀਡ ਕਰਨਾ ਪੈਂਦਾ ਸੀ। ਕੁਝ ਦਿਨ ਤੱਕ ਤਾਂ ਅਸ਼ਰਫ਼ ਨੇ ਇਹ ਤਮਾਸ਼ਾ ਵੇਖਿਆ, ਫਿਰ ਕੱਚੀ ਪੈਨਸਲ ਨਾਲ ਕੋਰੇ ਕਾਗਜ਼ ਤੇ ਇਕਵੀਸ਼ਨਸ ਲਿਖ ਕੇ ਸਿੱਧੇ ਈ ਜਵਾਬ ਕਢਨੇ ਸ਼ੁਰੂ ਕਰ ਦਿੱਤੇ। ਉਸ ਜ਼ਮਾਨੇ ਵਿਚ ਪੰਜੀਆਂ ਤੱਕ ਦੇ ਪਹਾੜੇ ਤਾਂ ਬਹੁਤ ਸਾਰੇ ਲੋਕਾਂ ਨੂੰ ਚੇਤੇ ਸਨ ਪਰ ਉੱਚੇ, ਡੋਂਚੇ ਤੇ ਪੋਂਚੇ ਦਾ ਸੌ ਤਕ ਦਾ ਪਹਾੜਾ ਸਿਰਫ਼ ਅਸ਼ਰਫ਼ ਨੂੰ ਈ ਆਉਂਦਾ ਸੀ। ਇਸ ਤੋਂ ਇਲਾਵਾ ਜੋੜ, ਘਟਾਓ, ਪ੍ਰਤੀਸ਼ਤ ਦੀ ਗਣਨਾ ਉਹਦੀਆਂ ਨਜ਼ਰਾਂ 'ਚ ਜਗਦੇ-ਬੁਝਦੇ ਬਲਬਾਂ ਵਾਂਗ ਘੁੰਮ ਜਾਂਦੀ ਸੀ ਤੇ ਉਹਦੇ ਮੱਥੇ ਦੀ ਪੱਟੀ ਦੇ ਅੰਦਰ ਪ੍ਰਸ਼ਨ ਦਾ ਉੱਤਰ ਕੰਪਿਊਟਰ ਦੀ ਸਕਰੀਨ ਤੋਂ ਪਹਿਲਾਂ ਈ ਚਮਕ ਪੈਂਦਾ ਸੀ। ਉਹਦੇ ਸਾਥੀ ਹੈਰਾਨ ਸੀ। ਪ੍ਰੋਫੈਸਰ ਅਚੰਭਿਤ ਤੇ ਨਊਕਿਲਯਰ ਫਿਜ਼ਿਕਸ ਵਿਭਾਗ ਦੇ ਸਾਰੇ ਅਧਿਆਪਕ ਚਿੰਤਤ ਸੀ ਕਿ ਇਸ ਵਿਦੇਸ਼ੀ ਨੂੰ ਇੰਨਾ ਜ਼ਹੀਨ ਬੁੱਧੀਮਾਨ ਨਹੀਂ ਹੋਣਾ ਚਾਹੀਦਾ।

ਜਦੋਂ ਉਹ ਇਕ ਰਿਸਰਚ ਅਸਿਸਟੈਂਟ ਦੀ ਹੈਸੀਅਤ 'ਚ ਇਸ ਪ੍ਰੋਜੈਕਟ ਤੇ ਕੰਮ ਕਰ ਰਿਹਾ ਸੀ ਤਾਂ ਉਹਨੇ ਆਪਣੀ ਡਾਕਟਰੇਟ ਲਈ 'ਨਊਟ੍ਰੋਨ ਦੇ ਫੈਲਾਵ ਤੇ ਸੁਕੜਨ ਦੀ ਪੂਰਵ ਘੋਸ਼ਣਾ' ਦਾ ਵਿਸ਼ਾ ਚੁਣਿਆ। ਉਹਦਾ ਇਹ ਵਿਸ਼ਾ ਮੰਜੂਰ ਕਰਨ ਵਾਸਤੇ ਚਾਰ ਪ੍ਰੋਫੈਸਰਾਂ ਦਾ ਇਕ ਬੋਰਡ ਬੈਠਾ ਜਿਹਦੇ ਵਿਚ ਬੇਨੇ ਡਿਕਟ ਵੀ ਸ਼ਾਮਲ ਸੀ। ਉਹਨਾਂ ਬੜੇ ਧਿਆਨ ਨਾਲ ਅਸ਼ਰਫ਼ ਦੀਆਂ ਦਲੀਲਾਂ ਸੁਣੀਆਂ। ਖਾਸ ਕਰਕੇ ਗਤੀਸ਼ੀਲਤਾ ਦੇ ਦੂਜੇ ਫਾਰਮੂਲੇ ਦੇ ਬਾਰੇ 'ਚ ਜਿਹਦੇ ਵਿਚ ਉਹਦੇ ਫਾਰਮੂਲੇ ਦੇ ਅੰਤ ਤੋਂ ਪਿਛਲੇ ਪੈਰੀਂ ਸ਼ੁਰੂਆਤ ਤੱਕ ਪਹੁੰਚਨ ਲਈ ਆਪਣੀ ਇਕ ਧਾਰਣਾ ਤੈਅ ਕੀਤੀ ਸੀ। ਬੋਰਡ ਦੇ ਚਾਰੇ ਪ੍ਰੋਫੈਸਰ ਕਦਮ-ਬ-ਕਦਮ ਅਸ਼ਰਫ਼ ਦੀਆਂ ਦਲੀਲਾਂ ਦੇ ਨਾਲ ਚਲਦੇ ਗਏ ਪ੍ਰੰਤੂ ਐਨ ਵਿਚਕਾਰ ਪਹੁੰਚ ਕੇ ਉਹ ਆਪ ਹੀ ਕਨਫਿਊਜ਼ ਹੋ ਗਿਆ ਅਤੇ ਆਪਣੀਆਂ ਦਲੀਲਾਂ ਤੋਂ ਉਖੜ ਗਿਆ।

ਪ੍ਰੋਫੈਸਰਾਂ ਦਾ ਬੋਰਡ ਉਹਨੂੰ ਹਲਾ ਸ਼ੇਰੀ ਦਿੰਦਾ ਹੋਇਆ ਟੁਰ ਗਿਆ।

ਫਿਰ ਉਹਨੇ ਇਕ ਹੋਰ ਪ੍ਰੀਲ ਨੂੰ ਪਾਸ ਕਰਨ ਦਾ ਜਤਨ ਕੀਤਾ ਜਿਹੜਾ ਮਾਡਰਨ ਫਿਜ਼ਿਕਸ ਨਾਲ ਸੰਬੰਧਤ ਸੀ ਪਰ ਉਹਦੇ ਵਿਚ ਵੀ ਉਹ ਇਕ ਗਰੀਬ ਦੇਸ਼ ਦਾ ਕਾਲਾ ਵਿਦਿਆਰਥੀ ਹੋਣ ਕਰਕੇ ਮਾਰ ਖਾ ਗਿਆ ਤੇ ਹੀਣ ਭਾਵਨਾ ਕਰਕੇ ਉਹ ਸਭ ਕੁਝ ਦੱਸ ਨਾ ਸਕਿਆ ਜਿਸ ਦੀ ਉਹਨੂੰ ਪੂਰੀ-ਪੂਰੀ ਜਾਣਕਾਰੀ ਸੀ।

ਬੋਰਡ ਨੇ ਸਹਿਮਤੀ ਨਾਲ ਉਹਨੂੰ ਦੋ ਵਾਰੀ ਅਸਫਲ ਹੋਣ ਕਰਕੇ ਐਮ. ਆਈ. ਟੀ. ਤੋਂ ਖਾਰਿਜ ਕਰ ਦਿੱਤਾ।

ਪ੍ਰੋਫੈਸਰ ਆਰ. ਟੀ. ਸਰਬਰ ਨੂੰ ਅਜਿਹੇ ਜ਼ਹੀਨ ਨੌਜੁਆਨ ਦੇ ਇਸ ਤਰ੍ਹਾਂ ਅਸਫ਼ਲ ਹੋਣ ਤੇ ਥਿਉਰਟਿਕਲ ਫਿਜ਼ਕਲ ਦੇ ਜਾਦੂਗਰ ਨੂੰ ਇਸ ਦਰਦਨਾਕ ਅੰਦਾਜ਼ 'ਚ ਫੇਲ੍ਹ ਹੋਣ ਦਾ ਬੜਾ ਦੁੱਖ ਹੋਇਆ। ਇਸ ਲਈ ਉਹਨੇ ਲੋਸ ਅਲਮੋਸ ਸਾਇੰਟਿਫਿਕ ਲਾਇਬ੍ਰੇਟਰੀ ਦੇ ਥਿਉਰਟਿਕਲ ਡਿਵੀਜ਼ਨ ਦੇ ਇੰਚਾਰਜ਼ ਕਾਰਸਨ ਮਾਰਕ ਨੂੰ ਫੋਨ ਕੀਤਾ ਕਿ ਇਕ ਤੋਹਫ਼ਾ ਘੱਲ ਰਿਹਾ ਹਾਂ, ਅਜਮਾਉਗੇ ਤਾਂ ਮੈਨੂੰ ਚੇਤੇ ਕਰੋਗੇ।

ਕਾਰਸਨ ਨੇ ਕਿਹਾ, "ਛੇਤੀ ਘੱਲ ਦਿਓ।"

ਇਸ ਤਰ੍ਹਾਂ ਅਸ਼ਰਫ਼ ਬੋਸਟਨ ਤੋਂ ਨਿਊ ਮੇਕਸਿਕੋ ਪਹੁੰਚ ਗਿਆ। ਨਿਊ-ਮੇਕਸਿਕੋ ਦੀ ਆਟੋਮਿਕ ਲੇਬਾਰੇਟਰੀ 'ਚ ਜਿਸ ਡੇਸਕ 'ਤੇ ਅਸ਼ਰਫ਼ ਨੂੰ ਕੰਮ ਵਾਸਤੇ ਬਹਾਇਆ ਗਿਆ, ਉਹ ਉਸ ਲਈ ਬੜੀ ਹੈਰਾਨੀ ਭਰੀ ਗੱਲ ਸੀ ਤੇ ਉਹਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਅਸ਼ਰਫ਼ ਦੇ ਸਾਹਮਣੇ ਯੂਰੇਨਿਅਮ ਤੇ ਪਲੋਟੇਨਿਅਮ ਬੰਬਾਂ ਦੀ ਇਕ ਅਜਿਹੀ ਅਧੂਰੀ ਡਰਾਇੰਗ ਸੀ ਜਿਸ 'ਤੇ ਅਜੇ ਬਹੁਤ ਸਾਰਾ ਕੰਮ ਹੋਣਾ ਜ਼ਰੂਰੀ ਸੀ ਤੇ ਉਸ ਨੂੰ ਮੁਕੰਮਲ ਕਰਨ ਵਾਸਤੇ ਦੂਜੇ ਸ਼ਹਿਰਾਂ ਨਾਲ ਅਜੇ ਵਿਚਾਰ ਵਟਾਂਦਰਾ ਹੋਣਾ ਹੋਰ ਵੀ ਜ਼ਰੂਰ ਸੀ ਤੇ ਬਾਰ-ਬਾਰ ਇਸ ਦੀ ਲੋੜ ਸੀ।

ਇਥੇ ਅਸ਼ਰਫ਼ ਦੇ ਕੰਮ ਕਰਨ 'ਤੇ ਕੋਈ ਪਾਬੰਦੀ ਨਹੀਂ ਸੀ। ਉਹਨੂੰ ਆਪਣੇ ਵੇਲੇ ਦੇ ਸੁਪਰ ਕੰਪਿਊਟਰ ਨੂੰ ਅਪਰੇਟ ਕਰਨ ਦੀ ਵੀ ਪੂਰੀ ਆਗਿਆ ਸੀ। ਕਦੀ ਕਦੀ ਉਹ ਲੇਬਾਰਿਟਰੀ ਦੇ ਉਹਨਾਂ ਵਿਭਾਗਾਂ ਵਿਚ ਵੀ ਚਲਾ ਜਾਂਦਾ ਸੀ ਜਿਥੇ ਬੰਬਾਂ ਦੀ ਬਨਾਵਟ ਦਾ ਕੰਮ ਹੁੰਦਾ ਸੀ। ਉਹ ਬਿਨਾਂ ਰੋਕਟੋਕ ਦੇ ਵਰਕਸ਼ਾਪਾਂ ਦੇ ਅੰਦਰ ਪਹੁੰਚ ਜਾਂਦਾ ਤੇ ਜਿਥੇ ਉਹਦੀ ਸਲਾਹ ਪੁੱਛੀ ਜਾਂਦੀ ਉਹ ਆਪਣੇ ਅੰਦਾਜ਼ੇ ਅਨੁਸਾਰ ਸਲਾਹ ਵੀ ਦੇ ਦਿੰਦਾ ਤੇ ਫਿਰ ਘਰ ਆ ਕੇ ਆਪਣੀ ਸਲਾਹ ਦੇ ਵੱਖ-ਵੱਖ ਪੱਖਾਂ 'ਤੇ ਵਿਚਾਰ ਵੀ ਕਰਦਾ। ਭਾਵੇਂ ਮੁੱਢਲੇ ਤੌਰ 'ਤੇ ਉਹਦੀ ਸਭ ਤੋਂ ਵੱਡੀ ਲੋੜ ਇਕ ਨਿੱਕਾ ਕੈਲਕੁਲੇਟਰ, ਇਕ ਸਾਈਡ ਰੂਲ, ਕੁਝ ਪੈਂਸਲਾਂ, ਬਹੁਤ ਸਾਰੇ ਚਿੱਟੇ ਕਾਗਜ਼ ਤੇ ਨੀਲੀਆਂ ਲਕੀਰਾਂ ਵਾਲੇ ਗਰਾਫ਼ ਪੇਪਰ ਸੀ ਪਰ ਉਹ ਐਟਮੀ ਸੱਮਗਰੀ ਦੇ ਕੈਮੀਕਲ ਤੱਤਾਂ ਤੇ ਉਹਨਾਂ ਦੀ ਪ੍ਰਤੀਕ੍ਰਿਆਵਾਂ 'ਤੇ ਵੀ ਗੌਰ ਕਰਦਾ ਰਹਿੰਦਾ ਸੀ।

ਅਸ਼ਰਫ਼ ਦਾ ਖਿਆਲ ਸੀ ਕਿ ਜਿਹੜੇ ਦੋ ਬੰਬ ਹੀਰੋਸ਼ਿਮਾ ਤੇ ਨਾਗਾਸਾਕੀ 'ਤੇ ਸੁੱਟੇ ਗਏ ਸਨ, ਉਹ ਬਹੁਤ ਹੀ ਭੱਦੇ, ਜ਼ਿਆਦਾ ਭਾਰੇ ਤੇ ਸ਼ੁਰੂਆਤੀ ਕਿਸਮ ਦੇ ਸਨ। ਅਜਿਹੇ ਬੰਬ ਹੁਣ ਕਿਸੇ ਵੀ ਘਰ ਦੀ ਗੈਰਜ ਵਿਚ ਆਸਾਨੀ ਨਾਲ ਬਣਾਏ ਜਾ ਸਕਦੇ ਹਨ ਤੇ ਉਹਨਾਂ ਨੂੰ ਉਵੇਂ ਹੀ ਪੇਂਡੂ ਤਰੀਕੇ ਨਾਲ ਬੜੀ ਆਸਾਨੀ ਨਾਲ ਸੁੱਟਿਆ ਜਾ ਸਕਦਾ ਹੈ ਪ੍ਰੰਤੂ ਇੰਨੇ ਨਾਲ ਗੁਜ਼ਰ ਜਾਣ ਦੇ ਬਾਅਦ ਭੱਦੇ ਜਿਹੇ ਆਕਾਰ ਨੂੰ ਪਾਉਣਾ ਵੀ ਜ਼ਰੂਰੀ ਸੀ ਅਤੇ ਉਹਨਾਂ ਦੀ ਸ਼ਕਤੀ ਵਿਚ ਵਾਧਾ ਕਰਨਾ ਵੀ ਲਾਜ਼ਮੀ ਸੀ। ਅਸ਼ਰਫ਼ ਦਾ ਅੰਦਾਜ਼ਾ ਸੀ ਕਿ ਯੂਰੇਨੀਅਮ 235 ਦੀ ਬਜਾਏ ਅਜਿਹੇ ਬੰਬਾਂ ਵਿਚ ਪਲੋਟੋਨਿਜ਼ਮ ਦੀ ਵਰਤੋਂ ਜ਼ਿਆਦਾ ਲਾਭਦਾਇਕ ਸਿੱਧ ਹੋ ਸਕਦੀ ਸੀ। ਯੂਰੇਕਿਯਾਮ ਦਾ ਬੰਬ ਤਿਆਰ



ਕਰਨ ਵਿਚ ਇਕ ਲੰਮਾ ਬਖੇੜਾ ਸੀ ਇਸ 'ਚ ਅਜਿਹੀ ਨਾ ਬੁਝੀ ਜਾਨ ਵਾਲੀ ਗੁੰਝਲ ਸੀ ਜਿਸ ਦਾ ਹਲ ਲੱਭਣਾ ਸੌਖਾ ਨਹੀਂ ਸੀ।

ਅਸ਼ਰਫ਼ ਨੇ ਆਪਣੀ ਇਕ ਡਰਾਇੰਗ ਮੇਜ਼ 'ਤੇ ਰੱਖ ਕੇ ਸਿਰ ਉਪਰ ਚੁੱਕੇ ਬਿਨਾਂ ਵਿਸ਼ਵਾਸ ਨਾਲ ਕਿਹਾ, "ਅਸੀਂ ਪਲੋਟੋਨਿਅਮ ਨਾਈਟਰੇਟ ਵਿਚ ਐਕਜ਼ਾਲਿਕ ਐਸਿਡ ਸ਼ਾਮਲ ਕਰਕੇ ਉਸ ਤੋਂ ਪਲੋਟੋਨਿਆਸ ਆਕਜ਼ਲੇਟ ਕਰਿਸਟਲ ਪ੍ਰਾਪਤ ਕਰ ਸਕਦੇ ਹਾਂ।"

ਕਾਰਸਨ ਮਾਹਕ ਦੇਰ ਤੱਕ ਡਰਾਇੰਗ ਨੂੰ ਵੇਖਦਾ ਰਿਹਾ, ਉਸ ਦੇ ਅੰਦਰ ਕੀਮਿਆਈ ਐਕਵੀਸ਼ੰਜ਼ ਜ਼ਿਆਦਾ ਸਨ ਅਤੇ ਭੱਠੀ ਦੇ ਨਕਸ਼ੇ ਕੁਝ ਬੇਧਿਆਨੀ ਨਾਲ ਬਣੇ ਸਨ। ਥੋੜ੍ਹੀ ਦੇਰ ਤੱਕ ਉਹ ਨਕਸ਼ੇ 'ਤੇ ਤਰਤੀਬ ਨਾਲ ਉਂਗਲੀ ਫੇਰਦਾ ਰਿਹਾ ਤੇ ਫਿਰ ਉਸਨੇ ਅੱਖਾਂ ਬੰਦ ਕਰ ਲਈਆਂ। ਅਸ਼ਰਫ਼ ਉਤਸੁਕ ਨਜ਼ਰਾਂ ਨਾਲ ਉਸ ਵੱਲ ਵੇਖਦਾ ਰਿਹਾ ਤੇ ਉਹਦੇ ਉਤਰ ਦੀ ਉਡੀਕ ਕਰਦਾ ਰਿਹਾ।

ਕਾਰਸਨ ਨੇ ਪੂਰੀਆਂ ਅੱਖਾਂ ਖੋਲ੍ਹ ਕੇ ਅਸ਼ਰਫ਼ ਵੱਲ ਬੜੇ ਧਿਆਨ ਨਾਲ ਤਕਿਆ ਤੇ ਕਿਹਾ, "ਇਸ ਕਿਰਿਆ ਤੋਂ ਮਗਰੋਂ ਕਰਿਸਟਲਸ ਦੇ ਆਲੇ-ਦੁਆਲੇ ਜਿਹੜਾ ਪਾਣੀ ਪੈਦਾ ਹੋ ਜਾਏਗਾ....ਬਹੁਤ ਮਾਤਰਾ ਵਿਚ ਉਹ ?"

"ਉਸ ਤੋਂ ਅਸੀਂ ਬੜੀ ਆਸਾਨੀ ਨਾਲ ਛੁਟਕਾਰਾ ਪਾ ਸਕਦੇ ਹਾਂ," ਅਸ਼ਰਫ਼ ਨੇ ਵਿਸ਼ਵਾਸ ਭਰੇ ਲਹਿਜੇ 'ਚ ਕਿਹਾ, "ਉਥੇ ਪੁਰਾਣੇ ਘਰੇਲੂ ਤਰੀਕੇ ਨਾਲ, ਪਾਣੀ ਨੂੰ ਗਰਮ ਕਰਕੇ ਤੇ ਉਹਦੀ ਭਾਪ ਉਡਾ ਕੇ।"

"ਫਿਰ ?" ਕਾਰਸਨ ਨੇ ਡਰਾਇੰਗ 'ਤੇ ਝੁਕ ਕੇ ਕਿਹਾ, "ਫਿਰ........ ?"

"ਫਿਰ ਸਾਡੇ ਹੱਥ ਇਕ ਟਿਕੀ ਆ ਜਾਏਗੀ। ਐਨੀ ਹਾਇਡਰਸ ਪਲੋਟੋਨਿਅਮ ਆਕਜ਼ਲੇਟ ਦੀ ਡਲੀ। ਇਸ ਨੂੰ ਅਸੀਂ ਹਾਈਡਰੋਜਨ ਫਲੋਰਾਇਡ ਗੈਸ ਦੀ ਸਖਤ ਧੂਨੀ ਦੇ ਕੇ ਹੋਰ ਵੀ ਖੁਸ਼ਕ ਕਰ ਲਵਾਂਗੇ। ਬਿਲਕੁਲ ਡਰਾਈ। ਸੌ ਪ੍ਰਤੀਸ਼ਤ ਖੁਸ਼ਕ।"

ਕਾਰਸਨ ਮਾਰਕ ਬੜੀ ਕਠਨਾਈ ਨਾਲ ਅਸ਼ਰਫ਼ ਦੇ ਉੱਤਰ ਦੀ ਪ੍ਰਾਪਤੀ ਨਾਲ ਚਲਦਾ ਸੀ ਤੇ ਬਾਰ-ਬਾਰ ਉਸ ਤੋਂ ਹਾਤ ਗੁਮ ਹੋ ਜਾਂਦਾ ਸੀ। ਉਹਨੇ ਆਪਣੇ ਨਕਲੀ ਦੰਦਾਂ ਦੀ ਬੀੜ ਨੂੰ ਜੀਭ ਦੀ ਨੋਕ ਨਾਲ ਬਾਹਰ ਕੱਢ ਕੇ ਕਿਹਾ, "ਪਲੋਟੋਨਿਅਮ ਆਕਜ਼ਲੇਟ ਦੇ ਢੇਲੇ ਨੂੰ ਸੌ ਪ੍ਰਤੀਸ਼ਤ ਖੁਸ਼ਕ ਕਰਨਾ ਤਾਂ ਅਸੰਭਵ ਹੈ।"

"ਮੇਰੇ ਹਿਸਾਬ ਨਾਲ ਤਾਂ ਇਹ ਬਿਲਕੁਲ ਸੰਭਵ ਹੈ ਸਰ," ਅਸ਼ਰਫ਼ ਨੇ ਵਿਸ਼ਵਾਸ ਨਾਲ ਕਿਹਾ। "ਥਿਉਰੀ ਵਿਚ ਤਾਂ ਸੌ ਪ੍ਰਤੀਸ਼ਤ ਠੀਕ ਨਜ਼ਰ ਆਉਂਦਾ ਹੈ। ਬਾਕੀ ਅਸੀਂ ਪ੍ਰਯੋਗ ਕਰਕੇ ਵੇਖ ਲਵਾਂਗੇ।"

"ਕਿਹੜੀ ਥਿਉਰੀ, ਕਹੀ ਥਿਉਰੀ। ਕਿਸ ਬੁਨਿਆਦ ਦੀ ਥਿਉਰੀ ?" ਕਾਰਸਨ ਸਕਤੇ ਦੀ ਹਾਲਤ ਵਿਚ ਅਸ਼ਰਫ਼ ਦੇ ਸਾਹਮਣੇ ਬੈਠਾ ਸੀ।

ਅਸ਼ਰਫ਼ ਨੂੰ ਉਹਦੀ (ਕਾਰਸਨ) ਦੀ ਹਾਰ ਨੇ ਸ਼ਕਤੀ ਦਿੱਤੀ ਤੇ ਉਹ ਕਹਿਣ ਲੱਗਾ, "ਸੁਣ ਕਾਰਸਨ। ਇਕ ਮੂੰਹ ਬੰਦ ਏਅਰ ਟਾਈਟ ਡੱਬੇ ਵਿੱਚ ਅਸੀਂ ਹਾਇਡਰੋ ਫਲੋਰਿਕ ਏਸਡ ਨੂੰ ਗਰਮ ਕਰਕੇ ਇਕ ਨਲ ਦੇ ਰਾਹੀਂ ਉਹਦੀ ਗੈਸ ਪ੍ਰਾਪਤ ਕਰਾਂਗੇ ਤੇ ਫਿਰ ਉਸ ਗੈਸ ਨੂੰ ਉਸ ਮੂੰਹ-ਬੰਦ ਕੁਠਾਲੀ ਵਿਚ ਦਾਖਿਲ ਕਰਦੇ ਜਾਵਾਂਗੇ ਜਿਹਦੇ ਵਿਚ ਪਲੋਟੋਨਿਅਮ ਆਕਜ਼ਲੇਟ ਦੀ ਡਲੀ ਵੀ ਰੱਖੀ ਹੋਵੇਗੀ।"

"ਇਕ ਮਿੰਟ ਰੁਕ," ਕਾਰਸਨ ਨੇ ਕਾਹਲ ਨਾਲ ਕਿਹਾ। "ਤੂੰ ਇਹ ਚਾਹੁੰਦਾ ਏਂ ਕਿ ਸਾਡੀ ਕਾਸਟ ਕੀਤੀ ਹੋਈ ਪਲੋਟੋਨਿਅਮ ਆਕਜ਼ੇਲਟ ਦੀ ਡਲੀ 'ਤੇ ਹਾਇਡਰੋ ਫਲੋਰਿਕ ਏਸਡ ਗੈਸ ਨੂੰ ਰਸ਼ ਕੀਤਾ ਜਾਏ।"

"ਬਿਲਕੁਲ ਇਹ ਈ ਚਾਹੁੰਦਾ ਹਾਂ," ਅਸ਼ਰਫ਼ ਨੇ ਕਿਹਾ, "ਬਿਲਕੁਲ ਇਹ ਹੀ।"

"ਫਿਰ ?" ਕਾਰਸਨ ਨੇ ਸਵਾਲੀਆਂ ਨਜ਼ਰਾਂ ਨਾਲ ਪੁੱਛਿਆ

"ਫਿਰ ਇਹ ਕਿ ਮੇਰੇ ਅਨੁਮਾਨ ਨਾਲ ਤੇ ਮੇਰੇ ਹਿਸਾਬ ਨਾਲ (ਤੇ ਮੈਨੂੰ ਵਿਸ਼ਵਾਸ ਹੈ ਕਿ ਮੇਰਾ ਹਿਸਾਬ ਗਲਤ ਨਹੀਂ ਹੋ ਸਕਦਾ।) ਜੇਕਰ ਅਸੀਂ ਇਸ ਬੰਦ ਕੁਠਾਲੀ ਨੂੰ 500 ਡਿਗਰੀ ਸੈਂਟੀਗ੍ਰੇਡ ਤੱਕ ਗਰਮੀ ਤੇ ਆਉਂਦੇ ਤਾਂ ਇਸ ਨਾਲ ਪਲੋਟੋਨਿਅਮ ਫਲੋਰਾਇਡ ਪ੍ਰਾਪਤ ਹੋ ਜਾਏਗਾ।"

"ਫਿਰ ?"

"ਫਿਰ ਅਸੀਂ ਇਹ ਅਮਲ ਬਾਰ-ਬਾਰ ਕਰਕੇ ਪਲੋਟੋਨਿਅਮ ਫਲੋਰਾਇਡ ਦੀਆਂ ਫੇਰੀਆਂ ਜਮਾ ਕਰ ਲਵਾਂਗੇ।"

"ਮੰਨ ਲਓ", ਕਾਰਸਨ ਨੇ ਸੋਚਦਿਆਂ ਹੋਇਆਂ ਕਿਹਾ, "ਜੇਕਰ ਅਸੀਂ ਇਹ ਸਟਾਕ ਤਿਆਰ ਵੀ ਕਰ ਲਿਆ........ਫਿਰ ?"

"ਫਿਰ ਸਾਨੂੰ ਥੋੜ੍ਹੀ ਜਿਹੀ ਕੈਲਸ਼ੀਅਮ ਦੀ ਜ਼ਰੂਰਤ ਹੋਵੇਗੀ। ਕਿਸੇ ਵੀ ਧਾਤ ਦੀ ਕੈਲਸ਼ੀਅਮ। ਇਸ ਕੈਲਸ਼ੀਅਮ ਵਿਚ ਕ੍ਰਿਸਟਲ ਆਉਡੀਨ ਮਿਲਾ ਕੇ, 170 ਗ੍ਰਾਮ ਕੈਲਸ਼ੀਅਮ ਤੇ 50 ਗ੍ਰਾਮ ਕ੍ਰਿਸਟਲ ਆਉਡੀਨ ਤੇ ਇਸ ਸਾਰੇ ਨੂੰ 500 ਗ੍ਰਾਮ ਪਲੋਟੋਨਿਅਮ ਫਲੋਰਾਇਡ ਦੀ ਫੇਰੀ ਨਾਲ ਮਿਲਾ ਕੇ ਇਕ ਮਜ਼ਬੂਤ ਫੌਲਾਦੀ ਕੁਠਾਲੀ ਵਿਚ ਪਾ ਦਿਆਂਗੇ।"

"ਫਿਰ ਇਕ ਹੋਰ ਕੁਠਾਲੀ ?" ਕਾਰਸਨ ਨੇ ਗੱਲ ਟੋਕ ਕੇ ਕਿਹਾ।

"ਜੀ ਇਕ ਹੋਰ ਕੁਠਾਲੀ। ਲੋਹੇ ਦੀ ਤੇ ਮੂੰਹਬੰਦ ਚੂੜੀਆਂ ਵਾਲੀ! ਜੇਕਰ ਅਸੀਂ ਇਸ ਵਿਚ ਇਹ ਸਾਰਾ ਮਵਾਦ ਪਾ ਕੇ ਉਤੋਂ ਆਰਗੋਨ ਗੈਸ ਦੀ ਮੋਟੀ ਪਰਤ ਛੱਡ ਦਿਆਂਗੇ ਤੇ ਇਕ ਕੁਠਾਲੀ ਨੂੰ ਘੁਟ ਕੇ ਬੰਦ ਕਰਕੇ ਉਹਨੂੰ ਕਿਸੇ ਇੰਡਕਸ਼ਨ ਭੱਠੀ ਵਿਚ 750 ਡਿਗਰੀ ਸੇਟੀਗ੍ਰੇਡ ਦੀ ਹਰਾਰਤ ਦਿਆਂਗੇ ਤਾਂ ਕੁਠਾਲੀ ਦੇ ਅੰਦਰਲਾ ਘੋਲ ਆਪਣੇ ਆਪ 1600 ਡਿਗਰੀ ਤੱਕ ਪਹੁੰਚ ਜਾਵੇਗਾ।"

"ਆਪਣੇ ਆਪ," ਕਾਰਸਨ ਨੇ ਹੈਰਾਨ ਹੋ ਕੇ ਪੁੱਛਿਆ।

"ਆਪਣੇ ਆਪ.....ਆਪਣੀ ਪ੍ਰਤੀਕ੍ਰਿਆ ਨਾਲ...ਆਪਣੇ ਅੰਦਰਲੇ ਦਬਾਅ ਨਾਲ...ਪਰ ਇਹ ਪਰੈਸ਼ਰ ਬਹੁਤਾ ਚਿਰ ਨਹੀਂ ਰਹੇਗਾ। ਦਸ ਮਿੰਟਾਂ ਦੇ ਅੰਦਰ-ਅੰਦਰ ਆਪ ਈ 800 ਡਿਗਰੀ ਤੱਕ ਪਹੁੰਚ ਜਾਏਗਾ।"

"ਇਹ ਕਿਸ ਨੇ ਕਿਹਾ ?" ਕਾਰਸਨ ਖਿਝ ਕੇ ਬੋਲਿਆ।

"ਇਹ ਮੈਨੂੰ ਮੇਰੀ ਕੈਲਕੁਲੇਸ਼ਨ ਨੇ ਕਿਹਾ। ਮੇਰੀ ਗਿਣਤੀ ਤੇ ਮੇਰੇ ਹਿਸਾਬ ਨੇ ਸੋਚਿਆ ਏ। ਮੇਰਾ ਹੋਰ ਸਭ ਕੁਝ ਗਲਤ ਹੋ ਸਕਦਾ ਏ। ਮੇਰੀ ਕਲਪਨਾ, ਮੇਰੀ ਧਾਰਣਾ, ਮੇਰਾ ਅੰਦਾਜ਼ਾ ਪਰ ਮੈਥੇਮੈਟਿਕਸ ਦੇ ਏਕਵੇਸ਼ਨ ਮੈਨੂੰ ਕਦੀ ਧੋਖਾ ਨਹੀਂ ਦੇਣਗੇ।"

"ਫਿਰ," ਕਾਰਸਨ ਨੇ ਬੇਚੈਨੀ ਨਾਲ ਪੁੱਛਿਆ, "ਫਿਰ....."

"ਅੱਠ ਸੌ ਡਿਗਰੀ ਟੈਂਪਰੇਚਰ ਹੋ ਜਾਣ 'ਤੇ ਇਸ ਕੁਠਾਲੀ ਨੂੰ ਇਡਕਸ਼ਨ ਭੱਠੀ 'ਚੋਂ ਕੱਢ ਲਓ। ਠੰਢਾ ਹੋਣ ਤੇ ਢੱਕਨ ਖੋਲ੍ਹ ਕੇ ਵੇਖੋ, ਅੰਦਰ ਧਾਤੀ ਪਲੋਟੋਨਿਯਮ ਤਿਆਰ ਮਿਲੇਗਾ ਪਰ ਥੋੜ੍ਹੀ ਜਿਹੀ ਕੈਲਸ਼ਿਅਮ ਆਉਡੀਨ ਦੀ ਗੰਦਗੀ ਨਾਲ।"

"ਤੇ ਇਸ ਗੰਦਗੀ ਨੂੰ ਕੌਣ ਦੂਰ ਕਰੇਗਾ ?"

"ਨਾਇਟ੍ਰਿਕ ਐਸਡ। ਨਾਇਟਰਿਕ ਐਸਡ ਦੇ ਘੋਲ ਨਾਲ ਆਉਡੀਨ ਦੀਆਂ ਪਾਪੜੀਆਂ ਵੀ ਘੁਲ ਜਾਣਗੀਆਂ ਤੇ ਕੈਲਸ਼ੀਅਮ ਫਲੋਰਾਇਡ ਦੇ ਸਾਲਟ ਵੀ ਪੂਰੀ ਤਰ੍ਹਾਂ ਮਿਟ ਜਾਣਗੇ...ਹੁਣ



ਤੁਹਾਡੇ ਹੱਥਾਂ ਵਿਚ ਖਾਲਸ ਪਲੋਟੋਨਿਅਮ ਹੋਵਾਂਗਾ।"

"ਕੀ ਉਹਨੂੰ ਹੱਥ ਲਗਾ ਸਕਾਂਗੇ ?" ਕਾਰਸਨ ਨੇ ਛੇਤੀ ਨਾਲ ਪੁੱਛਿਆ।

"ਹਾਂ, ਬੜੀ ਆਸਾਨੀ ਨਾਲ," ਅਸ਼ਰਫ਼ ਨੇ ਕਿਹਾ, "ਸਿਰਫ਼ ਅਲਫਾ ਡੀਕੇਅ ਦੇ ਕਾਰਨ ਇਹ ਡਲੀ ਥੋੜ੍ਹੀ ਜਿਹੀ ਗਰਮ ਜ਼ਰੂਰ ਹੋਵੇਗੀ। ਪਰ ਖਤਰਨਾਕ ਹੱਦ ਤੱਕ ਨਹੀਂ.....ਨੰਗੇ ਹੱਥ ਨਾਲ ਫੜੀ ਵੀ ਜਾ ਸਕੇਗੀ ਤੇ ਜੇਬ ਵਿਚ ਵੀ ਪਾਈ ਜਾ ਸਕੇਗੀ।"

ਬੜੀ ਦੇਰ ਤੱਕ ਖਾਮੋਸ਼ੀ ਰਹੀ। ਕਾਰਸਨ ਸ਼ਿਗਾਰ ਪੀਂਦਾ ਰਿਹਾ ਅਤੇ ਕਲਾਕ ਦਾ ਪੈਂਡੂਲਮ ਉਸੇ ਰਫ਼ਤਾਰ ਨਾਲ ਹਿਲਦਾ ਰਿਹਾ।

ਫਿਰ ਅਸ਼ਰਫ਼ ਨੇ ਕਿਹਾ, "ਇਸ ਪਲੋਟੋਨਿਅਮ ਨਾਲ ਤੁਸੀਂ ਬੜੀ ਆਸਾਨੀ ਨਾਲ ਇਕ ਬੰਬ ਬਣਾ ਸਕੋਗੇ ਜਿਹੜਾ ਬਹੁਤ ਸ਼ਕਤੀਸ਼ਾਲੀ ਤਾਂ ਨਹੀਂ ਹੋਵੇਗਾ ਪਰ ਨਾਗਾਸਾਕੀ ਵਾਲੇ ਮੋਟੇ ਬੰਬ ਤੋਂ ਕਈ ਗੁਣਾਂ ਤਾਕਤਵਰ ਹੋਵੇਗਾ.....ਮੁਸ਼ਕਿਲ ਨਾਲ ਇੱਕ ਕਿਲੋ ਟਨ ਦਾ ਦਸਵਾਂ ਹਿੱਸਾ ਪਰ ਉਸ ਨਾਲ ਤੁਸੀਂ 35 ਤੋਂ 50 ਹਜ਼ਾਰ ਲੋਕਾਂ ਦੀ ਵਸੋਂ ਨੂੰ ਅਸਾਨੀ ਨਾਲ ਮਲੀਆਮੇਟ ਕਰ ਸਕੋਗੇ।"

ਉਹਨਾਂ ਦਿਨਾਂ ਵਿਚ ਉਸੇ ਲੇਬਾਰਟੀ ਦੇ ਲੇਖਾ ਵਿਭਾਗ ਦੀ ਇਕ ਕੁੜੀ ਸਮਾਂਤਾ ਅਸ਼ਰਫ਼ ਨਾਲ ਬਹੁਤ ਘੁਲ ਮਿਲ ਗਈ ਸੀ। ਅਸ਼ਰਫ਼ ਤਾਂ ਘੁਲਨ-ਮਿਲਨ ਤੋਂ ਅਣਜਾਨ ਸੀ ਪਰ ਸਮਾਂਤਾ ਇਸ ਕੰਮ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਹਨੇ ਅਸ਼ਰਫ਼ ਨੂੰ ਮਗਰ ਲਗਾ ਲਿਆ ਸੀ ਤੇ ਉਹ ਉਹਦੇ ਵਿਭਾਗ ਵਿਚ ਵੀ ਆਉਣ-ਜਾਣ ਲੱਗ ਪਿਆ ਸੀ ਤੇ ਉਹ ਵੀ ਉਹਦੇ ਵਿਭਾਗ 'ਚ ਆਉਣ ਜਾਣ ਲੱਗੀ ਸੀ। ਭਾਵੇਂ ਅਸ਼ਰਫ਼ ਘਰ ਵਿਚ ਵੀ ਆਪਣੀ ਏਕਵੇਸ਼ਨ ਵਿਚ ਉਲਝਿਆ ਰਹਿੰਦਾ ਸੀ ਪਰ ਉਹਨੂੰ ਸਮਾਂਤਾ ਦਾ ਵੇਲੇ ਕੁਵੇਲੇ ਆਉਣਾ ਵੀ ਬੁਰਾ ਨਹੀਂ ਸੀ ਲੱਗਦਾ।

ਜਦੋਂ ਨਿਓ-ਹੈਵਨ ਦੇ ਦੋ ਯਹੂਦੀ ਪ੍ਰੋਫੈਸਰਾਂ ਨੇ ਅਸ਼ਰਫ਼ ਦੇ ਫਾਰਮੂਲੇ 'ਤੇ (ਪ੍ਰੈਕਟੀਕਲ) ਅਮਲੀ ਕੰਮ ਕਰਕੇ ਉਸ ਦੇ ਪ੍ਰਣਾਮ ਵੇਖੇ ਤਾਂ ਉਹ ਆਪਣੇ 82 ਸ਼ੇਲਟਨ ਸਟਰੀਟ ਦੇ ਦਫ਼ਤਰ 'ਚੋਂ ਨਿਕਲ ਕੇ ਸਿੱਧੇ ਏਅਰ ਪੋਰਟ ਪਹੁੰਚੇ ਤੇ ਚਾਰ ਘੰਟਿਆਂ ਦੇ ਇੰਤਜ਼ਾਰ ਤੋਂ ਮਗਰੋਂ ਅਗਲੀ ਕੁਨੇਕਟਿੰਗ ਫਲਾਇਟ ਫੜ ਕੇ ਨਿਊ ਮੈਕਸਿਕੋ ਪਹੁੰਚ ਗਏ। ਜਦੋਂ ਉਹਨਾਂ ਨੇ ਕਾਰਸਨ ਨੂੰ ਅਸ਼ਰਫ਼ ਦੇ ਫਾਰਮੂਲੇ ਦੇ ਨਤੀਜਿਆਂ ਦੀ ਜਾਣਕਾਰੀ ਦਿੱਤੀ ਤਾਂ ਬੰਦ ਦਰਵਾਜ਼ਿਆਂ ਦੇ ਅੰਦਰ-ਤੁਰੰਤ ਇਕ ਮੀਟਿੰਗ ਸ਼ੁਰੂ ਹੋ ਗਈ। ਅਸ਼ਰਫ਼ ਉਸ ਵੇਲੇ ਸਮਾਂਤਾ ਨਾਲ ਇਕ ਅਪਵਿੱਤਰ ਸ਼ੈਡਵਿਚ ਦੇ ਨਾਲ ਕਾਲੀ ਕਾਫੀ ਪੀ ਰਿਹਾ ਸੀ। ਉਹ ਆਪਣੇ ਦਫ਼ਤਰ ਵਿਚ ਉਸ ਕਮਰੇ ਤੋਂ ਮਸਾਂ 20 ਗਜ ਦੂਰ ਹੋਵੇਗਾ ਜਿਥੇ ਇਹ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿਚ ਉਹਨਾਂ ਦੋ ਯਹੂਦੀ-ਪ੍ਰੋਫੈਸਰਾਂ ਤੋਂ ਛੁਟ ਤਿੰਨ ਲੋਸ ਐਲ-ਮੋਸ ਆਟੋਮਿਕ ਏਨਰਜ਼ੀ ਦੇ ਉਚ ਪੱਧਰੀ ਅਫ਼ਸਰ ਵੀ ਸਨ। ਇਹ ਪੰਜੇ ਜਣੇ ਤਕਰੀਬਨ ਇਕੋ ਜਿਹੇ ਕੱਦ ਅਤੇ ਇਕ ਜਿਹੀਆਂ ਸ਼ਕਲਾਂ ਦੇ ਸਨ। ਉਹਨਾਂ 'ਚੋਂ ਜਿਹੜਾ ਸਭ ਤੋਂ ਛੋਟੇ ਕੱਦ ਦਾ ਸੀ ਉਹ ਵੀ ਪੰਜ ਫੁਟ ਸਾਢੇ ਸੱਤ ਇੰਚ ਦਾ ਸੀ ਤੇ ਉਸਦੀਆਂ ਅੱਖਾਂ ਚੀਜ਼ ਵਹੁਟੀ ਵਾਂਗ ਲਾਲ ਸੀ।

ਇਹ ਪੰਜੇ ਜਣੇ ਛੇਤੀ ਮੰਜਲ 'ਤੇ ਧੁੱਪ ਵੱਲ ਮੂੰਹ ਕਰਕੇ ਬੈਠੇ ਸਨ ਤੇ ਉਹਨਾਂ ਦੇ ਗੰਜੇ ਸਿਰ, ਗੋਲ ਮੋਢੇ, ਮੋਟੇ ਢਿੱਡ ਤੇ ਲਲਈ (ਸੁਰਖ) ਰੰਗ ਪੁਰੋਹਿਤਾਂ ਨਾਲ ਬਹੁਤ ਮਿਲਦੇ ਹਨ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਵੈਦਕ ਦੌਰ ਦੇ ਬ੍ਰਾਹਮਣ ਹੋਣ ਜਿਹੜੇ ਆਪਣੀ ਭਾਸ਼ਾ ਭੁੱਲ ਕੇ ਅੰਗਰੇਜ਼ੀ ਵਿਚ ਗੱਲ ਬਾਤ ਕਰ ਰਹੇ ਹੋਣ।

ਦੋ ਘੰਟਿਆਂ ਦੀ ਦਲੀਲਬਾਜ਼ੀ ਤੋਂ ਮਗਰੋਂ ਇਹ ਗਰੁੱਪ ਇਸ ਨਤੀਜੇ 'ਤੇ ਪਹੁੰਚਿਆ ਕਿਉਂਕਿ ਅਸ਼ਰਫ਼ ਨੂੰ 'ਉਹ ਦੈਵਿਕ-ਗਿਆਨ' ਪ੍ਰਾਪਤ ਹੋ ਗਿਆ ਹੈ ਜਿਸ 'ਤੇ ਸਵਾਏ ਉੱਚੀ ਜਾਤੀ ਦੇ ਹੋਰ ਕਿਸੇ ਦਾ ਹੱਕ ਨਹੀਂ ਇਸ ਲਈ ਛੇਤੀ ਈ ਉਹਨੂੰ ਡਿਸਪੋਜ਼ਡ-ਆਫ਼ ਕਰ ਦੇਣਾ ਚਾਹੀਦਾ ਹੈ।

ਚਾਰ ਮਾਹਿਰ ਇਸ ਹੱਕ ਵਿਚ ਸੀ ਕਿ ਕਿਸੇ ਕਿਰਾਏ ਦੇ ਕਾਤਲ ਨੂੰ ਕਹਿ ਕੇ ਉਹਨੂੰ ਬੜੀ ਅਸਾਨੀ ਨਾਲ ਠਕਾਨੇ ਲਾਇਆ ਜਾ ਸਕਦਾ ਹੈ ਤੇ ਜਿਸ ਤਰ੍ਹਾਂ ਵਾਸ਼ਿੰਗਟਨ ਡੀ. ਸੀ. ਵਿਚ ਹਰ ਸਾਲ ਹਜ਼ਾਰਾਂ ਕਤਲ ਬੇਨਾਮੀ ਦੇ ਹੁੰਦੇ ਹਨ ਇਸਨੂੰ ਵੀ ਉਹਨਾਂ ਦੇ ਖਾਤੇ ਵਿਚ ਪਾਇਆ ਜਾ ਸਕਦਾ ਹੈ ਪਰ ਪੰਜਵਾਂ ਨਹੀਂ ਸੀ ਮੰਨਦਾ ਕਿ ਇਸ ਸਧਾਰਨ ਜਿਹੇ ਕਤਲ ਦੇ ਅਜੀਬ ਨਤੀਜੇ ਵੀ ਹੋ ਸਕਦੇ ਹਨ ਤੇ ਇਸ ਦਾ ਪ੍ਰਤੀਕਰਮ ਬੜਾ ਗੰਭੀਰ ਵੀ ਹੋ ਸਕਦਾ ਹੈ। ਫਿਰ ਅਜਿਹੀ ਮੂਰਖਤਾ ਕਿਉਂ ਕੀਤੀ ਜਾਵੇ ਜਿਸ ਦਾ ਨਤੀਜਾ ਉਲਟਾ ਹੋਵੇ ਤੇ ਪੂਰਾ ਅਮਰੀਕਾ ਬਦਨਾਮ ਵੀ ਹੋ ਜਾਏ ਭਾਵੇਂ ਥੋੜ੍ਹੇ ਚਿਰ ਨਹੀਂ ਕਿਉਂ ਨਾ ਹੋਵੇ।

ਉਹਨਾਂ ਨੇ ਆਪਣੀ ਅਗਲੇ ਦਿਨ ਦੀ ਮੀਟਿੰਗ ਵਿਚ ਇਹ ਗੰਭੀਰ ਮਾਮਲਾ ਸੀ. ਆਈ. ਏ. ਦੇ ਸਪੁਰਦ ਕਰਨ ਦਾ ਨਿਸ਼ਚਾ ਕਰ ਲਿਆ ਅਤੇ ਇਸ ਦੀ ਦੋ ਸਫਿਆਂ ਦੀ ਤਫ਼ਸੀਲੀ ਚਿੱਠੀ ਵੀ ਡਰਾਫਟ ਕਰ ਲਈ ਜਿਸ ਦੇ ਚੂੰਹਾਂ ਤਾਂ ਖੂੰਜਿਆਂ 'ਤੇ (ਖੁਫੀਆ) ਲਾਲ ਹਾਸ਼ੀਏ ਵਾਲੀਆਂ ਮੁਹਾਰਾਂ ਲਗੀਆਂ ਸਨ।

ਸੀ. ਆਈ. ਏ. ਅਜਿਹੇ ਕਈ ਦੇਸ਼ਾਂ ਦੇ ਕਹਿੰਦੇ ਕਹਾਉਂਦੇ ਲੀਡਰਾਂ ਨੂੰ ਵੀ ਠਕਾਨੇ ਲਾਉਣ ਵਿਚ ਸਫ਼ਲ ਹੋ ਚੁੱਕੀ ਸੀ ਜਿਹਨਾਂ 'ਤੇ ਉਹਨਾਂ ਦੇ ਦੇਸ਼ਵਾਸੀ ਆਪਣੀ ਜਾਨ-ਵਾਰਦੇ ਸੀ ਤੇ ਜਿਹਨਾਂ ਨੂੰ ਹਰਮਨ ਪਿਆਰੇ ਲੀਡਰ ਹੋਣ ਦਾ ਮਾਨ ਸੀ। ਕਮੇਟੀ ਦਾ ਇਹ ਫੈਸਲਾ ਬੜਾ ਸਹੀ ਸੀ ਪ੍ਰੰਤੂ ਪੰਜਵਾਂ ਮੈਂਬਰ ਇਸ ਦੇ ਵੀ ਵਿਰੁੱਧ ਸੀ। ਉਹ ਦੁਨੀਆਂ ਭਰ ਵਿਚ ਬਦਨਾਮ ਸੀ. ਆਈ. ਏ. ਨੂੰ ਹੋਰ ਬਦਨਾਮ ਹੋਣ ਤੋਂ ਬਚਾਉਣਾ ਚਾਹੁੰਦਾ ਸੀ ਤੇ ਆਪਣੇ ਦੇਸ਼ ਦੀ ਸਾਖ ਦਾ ਇਮਾਨਤਦਾਰ ਹੋ ਕੇ ਰਹਿਣਾ ਚਾਹੁੰਦਾ ਸੀ। ਹੁਣ ਇਹ ਮਸਲਾ ਤੀਜੇ ਦਿਨ 'ਤੇ ਪੈ ਗਿਆ।

ਸਮਾਂਤਾ ਨੇ ਰਿਪੋਰਟ ਦਿੱਤੀ ਸੀ ਕਿ ਅਸ਼ਰਫ਼ ਬੜਾ ਹੀ ਚੌਕੰਨਾ ਹੋ ਗਿਆ ਹੈ ਭਾਵੇਂ ਉਹਨੂੰ ਇਸ ਹਕੀਕਤ ਦਾ ਉਕਾ ਪਤਾ ਨਹੀਂ ਸੀ ਉਹ ਕਿਉਂ ਚੌਕੰਨਾ ਹੋ ਗਿਆ ਹੈ। ਸਮਾਂਤਾ ਦਾ ਖਿਆਲ ਸੀ ਕਿ ਪੂਰਬ ਦੇ ਲੋਕਾਂ ਦੀ ਛੇਵੀਂ ਹਿਸ ਤੋਂ ਇਲਾਵਾ ਇਕ ਸਤਵੀਂ ਇੰਦਰੀ ਵੀ ਹੁੰਦੀ ਹੈ ਜਿਹਦਾ ਸਿਗਨਲ ਬੜੇ ਜ਼ੋਰ ਨਾਲ ਆਉਂਦਾ ਹੈ ਪਰ ਉਸ ਨੂੰ ਡੀ-ਕੋਡ ਕਰਨਾ ਬਹੁਤ ਔਖਾ ਹੁੰਦਾ ਹੈ।

ਅਸ਼ਰਫ਼ ਨੂੰ ਕਈ ਦਿਨਾਂ ਤੋਂ ਸਿਗਨਲ ਆ ਰਿਹਾ ਸੀ ਪਰ ਉਹ ਉਹਨੂੰ ਡੀ-ਕੋਡ ਕਰਨ ਲਈ ਕੁਝ ਨਹੀਂ ਸੀ ਕਰ ਸਕਦਾ ਤੇ ਨੀਂਦਰ ਦੀਆਂ ਗੋਲੀਆਂ ਖਾ ਕੇ ਸੌਂਦਾ ਸੀ।

ਉਹ ਪੰਜਵਾਂ ਆਦਮੀ ਤੇ ਉਸ ਦੀ ਤਜਵੀਜ਼ ਤੋਂ ਮੂੰਹ ਬੰਦ ਹੋ ਜਾਣ ਵਾਲੇ ਦੋਵੇਂ ਯਹੂਦੀ ਪ੍ਰੋਫੈਸਰ ਆਪਣੇ ਪ੍ਰੋਜੈਕਟ ਦਾ ਨਰੀਖਣ ਕਰਾਉਣ ਵਾਸਤੇ ਅਸ਼ਰਫ਼ ਨੂੰ ਜਨਰਲ ਆਟੋਮਿਕ, ਸਾਨ ਡਿਆਗੋ ਲੈ ਆਏ ਤੇ ਉਸ ਨੂੰ ਮੈਡੀਕਲ ਨਰੀਖਣ ਲਈ ਹਸਪਤਾਲ ਵਿਚ ਦਾਖਿਲ ਕਰਵਾ ਦਿੱਤਾ। ਜਿਹੜਾ ਭੋਜਨ ਉਹਨੂੰ ਹਸਪਤਾਲ ਵਿਚ ਮਿਲਦਾ ਰਿਹਾ ਉਸ ਨਾਲ ਫਾਇਦਾ ਹੋਣ ਦੀ ਬਜਾਏ ਮੇਦੇ (ਪੇਟ ਦਾ ਇਕ ਹਿੱਸਾ) ਦੀ ਅੰਦਰਲੀ ਸੋਜ ਵਿਚ ਵਾਧਾ ਹੁੰਦਾ ਗਿਆ। ਸਖਤ ਦਰਦ ਹੋਣ ਦੇ ਕਾਰਨ ਅਸ਼ਰਫ਼ ਦਾ ਇਕ ਨਯੂਰੋ-ਫਿਜੀਸ਼ਿਨ ਤੋਂ ਚੈਕ-ਅੱਪ ਕਰਾਇਆ ਗਿਆ ਜਿਹਨੇ ਤਿੰਨ ਦਿਨ ਕਈ ਪ੍ਰਕਾਰ ਦੀਆਂ ਦਵਾਈਆਂ ਤੇ ਟੀਕੇ ਲਾਉਣ ਤੋਂ ਮਗਰੋਂ ਉਹੀ ਨਯੂਰੋ-ਸਰਜਨ ਦਾ ਕੇਸ ਦੱਸ ਕੇ ਰੋਗੀ ਉਹਦੇ ਹਵਾਲੇ ਕਰ ਦਿੱਤਾ।

ਦੋਵੇਂ ਯਹੂਦੀ ਪ੍ਰੋਫੈਸਰਾਂ ਨੇ ਪਹਿਲਾਂ ਤੋਂ ਸੂਚਿਤ ਨਯੂਰੋ ਸਰਜਨ ਨੂੰ ਹੋਰ ਵੇਰਵੇ ਦਿੰਦੇ ਹੋਏ ਕਿਹਾ ਕਿ ਅਸ਼ਰਫ਼ ਇਕ ਪਾਸਿਕਤਾਨੀ ਹੈ ਤੇ ਉਹਨੇ ਇਥੇ ਆ ਕੇ ਬਹੁਤ ਸਾਰੀ ਨਊਕਿਲਯਰ ਜਾਣਕਾਰੀ ਪ੍ਰਾਪਤ ਕਰ ਲਈ ਹੈ। ਜੇਕਰ ਇਹ ਇਸ ਪਵਿੱਤਰ ਜਾਣਕਾਰੀ ਨਾਲ ਤੀਜੀ ਦੁਨੀਆਂ 'ਚ ਵਾਪਿਸ ਪਹੁੰਚ ਗਿਆ ਤਾਂ ਵਿਕਸਿਤ ਦੇਸ਼ਾਂ ਦਾ ਭੇਤ ਨੀਚ ਤੇ ਕਮਜਾਤ ਦੁਨੀਆਂ ਵਿਚ ਪਹੁੰਚ



ਜਾਏਗਾ ਤੇ ਨੀਚ ਤੇ ਭੈੜੇ ਅਸਲੇ ਦੇ ਲੋਕ ਇਸ ਇਲਮ ਨੂੰ ਜਾਣ ਲੈਣਗੇ ਜਿਹੜਾ ਕੇਵਲ ਗਾਡਜ਼, ਡੇ ਗਾਡਜ਼ ਤੇ ਸੁਪਰ ਹਯੂਮਨ ਬੀਇੰਗਜ਼ ਲਈ ਰੀਜ਼ਰਵ ਹੈ। ਅਸੀਂ ਇਸਨੂੰ ਜਿਉਂਦਾ ਵੀ ਰੱਖਣਾ ਚਾਹੁੰਦੇ ਤਾਂ ਕਿਉਂਕਿ ਇਹ ਇਸ ਦਾ 'ਹਯੂਮਨ ਰਾਇਟ' ਹੈ ਤੇ ਇਸ ਕੋਲੋਂ ਉਹ ਇਲਮ ਵੀ ਵਾਪਸ ਲੈ ਲੈਣਾ ਚਾਹੁੰਦੇ ਹਾਂ ਜਿਹੜਾ ਸਾਡੀ ਵਿਰਾਸਤ ਹੈ ਅਤੇ ਜਿਹੜਾ ਸਾਡੀ ਬੇਧਿਆਨੀ ਕਰਕੇ ਇਸ ਨੇ ਪ੍ਰਾਪਤ ਕਰ ਲਿਆ ਹੈ।

ਨਯੂਰੋ-ਸਰਜਨ ਨੇ ਇਸ ਗੱਲ ਸੁਣ ਕੇ ਸਿਰ ਖੁਰਕਿਆ ਤੇ ਫਿਰ ਦੋਹਾਂ ਪ੍ਰੋਫੈਸਰਾਂ ਵੱਲ ਗੌਹ ਨਾਲ ਵੇਖਿਆ ਤੇ ਸਿਰ ਹਿਲਾ ਕੇ ਆਖਣ ਲੱਗਾ, "ਮੈਂ ਸਮਝ ਗਿਆ, ਬਿਲਕੁਲ ਸਮਝ ਗਿਆ....ਇਸ ਪ੍ਰੇਸ਼ਾਨੀ ਵਿਚ ਮੈਂ ਵੀ ਤੁਹਾਡੇ ਨਾਲ ਸਹਿਮਤ ਹਾਂ।"

ਉਹਨੇ ਅਸ਼ਰਫ਼ ਨੂੰ ਡੀਪ ਸਿਲਪ ਦੀ ਇਕ ਨੀਲੀ ਗੋਲੀ ਦਿੱਤੀ ਤੇ ਫਿਰ ਉਹਦੀਆਂ ਪਲਕਾਂ ਖੋਲ੍ਹ ਕੇ ਚੜ੍ਹੀਆਂ ਹੋਈਆਂ ਪੁਤਲੀਆਂ ਨੂੰ ਧਿਆਨ ਨਾਲ ਵੇਖਿਆ। ਅਸ਼ਰਫ਼ 'ਤੇ ਬੇਹੋਸ਼ੀ ਦੀ ਨੀਦਰ ਦਾ ਅਸਰ ਸੀ। ਨਯੂਰੋ ਸਰਜਨ ਨੇ ਕੰਪਰੀ 'ਤੇ ਪੈਂਸਲ ਦੇ ਸਾਈਜ਼ ਦੀ ਗੋਲ ਟਿਕੀ ਕੱਟ ਕੇ ਲੇਜ਼ਰ ਦੀ ਬਰੀਕ ਨਾਲੀ ਉਸ ਸੁਰਾਖ਼ 'ਤੇ ਰੱਖ ਕੇ ਘਨੋੜਾ ਦੱਬ ਦਿੱਤਾ। ਇਕ ਸਕਿੰਟ ਦੇ ਹਜ਼ਾਵੇਂ ਹਿੱਸੇ ਵਿਚ ਅਸ਼ਰਫ਼ ਦੇ ਦਿਮਾਗ ਦੀ ਯਾਦਦਾਸ਼ਤ ਵਾਲਾ ਭਾਗ ਮਿੱਟੀ ਬਣ ਕੇ ਕੇਰੀ-ਕੇਰੀ ਵਾਂਗ ਸਖਤ ਹੋ ਗਿਆ।

ਡਾਕਟਰ ਨੇ ਖੋਪੜੀ ਦੀ ਗੋਲ ਕੱਟੀ ਹੋਈ ਟਿਕੀ ਵਾਪਸ ਸੁਰਾਖ਼ 'ਚ ਫਿਟ ਕਰ ਕੇ 'ਤੇ ਟੇਪ ਲਗਾ ਦਿੱਤੀ ਤੇ ਤਿੰਨੇ ਜਣੇ ਮਰੀਜ਼ ਦੇ ਕਮਰੇ 'ਚੋਂ ਬਾਹਰ ਨਿਕਲ ਗਏ।

ਜਦੋਂ ਅਸ਼ਰਫ਼ ਗੂੜੀ ਨੀਂਦਰ 'ਚੋਂ ਜਾਗਿਆ ਤਾਂ ਉਹਨੂੰ ਬੜੀ ਭੁੱਖ ਲੱਗੀ ਹੋਈ ਸੀ ਪਰ ਉਹਨੂੰ ਚੇਤੇ ਨਹੀਂ ਸੀ ਆ ਰਿਹਾ ਕਿ ਭੁੱਖ ਕੀ ਹੁੰਦੀ ਹੈ ਤੇ ਇਸ ਵੇਲੇ ਉਹ ਪਹਿਲਾਂ ਕੀ ਕਰਦਾ ਰਿਹਾ ਹੈ ? ਫਿਰ ਉਸ ਨੇ ਕਮਰੇ ਨੂੰ, ਉਹਦੀਆਂ ਬਾਰੀਆਂ ਨੂੰ, ਬਾਰੀਆਂ ਦੇ ਪਰਦਿਆਂ ਨੂੰ ਧਿਆਨ ਨਾਲ ਵੇਖਿਆ ਤੇ ਹੈਰਾਨ ਜਿਹਾ ਹੋਣ ਲੱਗਾ ਕਿ ਇਹ ਸਾਰੀਆਂ ਕੀ ਚੀਜ਼ਾਂ ਹਨ ? ਤੇ ਇਥੇ ਕੀ ਕਰ ਰਹੀਆਂ ਹਨ ਤੇ ਇਨ੍ਹਾਂ ਨੂੰ ਇਸ ਤਰ੍ਹਾਂ ਕਿਹਨੇ ਬਣਾ ਦਿੱਤਾ ਹੈ ? ਉਹਨੇ ਆਪਣਾ ਹੱਥ ਚੁੱਕ ਕੇ ਵੇਖਿਆ ਤਾਂ ਉਹਨੂੰ ਚੇਤੇ ਆਇਆ ਕਿ ਇਹ ਉਹਦਾ ਹੱਥ ਹੈ। ਫਿਰ ਉਹਨੇ ਆਪਣੇ ਸਿਰ 'ਤੇ ਹੱਥ ਫੇਰਿਆ ਤਾਂ ਉਹਨੂੰ ਮਹਿਸੂਸ ਹੋਇਆ ਕਿ ਇਹ ਉਸਦਾ ਸਿਰ ਹੈ। ਕੰਨਪਟੀ ਦੇ ਉਤੇ ਇਕ ਨਿੱਕੀ ਜਿਹੀ ਚੇਪੀ ਲੱਗੀ ਸੀ ਪਰ ਅਸ਼ਰਫ਼ ਨੂੰ ਉਹਦਾ ਕੋਈ ਇਹਸਾਸ ਨਾ ਹੋਇਆ। ਹੌਲੀ-ਹੌਲੀ ਉਹਨੇ ਆਪਣਾ ਅੰਗ-ਅੰਗ ਪਛਾਣ ਲਿਆ ਪਰ ਉਹਨੂੰ ਇਹ ਨਾ ਪਤਾ ਲੱਗ ਸਕਿਆ ਕਿ ਉਹ ਆਪ ਕੌਣ ਹੈ ਤੇ ਇਹ ਕਿਹੜੀ ਥਾਂ ਹੈ ਜਿੱਥੇ ਉਹ ਲੇਟਿਆ ਹੋਇਆ ਹੈ ?

ਇਲਮ ਦੀ ਹੈਂਖੜ ਵੀ ਅਜੀਬ ਹੈਂਕੜ ਏ। ਘੋੜਸਵਾਰ ਕੋਲ ਘੋੜਾ ਭਜਾਉਣ ਦਾ ਇਲਮ ਹੁੰਦਾ ਹੈ ਤਾਂ ਉਹ ਉਹਨੂੰ ਛਾਂਟਾ ਬਣਾ ਕੇ ਵਰਤਦਾ ਹੈ। ਮਹਾਵਤ ਆਪਣਾ ਇਲਮ ਅੰਕੁਸ਼ ਰਾਹੀਂ ਦੱਸਦਾ ਹੈ। ਬੁੱਧੀਮਾਨ, ਆਲਮ, ਚਿੰਤਕ, ਗਿਆਨੀ, ਵਿਦਵਾਨ ਬੰਦਾ ਆਪਣੇ-ਇਲਮ ਦੀ ਸ਼ਕਤੀ ਨਾਲ ਲੋਕਾਂ ਦੇ ਅੰਦਰ ਵੜ ਜਾਂਦਾ ਹੈ ਤੇ ਉਹਨਾਂ ਦੀ ਬੇਪਰਦਗੀ ਦਾ ਨਜ਼ਾਰਾ ਕਰ ਕੇ ਉੱਚਾ ਹੋ ਜਾਂਦਾ ਹੈ। ਇਲਮ ਵਾਲਾ ਤੁਹਾਨੂੰ ਕੁਝ ਦਿੰਦਾ ਨਹੀਂ, ਤੁਹਾਡੇ ਅਪਮਾਨ ਨੂੰ ਵੇਖ ਕੇ ਤੁਹਾਨੂੰ ਸ਼ਰਮਿੰਦਗੀ ਦਾ ਪ੍ਰਮਾਣ-ਪੱਤਰ ਦੇ ਜਾਂਦਾ ਹੈ। ਤੁਸੀਂ ਉਹਦੇ ਗਿਆਨ 'ਚੋਂ ਹਿੱਸਾ ਨਹੀਂ ਵੰਡਾ ਸਕਦੇ, ਜਿਹੜਾ ਵੀ ਗਿਆਨ ਹੈ ਉਹਦਾ ਹੈ ਜੋ ਲਾਭਦਾਇਕ ਹੈ। ਪਰ ਉਹ ਇਲਮ ਜਿਹੜਾ ਪੁਰਾਣੀ

**ਬਾਕੀ ਪੰਨਾ ਨੰ-20 'ਤੇ**

## ਪੰਚਕੂਲੇ 'ਚ ਜਨਾਜ਼ਾ/ਦੇਸ ਰਾਜ ਕਾਲੀ

ਲੈ ਬਈ, ਅੱਜ ਆ ਗਿਆ ਮਜ਼ਾ। ਖੁੱਲ੍ਹੇ-ਡੁੱਲ੍ਹੇ ਕੱਪੜੇ। ਬੈਠਣ-ਉਠਣ ਦਾ ਵੀ ਸੁਆਦ ਆਊ। ਨੰਗੇ ਪੈਰ। ਪਹਿਲਾਂ ਤਾਂ ਇਨ੍ਹਾਂ ਸਾਲਿਆਂ ਦੇ ਘਰੇ ਆਉਣ ਦਾ ਹੱਜ ਵੀ ਨਹੀਂ ਸੀ। ਟਾਈਟ ਹੋ ਕੇ ਬੈਠੋ, ਪੈਂਟਾਂ ਕੱਸੀ ਰੱਖੋ। ਬੂਟਾਂ ਦੇ ਤਸਮੇਂ ਢਿੱਲੇ ਨਾ ਹੋਣ। ਟਾਈ ਲਾ ਲਵੋ। ਜਵਾਈ ਨੂੰ ਕੋਟ-ਪੈਂਟ ਪਾ ਕੇ ਆਉਣਾ ਚਾਹੀਦਾ, ਇੱਜ਼ਤ ਦਾ ਸਵਾਲ ਹੁੰਦਾ। ਆਂਢ-ਗੁਆਂਢ ਦੇ ਜਵਾਈ ਆਉਂਦੇ ਨੇ, ਕਾਰਾਂ 'ਤੇ। ਕੋਟ-ਪੈਂਟ ਪਾਏ ਹੋਏ। ਗਲਾਂ 'ਚ ਸੋਨੇ ਦੀਆਂ ਚੇਨਾਂ ਲਿਸ਼ਕ ਰਹੀਆਂ। ਉਂਗਲੀਆਂ 'ਚ ਚਾਰ-ਚਾਰ ਮੁੰਦਰੀਆਂ। ਧੀਆਂ ਨਾਲ ਤੁਰਦੀਆਂ ਵੀ ਚੰਗੀਆਂ ਲੱਗਦੀਆਂ।

ਪਤਾ ਨਹੀਂ ਕੀ ਕੁਝ ਸੁਣਨਾ ਪੈਂਦਾ ਸੀ। ਤਦੇ ਮੈਂ ਇੱਥੇ ਘੱਟ ਈ ਆਉਂਦਾ ਸਾਂ। ਅੱਜ ਆਹ ਇਨ੍ਹਾਂ ਦੀ ਭੂਆ ਪੂਰੀ ਹੋਈ ਆ ਤਾਂ ਆ ਗਿਆਂ। ਪਰ ਅੱਜ ਕੋਈ ਰੋਕ-ਟੋਕ ਨਹੀਂ। ਮਜ਼ੇ ਨਾਲ ਮੈਂ ਆਪਣੀ ਮਰਜ਼ੀ ਦੇ ਕੱਪੜੇ ਪਾਏ ਨੇ। ਨੰਗੇ ਪੈਰੀਂ ਘੁੰਮ ਕੇ ਆਇਆਂ ਬਾਹਰ। ਜਿਸ ਕਮਰੇ 'ਚ ਭੂਆ ਦੀ ਬਰਫ਼ 'ਚ ਲਾਈ ਲਾਸ਼ ਪਈ ਹੈ, ਉਥੇ ਸਿੰਮ ਆਏ ਪਾਣੀ ਉੱਤੇ ਚੱਲਣ ਦਾ ਆਨੰਦ ਈ ਕੁਝ ਹੋਰ ਐ। ਨਾਲੇ ਇਨ੍ਹਾਂ 'ਚ ਰੋਣ-ਪਿੱਟਣ ਵੀ ਸਾਡੇ ਪਿੰਡਾਂ ਵਾਲਿਆਂ ਵਾਂਗ ਬਹੁਤਾ ਨਹੀਂ ਕਰਦੇ। ਬੱਸ ਦੋ ਕੁ ਵਾਰੀ ਬੁਸਕੀਆਂ ਨੇ ਬੁੜ੍ਹੀਆਂ ਕਿਸੇ ਦੇ ਆਉਣ 'ਤੇ। ਹੁਣ ਖ਼ਾਮੋਸ਼ੀ ਹੈ। ਕੋਈ-ਕੋਈ ਭੂਆ ਦੀ ਗੱਲ ਤੋਰ ਰਹੀ ਹੈ। ਏਨਿਆਂ 'ਚ ਮੇਰੀ ਘਰਵਾਲੀ ਉਦਾਸ ਲੱਗ ਰਹੀ ਹੈ। ਇਹਦੇ ਨਾਲ ਤੇਹ ਵੀ ਸੀ ਭੂਆ ਦਾ। ਨਿੱਕੀ ਹੁੰਦੀ ਨੂੰ ਉਹਨੇ ਈ ਪਾਲ਼ਿਆ ਹੈ। ਆਪ ਭੂਆ ਬਾਲ ਵਿਧਵਾ ਸੀ। ਮੁੜ ਕੇ ਆਪਣੇ ਪੇਕੇ ਘਰ ਈ ਰਹੀ। ਦੂਜਾ ਵਿਆਹ ਇਨ੍ਹਾਂ 'ਚ ਕਰਦੇ ਨਹੀਂ ਸਨ। ਉਹਨੇ ਪਹਾੜ ਜਿੱਡੀ ਉਮਰ ਇਕੱਲਿਆਂ ਈ ਗੁਜ਼ਾਰੀ ਐ। ਆਖਿਰੀ ਦਿਨਾਂ 'ਚ ਛਾਤੀ ਦਾ ਕੈਂਸਰ ਫੈਲਦਾ-ਫੈਲਦਾ ਉਹਦੀ ਜਾਨ ਦਾ ਖੌਅ ਬਣ ਗਿਆ। ਘਰਵਾਲੀ ਮੇਰੇ ਲਾਗਿਓਂ ਇੱਕ-ਦੋ ਵਾਰੀ ਲੰਘੀ ਐ। ਕੁਝ ਕਹਿਣਾ ਹੋਵੇਗਾ! ਉਹਦੀ ਗੱਲ ਸੁਣ ਲਵਾਂ।

"ਹਾਂ, ਕੀ ਗੱਲ ?"

"ਤੁਸੀਂ ਚਾਹ ਪੀ ਲੈਂਦੇ !"

"ਤੂੰ ਚਿੰਤਾ ਨਾ ਕਰ।"

"...ਭੂਆ...।" ਉਹ ਹਟਕੋਰੇ ਲੈਣ ਲੱਗੀ।

"ਚੁੱਪ ਕਰ, ਹੌਸਲਾ ਰੱਖ...ਉਹ ਸਗੋਂ ਦੁੱਖ ਤੋਂ ਛੁੱਟੇ...ਕਿਸੇ ਨੇ ਕਿਹੜਾ ਕਸਰ ਰੱਖੀ ਹੈ ਇਲਾਜ ਵਾਲੀ...।" ਮਨ 'ਚ ਆ ਰਿਹਾ, ਇਹਦਾ ਮੂੰਹ ਚੁੰਮ ਲਵਾਂ। ਤ੍ਰਿਪ-ਤ੍ਰਿਪ ਡਿਗਦੇ ਅੱਥਰੂ। ਲਾਲ ਸੁਰਖ਼ ਹੋਇਆ ਰੰਗ। ਸਿਆਨੇ ਕੱਪੜੇ। ਹਲਕੇ ਕਾਸ਼ਨੀ ਰੰਗ ਦੇ ਦੁਪੱਟੇ ਨਾਲ ਸਿਰ ਢਕਿਆ ਹੋਇਆ। ਬਹੁਤ ਪਿਆਰੀ ਲੱਗ ਰਹੀ ਹੈ।

"ਜਾਓ ਬਾਹਰ ਦੇਖਿਓ ਕੀ ਕਰ ਰਹੇ ਨੇ...ਤੁਸੀਂ ਵੀ ਨਾਲ ਕੁਝ ਕਰਾ ਲਵੋ...।"

"ਨਹੀਂ ਬਈ ਨਹੀਂ। ਇਨ੍ਹਾਂ ਧਿਆਨਿਆਂ ਨੇ ਹੱਥ ਨਹੀਂ ਲਾਉਣਾ। ਇਹ ਤਾਂ ਪੂਜਣਯੋਗ ਨੇ। ਤੁਸੀਂ ਬੈਠੋ...। ਬਾਹਰ ਵੱਡੇ ਸਭ ਤਿਆਰੀ ਕਰ ਰਹੇ ਨੇ...।" ਘਰਵਾਲੀ ਦਾ ਦਿੱਲੀਓਂ ਆਇਆ ਮਾਮਾ ਬੋਲ ਪਿਆ। ਇਨ੍ਹਾਂ ਦਾ ਰੀਅਲ ਐਸਟੇਟ ਦਾ ਕਾਰੋਬਾਰ ਹੈ। ਰੋਹਨੀ ਨੇੜੇ ਬਹੁਤ ਵੱਡਾ ਫਾਰਮ ਹਾਊਸ ਬਣਾਇਆ ਹੋਇਆ। ਮੇਰੀ ਸੱਸ ਹਮੇਸ਼ਾ ਇਨ੍ਹਾਂ ਦੇ 'ਨੋਟਾਂ 'ਚ ਖੇਡਣ' ਦੀ ਉਦਾਹਰਣ ਦਿੰਦੀ ਹੈ। ਬਾਹਰ ਦੇਖ ਰਿਹਾ ਹਾਂ। ਸੀੜ੍ਹੀ ਤਿਆਰ ਕਰ ਰਹੇ ਨੇ। ਸਾਲੇ ਮੇਰੇ ਦੇ ਹੱਥ 'ਚ ਸਮੱਗਰੀ ਵਾਲਾ ਲਿਫ਼ਾਫ਼ਾ



ਹੈ। ਮੋਟੀ ਅਕਲ ਦਾ ਮਾਲਕ ਇਨ੍ਹਾਂ ਦਾ ਗੁਆਂਢੀ ਮੁੰਡਾ ਬਾਂਸ ਦੀਆਂ ਪੋਰੀਆਂ ਕੱਸ ਕੇ ਫੜੀ ਬੈਠਾ ਹੈ। ਉਸੇ ਤਰ੍ਹਾਂ ਜਿਵੇਂ ਉਹ ਭੂਆ ਦੀਆਂ ਲੱਤਾਂ ਘੁੱਟਿਆ ਕਰਦਾ ਸੀ। ਭੂਆ ਨੇ ਕਾਫੀ ਚਿਰ ਇੱਕ ਸਕੂਲ 'ਚ ਪੜ੍ਹਾਇਆ। ਘਰ ਆ ਕੇ ਉਹ ਨਿੱਕਾ-ਮੋਟਾ ਆਹਰ ਕਰਿਆ ਕਰਦੀ। ਛੋਟੀ-ਮੋਟੀ ਟਿਊਸ਼ਨ ਪੜ੍ਹਾ ਛੱਡਦੀ। ਟਾਈਮ ਪਾਸ ਹੋ ਜਾਂਦਾ। ਸਾਡੇ ਵਿਆਹ ਤੋਂ ਸਾਲ ਕੁ ਬਾਅਦ ਮੈਂ ਆਹ ਮੁੰਡਾ ਇਨ੍ਹਾਂ ਦੇ ਕੋਲ ਪੜ੍ਹਨ ਆਉਂਦਾ ਵੇਖਿਆ ਹੈ। ਘਰਵਾਲੀ ਨੇ ਦੱਸਿਆ ਕਿ ਇਹ ਸ਼ੁਰੂ ਤੋਂ ਈ ਸਿੱਧਰਾ ਏ। ਕਿਸੇ ਭਾਂਡਿਆਂ ਵਾਲੇ ਦੀ ਦੁਕਾਨ 'ਤੇ ਕੰਮ ਕਰਦਾ ਏ। ਹੁਣ ਥੋੜ੍ਹਾ ਬਹੁਤ ਪੜ੍ਹਨਾ-ਲਿਖਣਾ ਸਿੱਖਣਾ ਚਾਹੁੰਦਾ ਏ। ਘਰਦਿਆਂ ਵੀ ਪਹਿਲਾਂ ਤੋਂ ਧਿਆਨ ਨਹੀਂ ਦਿੱਤਾ। ਭੂਆ ਉਸ ਨੂੰ ਬੱਚਿਆਂ ਵਾਂਗ ਪੜ੍ਹਾਉਂਦੀ, " ਕ ਕਬੂਤਰ !" ਉਹ ਥਥਲਾ ਕੇ ਬੋਲਦਾ। ਕਈ ਅੱਖਰ ਛੱਡ ਦਿੰਦਾ। ਭੂਆ ਫੇਰ ਦੁਹਰਾਉਂਦੀ। ਥੋੜ੍ਹੀ ਦੇਰ ਬਾਅਦ ਉਹ ਭੂਆ ਦੀਆਂ ਪਿੰਡਲੀਆਂ ਦਬਾ ਰਿਹਾ ਹੁੰਦਾ। ਉਹਦੇ ਹੱਥਾਂ 'ਚ ਕਸਾ ਹੁੰਦਾ। ਭੂਆ ਸਕੂਨ 'ਚ ਅੱਖਾਂ ਮੁੰਦ ਲੈਂਦੀ। ਮੈਂ ਇਹ ਸੀਨ ਚੋਰ ਅੱਖ ਨਾਲ ਵੇਖਦਾ। ਕਈ ਬੁਣਤਰਾਂ ਆਪਣੇ ਮਨ 'ਚ ਬੁਣਦਾ-ਉਧੇੜਦਾ। ਇੱਕ ਦਿਨ ਭੂਆ ਉਹਦੇ ਬਾਰੇ ਇੱਕ ਔਰਤ ਨਾਲ ਗੱਲ ਕਰ ਰਹੀ ਸੀ, "ਉਹਦੇ ਪੱਟ ਦੇਖਾਂ ਮਰ ਜਾਣੇ ਦੇ...! ਅਕਲ ਭੋਰਾ ਨ੍ਹੀਂ..! ਪਰ ਉਹਦਾ ਵੀ ਕੀ ਕਸੂਰ, ਵਿਚਾਰਾ ਸਿੱਧਰਾ ਏ...। ਆਪੇ ਕਹੇਗਾ, ਭੂਆ ਜੀ ਲੱਤਾਂ ਘੁੱਟਾਂ ਤੁਹਾਡੀਆਂ। ਬੜੀ ਜਾਨ ਐ ਉਹਦੇ ਹੱਥਾਂ 'ਚ...ਅਰਾਮ ਆ ਜਾਂਦਾ। ਅੱਗ ਲੱਗਣੀ ਆਹ ਸ਼ੂਗਰ ਕਰਕੇ ਵੀ ਲੱਤਾਂ 'ਚ ਦਰਦਾਂ ਰਹਿੰਦੀਆਂ...।"

ਯਾਰ ਇਸ ਔਰਤ ਨੇ ਸਾਰੀ ਉਮਰ ਲੰਘਾ ਦਿੱਤੀ ! ਲੰਘਾ ਈ ਸਕਦਾ ਬੰਦਾ, ਏਡੀ ਵੀ ਕੀ ਗੱਲ ਆ। ਵੈਸੇ ਹੋ ਸਕਦਾ ਕਿਤੇ ! ਸ਼ਾਇਦ ਉਸ ਸਕੂਲ ਦੇ ਪ੍ਰਧਾਨ ਜਿਹਨੂੰ ਇਹ 'ਭ੍ਰਾਤਾ' ਕਹਿੰਦੀ ਸੀ, ਉਹਦੇ ਨਾਲ। ਨਹੀਂ ਹੋ ਨਹੀਂ ਸਕਦਾ। ਜੇ ਹੁੰਦਾ ਤਾਂ ਘਰਵਾਲੀ ਨੇ ਜ਼ਰੂਰ ਦੱਸ ਦੇਣਾ ਸੀ। ਇਹਦੇ ਨਾਲ ਈ ਪੜ੍ਹਾਉਂਦੇ ਖਚਰੇ ਤਿਵਾੜੀ ਬਾਰੇ ਵੀ ਤਾਂ ਉਹਨੇ ਦੱਸ ਈ ਦਿੱਤਾ ਸੀ, ਪਈ ਉਹ ਨਿੱਕੀਆਂ-ਨਿੱਕੀਆਂ ਕੁੜੀਆਂ ਦੇ ਮੂੰਹ ਚੁੰਮਦਾ ਰਹਿੰਦਾ ਸੀ। ਇਹਨੇ ਆਪ ਦੇਖਿਆ ਉਸ ਨੂੰ ਸਟੋਰ 'ਚ ਏਦਾਂ ਕਰਦਿਆਂ। ਪਰ ਵੈਸੇ ਜਿੰਨਾ ਕੁ ਮੈਂ ਅੰਦਾਜ਼ਾ ਲਾ ਕੇ ਦੇਖਦਾਂ, ਭੂਆ ਬਣ-ਠਣ ਕੇ ਪੂਰੀ ਰਹਿੰਦੀ ਸੀ। ਰੰਗ-ਬਿਰੰਗੀਆਂ ਸਾੜ੍ਹੀਆਂ ਲਾਉਂਦੀ ਸੀ। ਬਿਮਾਰ ਹੋਣ ਤੱਕ ਉਹਨੇ ਸਾੜ੍ਹੀ ਲਾਉਣੀ ਨਹੀਂ ਛੱਡੀ। ਫ਼ਿਲਮਾਂ ਦੇਖਣ ਦਾ ਸ਼ੌਕ ਸੀ ਇਹਨੂੰ ਪੂਰਾ। ਇੱਕ ਵਾਰੀ ਸਾਡੇ ਨਾਲ ਫ਼ਿਲਮ ਵੇਖਣ ਗਈ ਸੀ 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ।' ਪਰ ਏਦਾਂ ਨਹੀਂ ਹੋਣੀ, ਉਹ ਤਾਂ ਉਹਨੂੰ 'ਭ੍ਰਾਤਾ' ਕਹਿੰਦੀ ਸੀ। ਨਾਲੇ ਇੱਕ ਗੱਲ ਹੋਰ ਐ। ਆਖਿਰੀ ਦਿਨਾਂ 'ਚ ਉਹਨੇ ਜਿਵੇਂ ਇਹਨੂੰ ਸਕੂਲੋਂ ਕੱਢਿਆ, ਓਦਾਂ ਦੀ ਗੱਲ ਹੁੰਦੀ ਤਾਂ ਉਹਦਾ ਵਿਹਾਰ ਹੋਰ ਹੋਣਾ ਸੀ। ਇਹਨੇ ਵੀ ਮੁੜ ਕੇ ਉਹਦਾ ਨਾਂਅ ਤੱਕ ਨਹੀਂ ਲਿਆ। ਜਦੋਂ ਮਰਿਆ, ਉਦੋਂ ਵੀ ਇਹਨੇ ਇਹੀ ਕਿਹਾ ਸੀ, "ਦੂਜਿਆਂ ਨੂੰ ਸਤਾਉਣ ਵਾਲਾ ਬੰਦਾ ਏਦਾਂ ਈ ਮਰਦਾ ਹੁੰਦਾ...।"

ਯਾਰ ਹੁਣ ਕੀ ਕਰੀ ਜਾਂਦੇ ਆ ? ਬਾਹਰ ਕਿਉਂ ਨਹੀਂ ਲਿਆਉਂਦੇ ਲਾਸ਼ ਨੂੰ ? ਸਾਰੇ ਤਾਂ ਆ ਗਏ ਲੱਗਦੇ ਨੇ ! ਵੈਸੇ ਇਹ ਕਮਾਲ ਵੀ ਮੋਬਾਇਲ ਨੇ ਈ ਕੀਤੈ, ਪਲਾਂ 'ਚ ਸਭ ਨੂੰ ਸੂਚਿਤ ਕਰ ਦਿਓ। ਮਿਲਾਓ ਨੰਬਰ ਤੇ ਦਿਨਾਂ ਦਾ ਫ਼ਾਸਲਾ ਸਕਿੰਟਾਂ 'ਚ ਤੈਅ। ਹੁਣ ਅਗਲਾ ਵੀ ਬਿਨਾਂ ਦੇਰੀ ਪਹੁੰਚ ਸਕਦਾ ਹੈ। ਇਹ ਹੁਣ ਏਨੀ ਦੇਰ ਕਿਉਂ ਕਰ ਰਹੇ ਨੇ ?

"ਕੀ ਹੋਇਆ ਹੁਣ। ਕਿਹਦੀ ਉਡੀਕ ਹੈ ?"

"ਡੈਡੀ ਦੀ ਮਾਸੀ ਦੇ ਪੁੱਤ ਨਹੀਂ ਆਏ !"

"ਉਨ੍ਹਾਂ ਤਾਂ ਕਰਨਾਲ ਤੋਂ ਆਉਣਾ ਸੀ !"

"ਆਹੋ !"

"ਤਾਂ ਫੇਰ ਕੀ ਹੋ ਗਿਆ ਉਨ੍ਹਾਂ ਨੂੰ ?"

"ਉਹ ਪਹਿਲਾਂ ਅੰਬਾਲੇ ਤੱਕ ਗੱਡੀ 'ਚ ਆਉਣਗੇ। ਇਥੋਂ ਗੱਡੀ ਬਦਲ ਕੇ ਪੰਚਕੂਲੇ ਵਾਲੀ ਫੜਨਗੇ।"

"ਬੱਸੇ ਆ ਜਾਂਦੇ ਤਾਂ ਕਿਹੜਾ ਦੂਰ ਸੀ ?"

"ਮੈਨੂੰ ਹੁਣ ਕੀ ਪਤਾ...।"

ਮੈਨੂੰ ਘਰਵਾਲੀ ਨਾਲ ਇਹ ਸਵਾਲ-ਜਵਾਬ ਨਹੀਂ ਕਰਨੇ ਚਾਹੀਦੇ। ਉਹਦਾ ਮਨ ਉਦਾਸ ਐ। ਹੁਣ ਇਹ ਖਿਝ ਨਾ ਜਾਵੇ, ਪਰ ਫੇਰ ਵੀ ਪੁੱਛ ਕੇ ਦੇਖਣਾ ਤਾਂ ਚਾਹੀਦਾ।

"ਤੇਰੇ ਚਾਚਾ ਜੀ ਹੁਰੀਂ ਨਹੀਂ ਆਏ ?"

"ਉਨ੍ਹਾਂ ਦਾ ਫੋਨ ਨੰਬਰ ਈ ਨਹੀਂ ਮਿਲਿਆ ਕਿਤਿਉਂ ?"

"ਆਪ ਜਾ ਆਉਂਦੇ।"

"ਇਨ੍ਹਾਂ ਨੂੰ ਆਪਸ ਵਿੱਚ ਬੋਲਿਆਂ ਦਸ ਸਾਲ ਹੋ ਗਏ ਨੇ। ਹੁਣ ਉਹ ਪਤਾ ਨਹੀਂ ਕਿੱਥੇ ਰਹਿੰਦੇ ਨੇ। ਕਿਸੇ ਰਿਸ਼ਤੇਦਾਰ ਨਾਲ ਵੀ ਨਹੀਂ ਬਣਾਈ ਉਨ੍ਹਾਂ ਨੇ। ਇਹ ਕਿੱਥੇ ਲੱਭਦੇ ਫਿਰਨ...।"

ਉਹ ਤੁਰ ਗਈ ਹੈ। ਮੈਨੂੰ ਲੱਗਦੈ ਮੋਬਾਇਲ ਨਹੀਂ ਦਿਲਾਂ ਦੀਆਂ ਦੂਰੀਆਂ ਮਿਟਾ ਸਕਦਾ। ਇਹਨੇ ਕਿਸੇ ਨੂੰ ਕੀ ਨੇੜੇ ਕਰਨਾ ? ਸਾਲੇ ਕਹਿੰਦੇ ਨੇ 'ਮੋਬਾਇਲ ਮਿਟਾਏ ਦੂਰੀਆਂ !' ਤੁਹਾਡੀ ਮਾਂ ਦਾ ਟਣਾ। ਨਾਲੇ ਸਾਲ਼ਿਓ ਇੱਥੇ ਕੀ ਕਰ ਲਊ ਮੋਬਾਇਲ ?

ਦਿਲ ਕਾਹਲਾ ਪੈ ਰਿਹਾ ਹੈ। ਚੁੱਕਣ ਹੁਣ। ਇਨ੍ਹਾਂ ਸਾਰਿਆਂ ਦੀਆਂ ਹਰਕਤਾਂ 'ਚ ਵੀ ਕਾਹਲ ਜਾਪ ਰਹੀ ਹੈ। ਸੀੜ੍ਹੀ ਚੁੱਕ ਲਈ ਗਈ ਹੈ। "ਰਾਮ ਨਾਮ ਸੱਤ ਹੈ!"—"ਰਾਮ ਨਾਮ ਸੱਤ ਹੈ !" ਮੈਂ ਵੀ ਨੰਗੇ ਪੈਰੀਂ ਪਿੱਛੇ ਤੁਰ ਪਿਆ ਹਾਂ। ਪਰ ਮੈਨੂੰ ਨਹੀਂ ਲੱਗਦਾ ਕਿ 'ਰਾਮ ਨਾਮ ਸੱਤ ਹੈ।' ਇਥੇ ਸਭ ਕੁਝ ਝੂਠ ਹੈ। ਜੋ ਹੁਣ 'ਸੱਤ' ਹੈ, ਘੜੀ ਬਾਅਦ ਉਹ 'ਝੂਠ' ਹੋ ਜਾਵੇਗਾ। ਜਾਂ ਪਹਿਲਾਂ ਵਾਲਾ 'ਸੱਤ' ਉਹ ਹੋ ਈ ਨਹੀਂ ਸਕਦਾ। "ਰਾਮ ਨਾਮ ਸੱਤ ਹੈ।" ਮੰਦਰ 'ਚੋਂ ਆਉਂਦੀਆਂ ਦੋ ਔਰਤਾਂ ਨੇ ਸਿਰ ਢਕ ਲਏ। ਪਰ੍ਹੇ ਕੰਧ ਵੱਲ ਹੋ ਗਈਆਂ ਨੇ। ਜਨਾਜ਼ੇ ਵੱਲ ਵੇਖ ਵੀ ਨਹੀਂ ਰਹੀਆਂ। ਫੇਰ ਕਿਹੜਾ ਤੁਸੀਂ ਮੌਤ ਤੋਂ ਬਚ ਜਾਣਾ ਏ। ਤੁਹਾਡਾ ਵੀ ਇੱਕ ਨਾ ਇੱਕ ਦਿਨ 'ਰਾਮ ਨਾਮ ਸੱਤ' ਹੋ ਜਾਣਾ ਏ।

ਜਨਾਜ਼ਾ ਮੁੱਖ ਸੜਕ 'ਤੇ ਜਾ ਰਿਹਾ ਏ। ਕਹਿੰਦੇ ਨੇ ਜਨਾਜ਼ਾ ਰੋਕਣਾ ਨਹੀਂ ਚਾਹੀਦਾ। ਲੋਕ ਨੇੜੇ ਦੀ ਸ਼ੂ ਕਰਕੇ ਸਕੂਟਰ, ਕਾਰਾਂ ਲੰਘਾ ਰਹੇ ਨੇ। ਕੰਜਰ ਦੋ ਮਿੰਟ ਵੀ ਰੁਕ ਨਹੀਂ ਸਕਦੇ। ਨਾ ਰੁਕਣ ਹੌਲ਼ੀ ਕਰਕੇ ਲੰਘਾ ਲੈਣ। ਯਾਰ ਆਖ਼ਰ ਬੰਦਾ ਜਹਾਨ ਤੋਂ ਤੁਰ ਗਿਆ ਏ। ਕੁਝ ਤਾਂ ਦਿਲਾਂ 'ਚ ਹੌਲ ਪੈਣਾ ਚਾਹੀਦਾ। ਕਿਸੇ ਨੂੰ ਕੋਈ ਪਰਵਾਹ ਨਹੀਂ। ਜੇ ਅੱਗੇ ਚੌਕ 'ਚ ਲਾਲ ਬੱਤੀ ਹੋਈ ਤਾਂ ਕੀ ਕਰਨਗੇ। ਮੁਰਦਾ ਤਾਂ ਕਹਿੰਦੇ ਰੋਕਣਾ ਨਹੀਂ ਚਾਹੀਦਾ। ਯਾਰ ਇਨ੍ਹਾਂ ਨੇ ਇਹਦੇ ਪੈਰਾਂ ਵਾਲਾ ਪਾਸਾ ਈ ਅਗਾਂਹ ਕੀਤਾ ਜਾਂ ਸਿਰ ਵਾਲਾ ? ਇਨ੍ਹਾਂ ਨੂੰ ਇਸ ਗੱਲ ਦਾ ਖ਼ਬਰੇ ਪਤਾ ਈ ਨਾ ਹੋਵੇ। ਤਾਂ ਕੀ ਹੋਜੂ। ਉਹ ਕਿਹੜਾ ਘਰੇ ਪੈਰ ਅੜਾ ਕੇ ਖੜੀ ਰਹੂ। ਖੜੀ ਉਹਨੇ ਵਚਾਰੀ ਨੇ ਹੁਣ ਕੀ ਰਹਿਣਾ। ਉਹਨੇ ਤਾਂ ਆਪ ਮਸਾਂ ਜਾਨ ਛੁਡਾਈ ਆ। ਪਰ ਮਸਾਂ ਜਾਨ ਨਹੀਂ ਛੁਡਾਈ। ਉਹ ਮਰਨਾ ਨਹੀਂ ਸੀ ਚਾਹੁੰਦੀ। ਇੱਕ ਵਾਰ



ਜਦੋਂ ਸਾਡੇ ਘਰੇ ਆਈ ਦਾ ਹੇਠਾਂ ਦਮ ਘੁੱਟਿਆ ਤਾਂ ਗੋਡਿਆਂ ਭਾਰ ਰਿੜ੍ਹ-ਰਿੜ੍ਹ ਕੇ ਦਬਾਦਬ ਕੋਠੇ ਜਾ ਚੜ੍ਹੀ ਸੀ। ਉੱਤੇ ਜਾ ਕੇ ਭਾਵੇਂ ਸਾਹ ਚੜ੍ਹਨ ਕਰਕੇ ਔਖੀ ਹੋਈ ਪਰ ਬਚਣ ਦਾ ਰਾਹ ਲੱਭ ਲਿਆ ਸੀ ਉਹਨੇ। ਗਰਮੀ ਸੀ ਵੀ ਬਹੁਤ ਉਦੋਂ। ਸਾਡੇ ਹੇਠਲੇ ਕਮਰਿਆਂ 'ਚ ਹੁੰਮ ਵੀ ਬਹੁਤ ਹੋ ਜਾਂਦਾ, ਅਜੇ ਉਪਰ ਰਤਾ ਹਵਾ ਲੱਗਦੀ ਰਹਿੰਦੀ ਆ। ਲਉ ਜੀ, ਇਨ੍ਹਾਂ ਤਾਂ ਲਾਲ ਬੱਤੀ 'ਤੇ ਵੀ ਲੰਘਾ ਲਿਆ ਜਨਾਜ਼ਾ। ਸਭ ਤੋਂ ਮੂਹਰੇ ਘਰਵਾਲੀ ਦੀ ਮਾਸੀ ਦਾ ਮੁੰਡਾ ਹੈਪੀ ਐ। ਕੰਜਰ ਬਾਹਲਾ ਉਦਾਸ ਲੱਗਿਆ ਸੀ ਅੱਜ। ਭੂਆ ਨਾਲ ਇਹਦਾ ਵੀ ਮੋਹ ਸੀ। ਘਰਵਾਲੀ ਨੇ ਇਹਨੂੰ ਚਾਹ ਲਿਆ ਕੇ ਦਿੱਤੀ ਤਾਂ ਇਹਨੇ ਚੁਕਵਾ ਦਿੱਤੀ, "ਦੀਦੀ, ਮੇਰਾ ਦਿਲ ਨਹੀਂ ਕਰਦਾ !" ਸਵੇਰ ਦਾ ਤੁਰਿਆ ਹੋਵੇਗਾ ਇਹ। ਚਲੋ ਏਦਾਂ ਈ ਹੋ ਜਾਂਦਾ। ਜਨਾਜ਼ਾ ਰਵਾਂ-ਰਵੀਂ ਤੁਰਿਆ ਜਾ ਰਿਹੈ। ਕੋਈ-ਕੋਈ ਮੋਢਾ ਬਦਲ ਲੈਂਦਾ ਏ। ਇਨ੍ਹਾਂ ਨੂੰ ਜਲਦੀ-ਜਲਦੀ ਮੋਢਾ ਬਦਲ ਲੈਣਾ ਚਾਹੀਦਾ। ਜਦੋਂ ਮੇਰੇ ਮਾਤਾ ਜੀ ਮਰੇ ਸੀ, ਉਨ੍ਹਾਂ ਦੀ ਲਾਸ਼ ਨੂੰ ਮੋਢਾ ਦਿੱਤਾ ਤਾਂ ਮੈਨੂੰ ਪਤਾ ਲੱਗਿਆ ਸੀ ਕਿ ਇਹ ਕਿੱਡਾ ਔਖਾ ਕੰਮ ਹੁੰਦਾ। ਬਾਹਲਾ ਭਾਰ ਸੀ। ਪਰ ਉਦੋਂ ਸੀੜ੍ਹੀ ਲੋਹੇ ਦੀ ਸੀ। ਸਾਡੇ ਪਿੰਡ ਵਾਲਿਆਂ ਪੱਕੇ ਤੌਰ 'ਤੇ ਈ ਬਣਾਈ ਹੋਈ ਐ ਸੀੜ੍ਹੀ। ਉਹਦੇ 'ਤੇ ਈ ਸਾਰਿਆਂ ਨੂੰ ਲੈ ਜਾਂਦੇ ਨੇ। ਇਨ੍ਹਾਂ ਨੇ ਤਾਂ ਨਵੇਂ ਬਾਂਸ ਲਿਆ ਕੇ ਪੋਰੀਆਂ ਰੱਸੀਆਂ ਨਾਲ ਬੰਨ੍ਹ ਲਈਆਂ ਸਨ। ਇਹਦਾ ਭਾਰ ਨਹੀਂ ਬਾਹਲਾ ਹੋਣਾ।

ਹੈਪੀ ਮੇਰੇ ਵੱਲ ਸਰਕ ਆਇਆ ਹੈ। ਚਿਹਰਾ ਉਤਰਿਆ ਜਾਪਦਾ। ਅੱਖਾਂ 'ਚ ਕੋਈ ਸਵਾਲ ਹੈ। "ਹਾਂ ਹੈਪੀ।"

"ਜੀਜਾ ਜੀ, ਮੈਂ ਸੁਣਿਆ ਤੁਹਾਡੇ ਸ਼ਹਿਰ ਇੱਕ ਨਵੀਂ ਅਖ਼ਬਾਰ ਆਈ ਐ। ਉੱਥੇ ਕੋਈ ਛੋਟੀ-ਮੋਟੀ ਨੌਕਰੀ ਈ ਲਗਵਾ ਦਿਓ! ਤੁਹਾਡੀ ਤਾਂ ਚੱਲਦੀ ਬਹੁਤ ਐ...।"

"ਰਾਮ ਨਾਮ ਸੱਤ ਹੈ।"—"ਰਾਮ ਨਾਮ ਸੱਤ ਹੈ।" ਮੈਨੂੰ ਜਾਪਦੈ ਹੈਪੀ ਨੇ ਕੁਝ ਨਹੀਂ ਕਿਹਾ। ਮੈਂ ਐਵੇਂ ਉਹਦੀਆਂ ਅੱਖਾਂ 'ਚੋਂ ਪੜ੍ਹ ਲਿਆ। ਸ਼ਮਸ਼ਾਨਘਾਟ ਦਾ ਦਰਵਾਜ਼ਾ ਲੰਘ ਆਏ ਹਾਂ। ਇੱਕ ਥੜ੍ਹੇ ਉੱਪਰ ਸੀੜ੍ਹੀ ਟਿਕਾ ਦਿੱਤੀ ਗਈ ਏ। ਵੱਡੀਆਂ-ਵੱਡੀਆਂ ਮੁੱਛਾਂ ਵਾਲਾ ਚਾਰਜੀ ਮੰਤਰ ਪੜ੍ਹ ਰਿਹਾ ਹੈ। ਮੈਂ ਪਰ੍ਹਾਂ ਬਣੀਆਂ ਮੂਰਤੀਆਂ ਵੱਲ ਝਾਕਣ ਲੱਗਿਆ ਹਾਂ। ਕਿਆ ਵਧੀਆ ਮੂਰਤੀ ਹੈ, ਸ਼ਿਵ ਸ਼ੰਕਰ ਦੀ! ਕਮਾਲ ਐ। ਹਾਰਡ ਸਟੋਨ 'ਚ ਬਣਾਈ ਹੋਈ ਐ। ਬਲੈਕ ਸਟੋਨ। ਮੁਲਾਇਮ ਕਿੰਨਾ ਹੈ। ਪਾਲਸ਼ ਵੀ ਦਿਲ ਲਾ ਕੇ ਕੀਤੀ ਲੱਗਦੀ ਐ। ਸ਼ਿਵਜੀ ਵੀ ਵੈਸੇ ਕਮਾਲ ਦਾ ਦੇਵਤਾ ਹੈ। ਇਹਦਾ ਕਾਸਟਿਊਮ ਵੇਖੋ ਕਿੰਨਾ ਕਮਾਲ ਦਾ ਹੈ। ਸ਼ੇਰ ਦੀ ਖੱਲ੍ਹ ਲੱਕ ਦੁਆਲੇ, ਇੱਕ ਹੱਥ 'ਚ ਡਮਰੂ, ਦੂਸਰੇ 'ਚ ਤ੍ਰਿਸ਼ੂਲ, ਜੜਾਵਾਂ 'ਚ ਗੰਗਾ, ਗਲੇ 'ਚ ਨਾਗ। ਸਰੀਰ ਨੂੰ ਭਸਮ ਰਮਾਈ ਹੋਈ। ਕਿਆ ਮੁਦਰਾ ਹੈ !

ਦੂਸਰੀ ਮੂਰਤੀ 'ਚ ਸ਼ਿਵਜੀ ਤ੍ਰਿਸ਼ੂਲ ਨਾਲ ਯਮ ਨੂੰ ਭਜਾ ਰਿਹਾ ਹੈ। ਯਮ ਮਹਾਬਲੀ ਹੈ ਤਾਂ ਸ਼ਿਵਜੀ ਵੀ ਰੁਦਰ ਰੂਪ ਹੈ। ਯਮ ਭੱਜ ਰਿਹਾ ਹੈ। ਮੇਰਾ ਕਵੀ ਯਾਰ ਮਨ 'ਚ ਆਪਣਾ ਅਕਸ ਬਣਾ ਲੈਂਦਾ ਹੈ। ਸ਼ਰਾਬ ਨਾਲ ਰੱਜਿਆ ਹੋਇਆ। ਦੇਸੀ ਸ਼ਰਾਬ ਦੀ ਬੋਤਲ ਤੇ ਗਲਾਸੀ ਮੇਰੇ ਵੱਲ ਵਧਾਉਂਦਾ ਹੈ, "ਲੈ ਪੀ ਲੈ!"

"ਮੈਂ ਨਹੀਂ ਦੇਸੀ ਪੀਂਦਾ। ਮਰਨਾ ?"

"ਬੰਦਾ ਨਹੀਂ ਮਰਦਾ ਭਾਈ...। ਬੰਦਾ ਨਹੀਂ ਮਰਦਾ...। ਆਹ ਜਿਹੜਾ ਯਮ ਹੈ ਨਾ, ਇਹ ਝੋਟੇ 'ਤੇ ਚੜ੍ਹ ਕੇ ਆਉਂਦੈ। ਫੇਰ ਇਹਦੇ ਕੋਲ ਬਹੁਤ ਭਾਰਾ ਮੁਗਧਰ ਐ, ਉਹ ਵੀ ਸੂਲਾਂ ਵਾਲਾ। ਬੰਦੇ ਦੇ ਮਾਰਦਾ ਕਿ ਉੱਠ ਤੁਰ। ਪਰ ਬੰਦਾ ਪੈਰ ਅੜਾ ਕੇ ਬੈਠਾ ਰਹਿੰਦਾ..। ਬੰਦਾ ਨਹੀਂ ਮਰਦਾ...।"

ਮੇਰੀਆਂ ਅੱਖਾਂ ਸਾਹਵੇਂ ਉਹਦੀ ਕਵਿਤਾ ਦਾ ਮੈਟਾਫਰ ਖੁੱਲ੍ਹਣਾ ਸ਼ੁਰੂ ਹੋ ਜਾਂਦਾ ਹੈ। ਭੂਆ ਨੇ ਪੈਰ ਅੜਾਏ ਹੋਏ ਨੇ। ਯਮ ਕੋਲ ਮੁਗਧਰ ਹੈ। ਉਹ ਇਹਨੂੰ ਮਾਰ ਰਿਹੈ। 'ਚੱਲ ਤੁਰ !' 'ਚੱਲ ਉੱਠ !' ਪਰ ਇਹ ਪੈਰ ਅੜਾਈ ਖੜੀ ਹੈ। ਭਲਾ ਧਮਾਨ ਕਿੰਨੇ ਭੰਨਿਆ ? ਮੈਂ ਵੇਖ ਨਹੀਂ ਸਕਿਆ ਉਹ ਰਸਮ। ਚੱਲੋ ਕੋਈ ਨ੍ਹੀਂ। ਇਹ ਕੀ ? ਇੱਥੇ ਤਾਂ ਅਜੀਬ ਰਿਵਾਜ ਹੈ। ਥੋੜ੍ਹੀਆਂ ਜਿਹੀਆਂ ਈ ਲੱਕੜਾਂ ਨਾਲ ਸਾਰ ਲੈਂਦੇ ਲੱਗਦੇ ਨੇ। ਆਹ ਕੀ ਲੱਕੜਾਂ ਦੇ ਆਲ਼ੇ-ਦੁਆਲ਼ੇ ਚਾਰਜੀ ਸਰੀਏ ਗੱਡ ਰਿਹੈ। ਅੱਛਾ-ਅੱਛਾ ! ਲੱਕੜਾਂ ਡਿੱਗਣ ਤੋਂ ਗੱਡ ਰਿਹਾ ਹੋਣਾ, ਲੈ ਹੁਣ ਭੱਜ ਕਿਥੇ ਭੱਜਣਾ ! ਲੱਕੜਾਂ ਵੀ ਨਹੀਂ ਡਿੱਗਣ ਦੇਣੀਆਂ, ਐਨ ਨਿਸ਼ਾਨਾ ਪੱਕਾ ਐ—

ਬੁੱਲ੍ਹੇ ਸ਼ਾਹ ਪਤਾ ਤਦ ਲੱਗ ਸੀ,
ਜਦੋਂ ਗੱਡੂ ਚਾਰਜੀ ਸਰੀਆ।

ਮੇਰਾ ਸਾਲਾ ਪਰ੍ਹਾਂ ਪਈ ਹਥੌੜੀ ਨਾਲ ਚੰਦਨ ਦੀ ਲੱਕੜੀ ਤੋੜ ਰਿਹਾ ਹੈ। ਛੋਟੀਆਂ-ਛੋਟੀਆਂ ਕੰਕਰਾਂ ਸਭ ਨੂੰ ਚੰਦਨ ਦੀਆਂ ਫੜਾਈਆਂ ਜਾ ਰਹੀਆਂ ਹਨ। ਮੈਨੂੰ ਵੀ ਫੜਾਈਆਂ ਹਨ। ਮੈਂ ਇੱਕ-ਦੋ ਚੁੱਕਣ ਦੀ ਥਾਂ ਪੰਜ-ਛੇ ਚੁੱਕ ਲਈਆਂ। ਫੇਰ ਪਤਾ ਨਹੀਂ ਕਿਉਂ ਵਾਪਸ ਉਸੇ ਲਿਫ਼ਾਫ਼ੇ 'ਚ ਰੱਖ ਦਿੱਤੀਆਂ। ਸਿਰਫ਼ ਇੱਕ ਟੁਕੜਾ ਆਪਣੇ ਹੱਥ 'ਚ ਰੱਖਿਆ। ਚਿਤਾ ਬਲ਼ ਉੱਠੀ ਹੈ। ਸਾਰਿਆਂ ਨੇ ਵਾਰੋ-ਵਾਰੀ ਚੰਦਨ ਚਿਤਾ 'ਤੇ ਸੁੱਟੀ ਹੈ। ਮੈਂ ਵੀ ਉਵੇਂ ਈ ਕੀਤਾ ਹੈ। ਦੂਸਰੇ ਪਾਸਿਓਂ ਘਰਵਾਲੀ 'ਤੇ ਨਿਗਾਹ ਗਈ, ਉਹ ਇਸ਼ਾਰੇ ਨਾਲ ਕੁਝ ਕਹਿ ਰਹੀ ਏ। ਮੈਂ ਉਹਦਾ ਇਸ਼ਾਰਾ ਵੇਖਦਾ ਹਾਂ। ਇਨ੍ਹਾਂ ਦੇ ਦੂਸਰੇ ਪਾਸੇ ਥੋੜ੍ਹਾ ਦੂਰ ਜਿਹੇ ਮੇਰਾ ਸਾਲਾ ਜ਼ਾਰੋ-ਜ਼ਾਰ ਰੋ ਰਿਹਾ ਹੈ। ਉਸ ਦਾ ਕਲਾਵਾ ਭਰੀ ਮੇਰੇ ਸਾਂਢੂ ਦਾ ਭਰਾ ਉਸ ਨੂੰ ਚੁੱਪ ਕਰਾ ਰਿਹਾ ਹੈ।

"ਤੁਸੀਂ ਵੀ ਜਾਓ ਓਧਰ ?" ਘਰਵਾਲੀ ਹੁਣ ਉਦਾਸ ਨਹੀਂ ਚਿੰਤਤ ਲੱਗ ਰਹੀ ਹੈ।

ਮੈਂ ਉਸਦੇ ਕਹੇ ਮੁਤਾਬਕ ਕਰਦਾ ਹਾਂ। ਸਾਲਾ ਮੇਰਾ ਮੇਰੇ ਨਾਲ ਲੱਗ ਕੇ ਧਾਹ ਮਾਰਦਾ ਹੈ। ਮੇਰਾ ਵੀ ਮਨ ਪੰਘਰ ਜਾਂਦਾ ਹੈ। ਅੱਖਾਂ ਸਿਲ੍ਹੀਆਂ ਹੋ ਜਾਂਦੀਆਂ ਨੇ ! ਮੈਂ ਉਸ ਨੂੰ ਕੁਝ ਨਹੀਂ ਕਹਿ ਪਾਉਂਦਾ। ਪਰਲੇ ਪਾਸਿਓਂ ਚਾਰਜੀ ਕੋਲ ਨਾਂ ਦਰਜ ਕਰਵਾ ਰਹੀ ਸੱਸ ਦੀ ਆਵਾਜ਼ ਕੰਨੀਂ ਪੈਂਦੀ ਹੈ,

"ਘਰਵਾਲੇ ਦਾ ਨਾਂਅ ਹਰ ਭਗਵਾਨ ਲਿਖਵਾ ਦਿਓ। ਬੈਂਕ 'ਚ ਇਹੀ ਨਾਮ ਲਿਖਿਆ ਏ...!"

---

## ਨਜ਼ਮ/ਅਹਿਮਦ ਨਈਮ ਅਰਸ਼ਦ

ਰਾਤ ਜੁਦਾਈ ਵਾਲੀ ਕਾਲੀ
ਆਸ ਮੇਰੀ ਦਾ ਬਲਦਾ ਦੀਵਾ
ਨਿਤ ਹੋਣੀ ਦੇ ਤੇਜ਼ ਵਰੋਲੇ
ਬੁਝਦਾ ਜਾਵੇ ਹੌਲੀ-ਹੌਲੀ
ਰੂਪ ਮੇਰੇ ਦਾ ਫੁਲ ਗੁਲਾਬੀ

ਰੂਪ ਮੇਰੇ ਦਾ ਫੁਲ ਮੁਝਰਾ ਚਲਿਆ ਏ
ਅੱਖ 'ਚ ਮਦਰਾ ਮੁਕ ਗਈ ਢੋਲਾ
ਹੋਂਠ ਵੀ ਰਹਿ ਗਿੱਲੇ ਸੁੱਕ ਮੁਸ਼ਕੇ
ਤੇਰੇ ਮੁੱਖ ਦਾ ਸ਼ਹਿਦ ਨਾ ਪੀਤਾ
ਐਵੇਂ ਮਰ ਗਈ ਮੇਰੇ ਮੀਤਾ



**ਕਵਿਤਾਵਾਂ**

## ਸਮਕਾਲੀ ਭਾਰਤੀ ਕਵਿਤਾ/ਪੇਸ਼ਕਸ-ਦੇਵਨੀਤ

### *ਉਰਦੂ ਕਵਿਤਾ*
### *ਪਾਸਪੋਰਟ ਦਫ਼ਤਰ ਦੇ ਨਾਂ/ ਨਿਦਾ ਫ਼ਾਜਲੀ*

ਕਰਾਚੀ ਇਕ ਮਾਂ ਹੈ
ਬੰਬਈ ਵਿਛੜਿਆ ਹੋਇਆ ਬੇਟਾ
ਇਹ ਪਿਆਰ ਦਾ ਪਵਿੱਤਰ ਰਿਸ਼ਤਾ ਹੈ

ਰਿਸ਼ਤਾ ਹੈ
ਜਿਸਨੂੰ ਅੱਜ ਤੱਕ
ਕਿਸੇ ਨੀ ਤੋੜਿਆ
ਨਾ ਹੀ ਤੋੜ ਸਕਦਾ ਹੈ ਕੋਈ

ਗਲਤ ਹੈ ਰੇਡਿਓ, ਝੂਠੀਆਂ ਹਨ
ਅਖ਼ਬਾਰੀ ਖ਼ਬਰਾਂ

ਨਾ ਮੇਰੀ ਮਾਂ ਤਲਵਾਰ ਚੁੱਕ
ਲੜਨ ਆਈ ਹੈ

ਨਾ ਮੈਂ ਮੇਰੀ ਮਾਂ ਸਾਹਮਣੇ
ਬੰਦੂਕ ਚੁੱਕੀ ਹੈ

ਇਹ ਕਿਹਾ ਸ਼ੋਰ-ਸ਼ਰਾਬਾ ਹੈ
ਇਹੀ ਕਿਹੜੀ ਲੜਾਈ ਹੈ।

### *ਸਿੰਧੀ ਕਵਿਤਾ*
### *ਪਿਤਾ ਦੀਆਂ ਯਾਦਾਂ/ ਹਰੀਸ਼ ਕਰਮਚੰਦਾਣੀ*

*(ਵੰਡ ਤੋਂ ਪਹਿਲਾਂ ਦੇ ਸਿੰਧ ਲਈ)*

ਮੈਂ ਕਦੇ ਵੀ ਉਹ ਮਿੱਟੀ ਨਹੀਂ ਛੂਹੀ
ਨਹੀਂ ਵੇਖੇ ਲਹਿਲਉਂਦੇ ਖੇਤ ਉਹ
ਉਸ ਸ਼ੀਤਲ ਨਦੀ 'ਚ ਨਹੀਂ ਨਾਤ੍ਹਾ
ਉਸ ਸਮੁੰਦਰ ਕੰਢੇ ਨਹੀਂ ਬੈਠਾ
ਪਿਤਾ ਜੀ

ਹਾਂ ਪਿਤਾ ਜੀ
ਉਸ ਮਿੱਟੀ, ਉਹਨਾਂ ਖੇਤਾਂ ਦੀ ਕਹਾਣੀ
ਉਸ ਨਦੀ, ਉਸ ਸਮੁੰਦਰ ਦਾ ਸੰਗੀਤ
ਤੂੰ ਮੈਨੂੰ ਸੁਣਾਇਆ ਹੈ
ਸੁਣਾਉਂਦੇ ਹੋਏ ਤੂੰ ਆਪਣੇ ਹੰਝੂ
ਭਰ ਆਇਆ ਗਲਾ
ਮੈਥੋਂ ਲੁਕੋਣ ਦਾ ਯਤਨ
ਕਰਦਾ ਰਿਹਾ

ਹਾਂ ਪਿਤਾ ਜੀ
ਉਹਨਾਂ ਸਭਨਾਂ ਨੂੰ ਮੈਂ ਵੇਖਿਆ ਹੈ
ਸੁਣਿਆ ਹੈ, ਮਹਿਸੂਸ ਕੀਤਾ ਹੈ
ਆਪਣੇ ਅੰਦਰ

ਮੈਨੂੰ ਕਦੇ ਵੀ ਉਪਰੀਆਂ
ਨਾ ਲੱਗੀਆਂ
ਤੇਰੀਆਂ ਯਾਦਾਂ ਦੀਆਂ ਥਾਵਾਂ

### *ਮੈਥਲੀ ਕਵਿਤਾ*
### *ਸੱਤਾ/ਜੀਵਕਾਂਤ*

ਮੈਂ ਉਹੀ ਬੰਦਰ ਹਾਂ
ਪਰ
ਅੱਜ ਮੈਂ ਸਾਰੇ ਕੱਪੜੇ ਲਾਹ ਸੁੱਟੇ ਹਨ
ਮੈਂ ਜੰਗਾਲ ਵਿੱਚ ਹਾਂ
ਮੈਂ ਪੂਰਾ ਜੰਗਲ ਪਹਿਨ ਲਿਆ ਹੈ

ਦੇਸ਼ ਦੀ ਸਾਰੀ ਹਵਾ
ਦੇਸ਼ ਦਾ ਸਾਰਾ ਪਾਣੀ
ਮੇਰੀ ਮੁੱਠੀ 'ਚ ਕੈਦ ਹੈ
ਦੂਜਿਆਂ ਦੇ ਹਿੱਸੇ ਦਾ ਵੀ ਮੈਨੂੰ
ਪੀ ਲੈਣ ਦਿਓ ਅੱਜ

ਬਘਿਆੜ ਦੇ ਪੰਜ ਮੂੰਹ ਹੁੰਦੇ ਹਨ
ਅੱਜ ਮੈਂ
ਸੌ ਮੂੰਹਾਂ ਹੋ ਗਿਆ ਹਾਂ
ਮੇਰੇ ਰੋਮ-ਰੋਮ ਵਿੱਚ ਬਘਿਆੜ ਦੀਆਂ
ਨਹੁੰਦਰਾਂ ਉੱਗ ਆਈਆਂ ਹਨ

ਕਈ ਜਨਮਾਂ ਦੀ ਭੁੱਖ
ਮੇਰੇ ਅੰਦਰ ਜਾਗੀ ਹੈ

ਦੇਸ਼ ਦੀ ਸਾਰੀ ਜ਼ਮੀਨ
ਸਾਰਾ ਆਕਾਸ਼
ਮੇਰੀ ਮੁੱਠੀ 'ਚ ਕੈਦ ਹੈ

ਕਲ੍ਹ ਤੱਕ ਮੈਂ ਇਕ ਹਿਰਨ ਸੀ
ਘਾਹ, ਝਾੜੀਆਂ 'ਚ ਡਰਦਾ ਲੁਕਦਾ
ਪੱਤਾ ਹਿੱਲਣ ਤੋਂ ਵੀ ਡਰਦਾ
ਇਸ ਜੰਗਲ ਵਿਚ

ਅੱਜ ਮੈਂ ਬੇਸੰਸ, ਚਿੰਤਾ-ਮੁਕਤ ਹਾਂ
ਮੈਂ ਰਾਜ-ਸੱਤਾ 'ਚ ਹਾਂ
ਮੈਂ ਲਾਹ ਸੁੱਟੇ ਹਨ ਸਾਰੇ ਕੱਪੜੇ
ਮੈਂ ਪਹਿਨ ਲਿਆ ਹੈ ਜੰਗਲ

### ***ਤੇਲਗੂ ਕਵਿਤਾ***
### ***ਬੈਰੋਮੀਟਰ/ਕੇ. ਸ਼ਿਵਾਰੈਡੀ***

ਕਹਿੰਦੇ
ਕਵਿਤਾ ਦਾ ਜ਼ਮਾਨਾ ਲੱਦ ਗਿਆ ਹੈ
ਕਵਿਤਾ ਦਾ ਯੁੱਗ ਰਿਹਾ ਹੀ ਨਹੀਂ

ਮੈਂ ਜਦੋਂ ਵੀ ਬਣ ਜਾਂਦੀ ਹਾਂ
ਉਸਦੀ ਮਨਚਾਹੀ ਵਸਤੂ
ਉਹ ਮੇਰਾ ਮਾਲਕ ਬਣ
ਮੈਨੂੰ ਆਪਣੀ ਬੁੱਕਲ 'ਚ ਲੈ ਲੈਂਦਾ ਹੈ

ਜੇਕਰ ਮੈਥੋਂ ਹੋ ਜਾਵੇ ਕੋਈ
ਛੋਟੀ ਮੋਟੀ ਭੁੱਲ
ਕਾਨੂੰਨ-ਘਾੜਾ ਬਣ ਮੈਨੂੰ
ਸਜ਼ਾ ਠੋਕ ਦਿੰਦਾ ਹੈ

ਮੇਰਾ ਅਜਗਰ
ਪਤਲੂਨ ਪਹਿਨਦਾ ਹੈ
ਅੰਗਰੇਜ਼ੀ ਬੋਲਦਾ ਹੈ
ਸਾਹਿਤਕ ਵਿਚਾਰ-ਚਰਚਾ 'ਚ ਹਿੱਸਾ
ਲੈਂਦਾ ਹੈ

ਪਰ ਮੈਨੂੰ ਚਾਰ ਕੰਧਾਂ 'ਚ ਕੈਦ ਕਰ
ਛੇ ਦਿਸ਼ਾਵਾਂ ਨਾਲ ਘੇਰ ਕੇ
ਚੱਬ ਜਾਂਦਾ ਹੈ

ਮੈਨੂੰ ਸੱਪਾਂ, ਚੰਮ, ਕਿਤਾਬਾਂ ਦਾ ਵਾਸਤਾ
ਹੁਣ ਮੈਂ
ਹਰ ਇਕ ਇਸ਼ਤਿਹਾਰ ਨੂੰ
ਕਿਸੇ ਆਸ ਨਾਲ
ਬੇਸਬਰੀ ਨਾਲ ਉਡੀਕ ਰਹੀ ਹਾਂ

### ***ਅੰਗਰੇਜ਼ੀ ਕਵਿਤਾ***
### ***ਕੰਨੋਕੰਨ/ਨਸੀਮ ਇਜ਼ੇਕੀਲ***

1.
ਜਦੋਂ ਤੁਹਾਨੂੰ ਨੀਂਦ ਨਾ ਆਵੇ
ਜਾਗਦੇ ਰਹੋ ਸ਼ਾਂਤ ਚਿੱਤ
ਹਨੇਰੇ 'ਚ
ਹਨੇਰਾ ਬਣ
2.
ਕਿੰਨਾ ਜਿਉਂ ਲਿਆ ਮੈਂ
ਜੋ ਚਾਹਿਆ, ਮਿਲ ਗਿਆ
ਸਭ ਅੱਛਾ ਸੀ

ਹੁਣ ਲੋੜ ਹੈ ਮੈਨੂੰ
ਸਭ ਅੱਛਾ ਬਣਾਉਣ ਦੀ
ਦੂਜਿਆਂ ਲਈ
3.
ਰੌਟਰਡਮ ਜਾਂ ਕਿਸੇ ਹੋਰ ਸ਼ਹਿਰ ਵਿਚ
ਮੈਂ ਮਿੱਤਰ ਬਣਾਏ
(ਹੋਰ ਕਰ ਵੀ ਕੀ ਸਕਦਾ ਸੀ)
ਜਿਨ੍ਹਾਂ ਸਾਰਿਆਂ ਨਾਲ ਮੁਲਾਕਾਤਾਂ ਹੋਈਆਂ
ਸੈਰ ਕਰਾਈ ਮੈਨੂੰ
ਪੈਸੇ ਖਰਚੇ
ਗੱਲਾਂ ਕੀਤੀਆਂ ਅਸੀਂ
ਆਪਣੇ ਜੀਵਨ ਦੀਆਂ ਅਤੇ
ਹੋਰ ਚੀਜ਼ਾਂ ਦੀਆਂ
ਉਸ ਤੋਂ ਬਾਅਦ ਖ਼ਤੋ-ਖ਼ਤਾਬਤ



ਫਿਰ ਖਾਮੋਸ਼ੀਆਂ

ਸਿਰਫ਼ ਸਵਰਗ ਅਤੇ ਨਰਕ
ਵਿੱਚ
ਹੁੰਦੇ ਹਨ ਲੋਕ
ਨਾਲ-ਨਾਲ
4.
ਬੇਟੇ ਕੋਲ ਨਵਾਂ ਖਿਡੌਣਾ ਹੈ
ਬਾਪ ਕੋਲ ਨਵਾਂ ਵਿਚਾਰ

ਦੋਹੇਂ ਖੇਡਣ ਵਿਚ ਲੀਨ ਹਨ
ਪੁੱਤ ਖਿਡੌਣੇ ਨਾਲ
ਪਿਉ ਵਿਚਾਰ ਨਾਲ

ਮਾਂ
ਬੱਸ ਵੇਖ ਰਹੀ ਹੈ
ਜਿਸ ਕੋਲ
ਨਾ ਖਿਡੌਣਾ ਹੈ, ਨਾ ਵਿਚਾਰ

### ***ਰਾਜਸਥਾਨੀ ਕਵਿਤਾ***
### ***ਅੰਤਿਮ ਦਿਨ ਇਹ ਦੁਨੀਆਂ/ ਮਾਲ ਚੰਦ ਤਿਵਾੜੀ***

ਕਵਿਤਾ ਹੋਵੇਗਾ
ਆਖ਼ਰੀ ਰੁੱਖ

ਮੁਹੱਬਤ ਦੇ ਮਾਰੂਥਲਾਂ 'ਚ
ਫੈਲਰੇਗੀ ਮੁਹੱਬਤ
ਚਿੜੀ ਕਰੇਗੀ ਫਿਰ ਆਰਾਮ
ਰੁੱਖਾਂ ਦੀ ਰੇਸ਼ਮੀ ਛਾਂ 'ਚ

ਪਹਿਲੇ ਦਿਨ ਵਾਂਗ
ਅੰਤਿਮ ਦਿਨ ਇਹ ਦੁਨੀਆਂ
ਫਿਰ ਤੋਂ
ਤੇਰੀ ਮੇਰੀ ਹੋਵੇਗੀ

### ***ਕਸ਼ਮੀਰੀ ਕਵਿਤਾ***
### ***ਕਿਤੇ ਕੋਈ ਹੈ/ਸਈਅਦ ਰਸੂਲ ਪੋਮਪੁਰ***

ਆਤਮਾ ਨੂੰ ਢੱਕਦੀਆਂ
ਉਸਰ ਗਈਆਂ ਕੰਧਾਂ

ਇੱਥੇ ਨੀਚ, ਲੁਟੇਰਿਆਂ ਨੂੰ
ਸਧਗੀਰੀ ਮਿਲ ਰਹੀ ਹੈ

ਜਿਧਰ ਵੇਖੋ
ਭੀੜ ਨਜ਼ਰ ਆਉਂਦੀ ਹੈ
ਆਪਣਿਆਂ ਨੂੰ ਹੀ
ਕੋਹਦੀ

ਕੋਈ ਤਾਂ ਹੈ ਜੋ
ਹਮੇਸ਼ਾਂ
ਮਰ ਚੁੱਕੇ ਪਿਆਰ ਨੂੰ
ਵਾਪਿਸ ਬੁਲਾ ਰਿਹਾ ਹੈ

ਇਸ ਬਸਤੀ 'ਚ
ਇਕ ਮੈਂ ਵੀ ਤਾਂ ਹਾਂ
ਜੋ
ਮੰਗਤਿਆਂ ਵਾਂਗ
ਸਾਰਿਆਂ ਨੂੰ ਕਹਿੰਦਾ ਹਾਂ
ਆਪਣੇ ਦਿਲ, ਦਰਵਾਜ਼ੇ ਖੋਲ੍ਹੋ
ਪਿਆਰ ਵੰਡੋ

ਪਰ ਕੋਈ ਨਹੀਂ ਸੁਣਦਾ
ਅੱਗ ਬੁਝ ਜਾਣ ਪਿੱਛੋਂ
ਵੀ
ਕੋਈ ਮੇਰੀ ਆਵਾਜ਼ ਨਹੀਂ
ਸੁਨਣਾ ਚਾਹੁੰਦਾ

### ***ਤਾਮਿਲ ਕਵਿਤਾ***
### ***ਨਮੀ/ਵਿਕਰਮਾ ਦਿੱਤਿਯਨ***

ਭਰੀ ਬਸ 'ਚ ਵਾਪਰਿਆ ਸੀ
ਇਹ

ਮੇਰੇ ਪਿਉ ਦੀ ਉਮਰ ਦਾ ਸੀ ਉਹ
ਸੁੱਕਿਆ ਅੱਕ ਦਾ ਕਾਂਬੜਾ
ਢਿਲਕਿਆ ਮਾਸ
ਪਤਾ ਨਹੀਂ ਕਿਵੇਂ ਚੁੱਕ ਲਿਆਇਆ ਸੀ
ਪਿੰਡ ਦੀ ਫਿਰਨੀ ਤੱਕ

ਚਟਾਈਆਂ ਦੀ ਭਾਰੀ ਪੰਡ

ਟਿਕਟ ਲਈ ਹਿੱਚਕਦਾ ਰਿਹਾ ਸੀ
ਕੰਡਕਟਰ ਪੰਡ ਦੀ ਪੂਰੀ
ਟਿਕਟ ਮੰਗਦਾ ਸੀ

ਬਜ਼ੁਰਗ ਅੱਧੀ ਟਿਕਟ ਕੱਟਣ ਲਈ
ਕਹਿ ਰਹੇ ਸਨ
ਬਾਕੀ ਸਾਰੀ ਭੀੜ
ਕੰਡਕਟਰ ਨਾਲ ਸੀ

ਕੰਡਕਟਰ ਨੇ ਉਸਨੂੰ ਧੂਹ ਕੇ
ਥੱਲੇ ਲਾਹ ਦਿੱਤਾ

ਬਜ਼ੁਰਗ ਕੰਡਕਟਰ ਨੂੰ ਗਾਲਾਂ ਵਰਗੀ
ਬੁੜ-ਬੁੜ ਕਰਦੇ ਰਹੇ
ਮੈਨੂੰ ਪਤਾ ਹੈ ਕਿ
ਕਿਸੇ ਮਿਹਰਬਾਨ ਸੱਜਣ ਨੇ
ਉਸਨੂੰ
ਉਸਦੇ ਠਿਕਾਣੇ ਤੱਕ ਪਹੁੰਚਾ ਦਿੱਤਾ
ਹੋਵੇਗਾ

ਫਿਰ ਵੀ
ਉਸ ਦਿਨ ਮੇਰਾ ਚੁੱਪ ਰਹਿਣਾ
ਮੈਨੂੰ ਕੋਸ ਰਿਹਾ ਹੈ ਹੁਣ ਵੀ
ਦੋਸਤ ਤੋਂ ਉਧਾਰ ਲਏ ਦਸ ਰੁਪਏ
ਬਾਕੀ ਸਨ
ਬੇਰੁਜ਼ਗਾਰੀ ਦੀ ਮਾਰ, ਤੰਗੀਤੁਰਸ਼ੀ
ਮਾਨਸਿਕ ਤਨਾਅ ਨਾਲ
ਸ਼ਾਇਦ ਮੇਰੇ ਅੰਦਰ ਕੋਈ
ਸੋਮਾ ਸੁੱਕ ਗਿਆ ਸੀ

ਮੈਨੂੰ ਸਮਝ ਨਹੀਂ ਆਈ
ਕਿਵੇਂ
ਸੁੱਕ ਗਈ ਨਮੀ ਮੇਰੇ ਅੰਦਰ ਵੀ
ਕਿਵੇਂ
ਸੁੱਕ ਗਈ ਮੇਰੇ ਅੰਦਰ ਹਰਿਆਲੀ

ਮੇਰਾ ਦੁੱਖ ਸਿਰਫ਼ ਐਨਾ ਹੈ
ਮੈਂ ਕਿ ਆਪਣੇ ਲਈ ਬੇਗਾਨਾ ਹੋ ਗਿਆ ਹਾਂ

ਸੋਚਦਾ ਹਾਂ
ਉਸਦੇ ਨਹੀਂ
ਮੇਰੇ ਹਾਲਾਤ ਹੀ ਮੇਰੀ
ਸਮੱਸਿਆ ਹੈ

### *ਗੁਜ਼ਰਾਤੀ ਕਵਿਤਾ*
### *ਅਨਪੜ੍ਹ ਅਮਰਵੇਲੀ ਨੇ ਕਿਹਾ/ਰਮੇਸ਼ ਪਾਰਖ਼*

ਜੰਗ, ਤਸੀਹੇ ਕੇਂਦਰ, ਹਾਦਸੇ
ਹਾਹਾਕਾਰ
ਹਸਪਤਾਲਾਂ 'ਚ ਵਿਲਕਦੇ ਬਿਮਾਰ ਲੋਕ
ਭੁੱਖਮਰੀ, ਮੌਤ
ਕੀ ਹੈ ?
ਗਧੇ ਵਰਗੇ ਰੱਬ ਦੀ ਸਿਰਜਣਾ ?

ਹੋਵੇਗੀ
ਮੈਨੂੰ ਇਸ ਸੁਆਲ ਦਾ ਉੱਤਰ
ਨਹੀਂ ਪਤਾ
ਇਹ ਪਾਠ ਪੁਸਤਕਾਂ ਤੋਂ ਬਾਹਰ ਦਾ ਸੁਆਲ ਹੈ

ਪੂਰੀ ਦੀ ਪੂਰੀ ਗੀਤਾ ਨੂੰ ਖਾ ਜਾਣ ਵਾਲੀ
ਭੁੱਖੀ ਗਊ ਮਾਤਾ
ਦੂਜੇ ਦਿਨ ਬੁੱਚੜਖਾਨੇ 'ਚ ਧੱਕੀ ਜਾਵੇ

ਗਊ ਮਾਤਾ
ਜਿਸਨੇ ਗੋਕਲ, ਮਥੁਰਾ, ਬਿੰਦਰਾਵਨ
ਅਤੇ ਕ੍ਰਿਸ਼ਨ ਨਾਲ ਸਾਰਾ
ਗਿਆਨ ਪ੍ਰਾਪਤ ਕੀਤਾ

ਉਸਨੂੰ ਦੁੱਧ ਸੁੱਕ ਜਾਣ ਦੇ
ਕਸੂਰ ਵੱਜੋਂ
ਬੁੱਚੜਖਾਨੇ ਕਿਉਂ ਜਾਣਾ ਪੈਂਦਾ ਹੈ
ਇਸ ਸੁਆਲ ਦਾ ਉੱਤਰ ਵੀ
ਮੈਨੂੰ ਨਹੀਂ ਆਉਂਦਾ

ਮੈਂ ਅਨਪੜ੍ਹ ਹਾਂ
ਮੇਰੀ ਜ਼ਿੰਦਗੀ 'ਚ ਹਨੇਰਾ ਲਿਖਣ ਵਾਲੇ



ਰੱਬ ਨੂੰ
ਗਧੇ ਵਰਗਾ ਨਾ ਕਹਾਂ ਤਾਂ
ਹੋਰ ਕੀ ਕਹਾਂ ?
ਬੱਚੇ, ਫੁੱਲ, ਸਵੇਰ, ਗੀਤ, ਪੰਛੀ
ਅਤੇ ਮਾਂ
ਪ੍ਰਮਾਤਮਾ ਨੇ ਬਣਾਏ ਹਨ
ਇਹ ਮੈਂ ਜਾਣਦਾ ਹਾਂ

ਸਿਰਫ਼ ਇਸੇ ਕਰਕੇ ਮੈਂ
ਸਿਰਜਕ ਨੂੰ ਪ੍ਰਮਾਤਮਾ ਕਹਿੰਦਾ ਹਾਂ

ਮੈਂ ਰੱਬ ਨੂੰ ਮਾਫ਼ ਨਹੀਂ ਕਰਾਂਗਾ

ਪ੍ਰੰਤੂ ਸਿਰਜਕ ਨੂੰ ਪ੍ਰਮਾਤਮਾ ਕਹਿੰਦਾ ਹੈ

ਇਸ ਲਈ
ਉਸਦੇ ਗੁਨਾਹ ਬਖ਼ਸ਼ ਦਿੰਦਾ ਹਾਂ।

### *ਉਰਦੂ ਕਵਿਤਾ*
### *ਮਾਂ/ਸਲਾਹੁਦੀਨ ਪਰਵੇਜ਼*

ਮਾਂ
ਕੁੜੀਆਂ ਕੀ ਹੁੰਦੀਐਂ ?

ਕੀ ਉਹਨਾਂ ਦੀਆਂ ਬੇਵਫ਼ਾਈਆਂ ਦਾ ਕੋਈ
ਅੰਤ ਨਹੀਂ ਹੁੰਦਾ
ਆਕਾਸ਼ ਵਾਂਗ

ਦਰਦ ਹਮੇਸ਼ਾਂ ਆਕਾਸ਼ ਵਾਂਗ ਹੀ
ਹੁੰਦਾ ਹੈ
ਜਿਸਨੂੰ ਅਸੀਂ ਛੂਹ ਨਹੀਂ ਸਕਦੇ
ਪਰ ਫਿਰ ਵੀ
ਸਿਰ 'ਤੇ ਤੰਬੂ ਬਣ ਤਣਿਆ ਰਹਿੰਦਾ ਹੈ

ਮਾਂ ਕੀ ਕੁੜੀਆਂ
ਗਰਮੀ, ਸਰਦੀ, ਪਤਝੜ ਲਿਆਉਂਦੀਆਂ ਹਨ
ਸਾਉਣ ਦੇ ਮਹੀਨੇ ਬਿਰਹੋਂ ਦੀਆਂ ਪੀਂਘਾਂ
ਆਪਣੇ ਤਨ ਮਨ 'ਚ ਪਾਉਂਦੀਆਂ ਹਨ
ਪੀਂਘਾਂ 'ਤੇ ਉਹ ਇੱਥੋਂ ਲੈਅ
ਵਿੱਚ ਝੂਲਦੀਆਂ
ਲੈਅ ਨਾ ਟੁੱਟਦੀ

ਮਾਂ
ਕੁੜੀਆਂ ਕੀ ਹੁੰਦੀਆਂ ਹਨ ?

ਮਾਂ-ਕੁੜੀਆਂ ਮਨ 'ਚ ਮਿੱਠਾ ਮੋਹ ਤੇ
ਜਿਸਮ 'ਚੋਂ ਸੋਨਾ ਪੈਦਾ ਕਰਦੀਆਂ
ਨੱਕ 'ਚ ਹੀਰੇ ਦੇ ਨਗ ਵਾਲਾ ਕੋਕਾ ਪਾ
ਦਿੱਲਾਂ 'ਤੇ ਛੁਰੀਆਂ ਚਲਾਉਂਦੀਆਂ ਹਨ

ਉਹਨਾਂ ਦੀਆਂ ਮਨਮੋਹਣੀਆਂ
ਸਿਲ੍ਹੀਆਂ-ਸਿਲ੍ਹੀਆਂ ਗੱਲਾਂ
ਬੁੱਕਲ ਬਹਿਣ ਦੀ ਜਿੱਦ ਕਰਦੀਆਂ
ਲੱਖਾਂ ਬਾਗਾਂ ਦੇ ਰਾਹ ਬੰਦ ਕਰ
ਦਿੰਦੀਆਂ ਹਨ
ਮਾਂ
ਕੁੜੀਆਂ ਕੀ ਹੁੰਦੀਆਂ ਹਨ ?

ਕੀ ਹੁੰਦੀਆਂ ਹਨ ਕੁੜੀਆਂ ?
ਭੁੱਲਣ ਭਲਾਉਣ ਦਾ ਨਾਟਕ ਕਰਦੀਆਂ
ਫੁੱਲ, ਹਵਾ, ਖੁਸ਼ਬੋ, ਬਣ-ਬਣ
ਘੁੰਮਦੀਆਂ, ਪਲ-ਪਲ
ਉਹਨਾਂ ਦੇ ਮਨ 'ਚ ਕੰਡੇ ਜਿੰਨਾ
ਬੋਝ ਨਹੀਂ ਹੁੰਦਾ
ਯਾਦ ਦਾ ਬੋਝ ਤਾਂ ਬਹੁਤ ਭਾਰੀ
ਹੁੰਦਾ ਹੈ
ਮਾਂ-ਕੀ ਕੁੜੀਆਂ ਐਂਟੀਂ ਹੁੰਦੀਐਂ ?

ਪ੍ਰੰਤੂ ਮਾਂ
ਇਹਨਾਂ ਕੁੜੀਆਂ 'ਚ ਤੂੰ ਵੀ ਇਕ
ਕੁੜੀ ਹੈਂ
ਤੂੰ ਆਪਣੀ ਕੁੱਖ, ਆਪਣੇ ਮਨ 'ਤੇ
ਪੰਜ ਕੁੜੀਆਂ ਦਾ ਭਾਰ ਲੈ
ਹੁਣ ਵੀ ਹੱਸਦੀ ਰਹਿੰਦੀ ਹੈਂ

ਮਾਂ
ਕੁੜੀਆਂ ਕੀ ਹੁੰਦੀਐਂ ?

ਪ੍ਰੰਤੂ ਇਹਨਾਂ ਕੁੜੀਆਂ 'ਚ
ਇਕ ਮਾਂ ਵਰਗੀ ਕੁੜੀ
ਕਿੰਨੀ ਚੰਗੀ ਹੁੰਦੀ ਹੈ।

### *ਪਾਕਿਸਤਾਨੀ ਕਵਿਤਾ*
### *ਕੋਈ ਨਾਲ ਫਰੀਦ ਦੇ ਪ੍ਰੀਤ/ਸ਼ਾਇਸਤਾ ਨੁਜ਼ਹਤ*

ਕੋਈ ਪ੍ਰੀਤ
ਨੀ ਅੜੀਉ ਪ੍ਰੀਤ
ਸੰਗ ਯਾਰ ਫਰੀਦ ਦੇ ਪ੍ਰੀਤ
ਮਨ ਥਲ ਵਿਚ
ਹੋਇਆ ਸ਼ੀਤ
ਹੋਈ ਪ੍ਰੀਤ....ਨੀ ਅੜੀਉ ਪ੍ਰੀਤ
ਇੰਝ ਰੋਹੀ ਸੰਗ
ਨਜੀਠੀਆਂ-
ਮਨ ਖੇਡੇ
ਲੁਕਣ ਮੀਟੀਆਂ
ਜੇ ਚੁਣਾਂ ਤਾਂ
ਪਿਲੂ ਖੱਟੀਆਂ
ਜਦ ਚੱਖਾਂ
ਲੱਗਣ ਮਿੱਠੀਆਂ
ਕਿਸ ਪੜ੍ਹੀਆਂ
ਰੂਹ ਦੀਆਂ ਚਿੱਠੀਆਂ
ਹੋਈ ਤਨ ਤੇ ਮਨ ਦੀ ਜੀਤ
ਹੋਈ-ਪ੍ਰੀਤ ਨੀ ਅੜੀਉ ਪ੍ਰੀਤ
ਮਨ ਥਲ ਵਿਚ ਰੋਗ ਅਲਾਵੇ
ਮੈਨੂੰ ਯਾਰ ਫਰੀਦ ਸਨਜਾਪੇ
ਇੰਝ ਆਪਣਾ ਆਪ ਫਰੋਲਿਆ
ਮੈਨੂੰ ਲਭਦੀ ਫਿਰੇ ਮਸੀਤ
ਕੋਈ-ਪ੍ਰੀਤ
ਨੀ ਅੜੀਉ ਪ੍ਰੀਤ
ਅੱਜ ਰੋਹੀ ਛੱਲਾਂ ਮਾਰੀਆਂ
ਲੈ ਪੁਲੰਗ ਇੰਝ ਉਡਾਰੀਆਂ
ਤੇਰੇ ਬੁੱਲ੍ਹੀ ਚੁੱਪ ਥਲਾਂ ਦੀ
ਪਈ ਅੰਦਰ ਗਾਵੇ ਗੀਤ
ਹੋਈ-ਪ੍ਰੀਤ ਨੀ ਅੜੀਉ
ਪ੍ਰੀਤ-
ਸੰਗ ਯਾਰ ਫਰੀਦ ਦੇ ਪ੍ਰੀਤ

### ਮੈਂ ਨਹੀਂ ਲਿਖਣਾ ਮਾਫ਼ੀਨਾਮਾ/ਅਜੁੰਮ ਸਲੀਮੀ

*(ਸ਼ਹੀਦ ਭਗਤ ਸਿੰਘ ਲਈ)*

ਲੈ ਜਾ ਆਪਣਾ ਕੋਰਾ ਕਾਗਜ਼
ਮੈਂ ਇਸ 'ਤੇ ਕਦੇ ਵੀ ਆਪਣੇ ਸਾਈਨ ਨਹੀਂ ਕਰਨੇ
ਮੈਂ ਨਹੀਂ ਲਿਖਣਾ ਮਾਫ਼ੀਨਾਮਾ
ਮੈਂ ਤਾਂ ਇਸ 'ਤੇ ਨਿਤ ਨਿਤ ਆਪਣੀ ਨਜ਼ਮ ਹੀ ਲਿਖਣੀ
ਨਿਤ ਨਿਤ ਆਪਣਾ ਸੱਚ ਉਲੀਕਣਾ।
ਭਾਵੇਂ ਮੇਰੇ ਹੱਥਾਂ ਨੂੰ ਜ਼ੰਜੀਰਾਂ ਪਾ ਦੇ।
ਨਾਲ ਪਲਾਸ ਦੇ ਉਂਗਲਾਂ ਦੇ ਸਭ ਨਹੁੰ ਖਿੱਚਵਾ ਦੇ
ਆਪਣੇ ਦਹਿਸ਼ਤ ਦੇ
ਕਿਸੇ ਨੇਰ੍ਹੇ ਬੰਦੀਖਾਨੇ ਵਿਚ ਮੈਨੂੰ ਸੁੱਟਵਾ ਦੇ।
ਭਾਵੇਂ ਅੱਖੀਆਂ ਅੰਦਰ ਫੇਰ ਸਲਾਈਆਂ ਤੱਤੀਆਂ
ਮੇਰੇ ਜਾਗਦੇ ਸੁਪਨੇ ਭੰਨ ਦੇ
ਸੱਚ ਉਗਲਦੀ ਜੀਭ 'ਤੇ ਭਖਦੇ ਕੋਲੇ ਰੱਖ ਦੇ।
ਕੰਨਾਂ ਵਿਚ ਸੀਸਾ ਪਿਘਲਾ ਦੇ
ਭਾਵੇਂ ਮੇਰੀ ਨੰਗੀ ਕੰਡ 'ਤੇ
ਕਹਿਰ ਦੇ ਕੋੜੇ ਮਾਰ-ਮਾਰ ਕੇ ਚਮੜੀ ਲਾਹ ਦੇ
ਫੇਰ ਵੀ ਇਸ ਕੋਰੇ ਕਾਗਜ਼ 'ਤੇ
ਮੈਂ ਤਾਂ ਤੇਰੀ ਮਰਜ਼ੀ ਦਾ ਇਕ ਹਰਫ਼ ਨਹੀਂ ਲਿਖਣਾ
ਮੈਂ ਤਾਂ ਆਪਣਾ ਸੱਚ ਉਲੀਕਣਾ
ਮੈਂ ਤਾਂ ਆਪਣੀ ਨਜ਼ਮ ਹੀ ਲਿਖਣੀ ਹੈ।



### ਜ਼ਫਰ ਇਸਲਾਮ ਦੀਆਂ ਦੋ ਗ਼ਜ਼ਲਾਂ

1.

ਤੋੜ ਨਾ ਦਿਲ ਦੇ ਤਾਰ ਵੇ ਮਾਹੀ,
ਤੇਰੇ ਨਾਲ ਬਹਾਰ ਵੇ ਮਾਹੀ।
ਯਾਦ ਤੇ ਕਰ ਜੋ ਕੀਤੇ ਸਨ ਤੂੰ,
ਪੱਕੇ ਕੌਲ ਇਕਰਾਰ ਵੇ ਮਾਹੀ।
ਹਿਜ਼ਰ ਨਹੀਂ ਮੈਥੋਂ ਜ਼ਰਿਆ ਜਾਣਾ,
ਮੈਂ ਕਮਲੀ ਦੇ ਯਾਰ ਵੇ ਮਾਹੀ।
ਇਸ਼ਕ ਪ੍ਰੇਮ ਦੇ ਔਖੇ ਪੈਂਡੇ,
ਥਾਂ-ਥਾਂ ਉੱਗੇ ਖਾਰ ਵੇ ਮਾਹੀ।
ਜੇ ਤੂੰ ਛੱਡ ਕੇ ਟੁਰ ਗਿਉਂ ਮੈਨੂੰ,
ਵੈਰੀ ਜੱਗ ਸੰਸਾਰ ਵੇ ਮਾਹੀ।
ਬਾਝ ਤੇਰੇ ਮੈਂ ਜੀ ਨਹੀਂ ਸਕਣਾ,
ਕੁਝ ਤੇ ਸੋਚ ਵਿਚਾਰ ਵੇ ਮਾਹੀ।
'ਜ਼ਫਰ' ਤੇਰੇ ਤੋਂ ਕੁਝ ਨਹੀਂ ਮੰਗਦਾ,
ਗਲ ਨਾਲ ਲਾ ਇਕ ਵਾਰ ਵੇ ਮਾਹੀ।

2.

ਪਿਆਰ ਦੀ ਬਾਜ਼ੀ ਹਰਦੀ ਨਾ,
ਕੱਚੇ ਤੇ ਜੇ ਤਰਦੀ ਨਾ।
ਸੋਹਣੀ ਦੇ ਜੇ ਵੱਸ ਵਿਚ ਹੁੰਦਾ,
ਬਿਨ ਆਈਉਂ ਕਦੇ ਮਰਦੀ ਨਾ।
ਇਸ਼ਕੇ ਦੇ ਲੜ ਲੱਗੇ ਜਿਹੜੀ,
ਮਿਹਣਿਆਂ ਕੋਲੋਂ ਡਰਦੀ ਨਾ।
ਬੁੱਕਲ ਵਿਚ ਜੇ ਯਾਰ ਲੁਕਾਉਂਦੀ,
ਦਰਦ ਵਿਛੋੜਾ ਜਰਦੀ ਨਾ।
ਉਹਦੇ ਨਾਲ ਕਦੇ ਨਾ ਲੜੀਏ,
ਜਿਸ ਦੇ ਬਾਝੋਂ ਸਰਦੀ ਨਾ।
ਜਿਸ ਦੀ ਖਾਤਿਰ ਸਭ ਕੁਝ ਛੱਡਿਆ,
ਉਹ ਵੀ ਨਿਕਲਿਆ ਦਰਦੀ ਨਾ।
'ਜ਼ਫਰ' ਜਿਹੜਾ ਲਜਪਾਲ ਨਾ ਹੋਵੇ,
ਲੋੜ ਐਸੇ ਦਿਲਬਰ ਦੀ ਨਾ।

## ਨੀਮ ਪ੍ਰਵਕਤਾ/ਵਰਿੰਦਰ ਪਰਿਹਾਰ

ਕਿੰਨਾ ਦੁੱਖ ਹਿੰਸਾ ਨਫ਼ਰਤ ਬੀਮਾਰੀ ਹਉਮੈ ਕਿੰਨਾ
ਸਾਹਮਣਾ ਨਾ ਕਰ ਸਕੇ ਤਨ
ਤਰਦੀਦੀ ਅਸਬਾਬ ਏਨਾ
..........................
ਟੈਲੀ-ਖ਼ਬਰਾਂ ਬੰਦ ਕਰਦਾਂ ਹਾਂ
ਤਾਜ਼ੀ ਹਵਾ ਲਈ ਖੋਲ੍ਹਦਾਂ ਖਿੜਕੀ
ਫਲ ਚੁੱਕਦਾਂ ਟੋਕਰੀ 'ਚੋਂ...
ਪਰ ਐਤਕੀਂ
ਫਲ ਨਹੀਂ ਮੈਂ ਬੋਲਦਾਂ:

ਸਫ਼ਲ ਹੋਣ ਲੱਗਾ ਮੇਰਾ ਜੀਵਨ।
ਇਹ ਛਿਣ ਬੜੀ ਚਿਰ ਪਿਆ ਪਰ ਉਡੀਕਣਾ

ਕੰਠ ਮੇਰਾ ਵਾਜ ਫਲ ਦੀ
ਵਾਹ! ਆਫ਼ਰੀਨ!–
ਕਿਵੇਂ ਕਦੋਂ ਬਣਿਆ ਮੈਂ ਫਲ ਦਾ ਪ੍ਰਵਕਤਾ?

ਪਰ ਹੈਂ!
ਫਲ ਦਾ ਬੀਜ ਚੁੱਪ ਨਹੀਂ ਅੱਜ
'ਮਸਲ ਦੇ ਮੈਨੂੰ ਕਹਿੰਦਾ:
ਪੈਰਾਂ ਥੱਲੇ ਰਗੜ ਦੇ ਮੈਨੂੰ ਮਿਟਾ ਦੇ'
ਆਖੇ:

'ਮੁਕਤ ਕਰ ਮੈਨੂੰ ਜਾਣ ਦੇ ਵਿਦਾ ਕਰ'

ਚੁੱਪ ਹੋ ਗਿਆਂ ਮੈਂ ਬੋਲਦਾ ਬੋਲਦਾ
ਬੀਜ ਲਈ ਕੁਝ ਸੋਚਦਾ ਸੋਚਦਾ

ਪਰ ਕੀ ਸੋਚਾਂਗਾ ਆਖ਼ਿਰ?
ਅਜਾਣਾ
ਮੈਂ ਨਿੱਕਾ ਨੀਮ ਪ੍ਰਵਕਤਾ



## ਪੁਲ ਮੋਰਾਂ/ਅਜਾਇਬ ਸਿੰਘ ਹੁੰਦਲ

ਲੋਕ ਦੱਸਦੇ ਨੇ
ਲਾਹੌਰ ਦੀ ਮਸ਼ਹੂਰ ਤਵਾਇਫ਼ ਮੋਰਾਂ
ਇਕ ਰਾਜੇ ਲਈ ਮੁਜਰਾ ਕਰਨ ਆਈ ਸੀ।

ਘੋੜੀ 'ਤੇ ਸਵਾਰ ਮੋਰਾਂ
ਜਦ ਰਾਹ 'ਚ ਪੈਂਦਾ ਸੂਆ ਪਾਰ ਕਰਨ ਲੱਗੀ
ਉਸ ਦੀ ਜੁੱਤੀ ਡਿੱਗ ਪਈ
ਜੁੱਤੀ ਰੁੜ ਗਈ।

ਮੋਰਾਂ ਆਪਣੇ ਨੰਗੇ ਪੈਰਾਂ ਵੱਲ ਦੇਖ ਰਹੀ ਸੀ
ਕਿ ਮੋਰਾਂ ਨੂੰ ਵੇਖ ਰਹੀ ਇਕ ਸਵਾਣੀ ਨੇ
ਮੋਰਾਂ ਦੇ ਪੈਰੀਂ ਆਪਣੀ ਜੁੱਤੀ ਪਾ ਦਿੱਤੀ।
ਮੋਰਾਂ ਨੇ ਸਵਾਣੀ ਵੱਲ ਵੇਖਿਆ
ਉਸ ਦੇ ਪੈਰਾਂ ਵੱਲ ਵੇਖਿਆ
ਮੋਰਾਂ ਨੂੰ ਲੱਗਿਆ
ਉਸ ਦੇ ਘੁੰਗਰੂਆਂ ਵਾਲੇ ਪੈਰਾਂ ਵਿਚ
ਜਿਵੇਂ ਪੰਜੇ ਪੈ ਗਈਆਂ ਹੋਣ।

ਮੋਰਾਂ ਨੇ ਰਾਜੇ ਨੂੰ ਕਿਹਾ
ਉਹ ਮੁਜਰਾ ਇਸ ਸ਼ਰਤ ਤੇ ਕਰੇਗੀ
ਉਸਦੇ ਵਾਪਸ ਜਾਣ ਤੱਕ
ਸੂਏ ਦਾ ਪੁਲ ਬਣ ਜਾਵੇ
ਰਾਜੇ ਨੇ ਪੁਲ ਬਣਵਾ ਦਿੱਤਾ।

ਪੁਲ ਦੀਆਂ ਗੱਲਾਂ ਹੋਣ ਲੱਗੀਆਂ
ਮੋਰਾਂ ਦਾ ਜ਼ਿਕਰ ਹੋਣ ਲੱਗਾ
ਰਾਜੇ ਤੇ ਉਂਗਲਾਂ ਉਠੀਆਂ
ਉਸ ਦੇ ਖ਼ਿਲਾਫ ਫ਼ਤਵਾ ਜ਼ਾਰੀ ਹੋ ਗਿਆ।

ਲੋਕ ਹੈਰਾਨ ਰਹਿਣ ਗਏ
ਲੋਕਾਂ ਨੂੰ ਦੁੱਖ ਹੋਇਆ

ਪੁਲ 'ਤੇ ਇਕੱਠ ਕੀਤਾ ਗਿਆ
ਪੁਲ ਦਾ ਨਾਮਕਰਨ ਹੋਣ ਲੱਗਾ।

ਕਿਸੇ ਨੇ ਕਿਹਾ
ਪੁਲ ਦਾ ਨਾਂ
'ਰਾਜੇ ਦਾ ਪੁਲ' ਰੱਖਿਆ ਜਾਵੇ

ਕਿਸੇ ਨੇ 'ਸਵਾਣੀ ਦਾ ਪੁਲ' ਤਜਵੀਜ਼ ਕੀਤਾ
ਸਵਾਣੀ ਰਾਜ਼ੀ ਨਾ ਹੋਈ
ਤੇ ਜਦ ਸਵਾਣੀ ਨੇ
ਪੁਲ ਦਾ ਨਾਂ
'ਪੁਲ ਮੋਰਾਂ' ਰੱਖਣ ਦਾ ਮਸ਼ਵਰਾ ਦਿੱਤਾ
ਪੁਲ ਦਾ ਨਾਂ 'ਪੁਲ ਮੋਰਾਂ' ਰੱਖਿਆ ਗਿਆ
ਲੋਕ ਪੁਲ ਵੇਖਣ ਆਉਣ ਲੱਗੇ
ਪੁਲ ਤੇ ਮੇਲਾ ਲੱਗਣ ਲੱਗਾ.....।

ਪੁਲ 'ਤੇ ਜੁੜ ਬਹਿੰਦੇ ਲੋਕ ਨਹੀਂ ਜਾਣਦੇ
ਪੁਲ ਮੋਰਾਂ
'ਪੁਲ ਕੰਜਰੀ' ਕਿਵੇਂ ਬਣ ਗਿਆ

ਕਦੋਂ ਬਣ ਗਿਆ
ਕਿਸਨੇ ਬਣਾ ਦਿੱਤਾ
ਪਰ ਇਹ ਜ਼ਰੂਰ ਜਾਣਦੇ ਨੇ
ਪੁਲ ਦਾ ਨਾਂ ਬਦਲਣ ਬਾਰੇ
ਜਦ ਸਵਾਣੀ ਨੂੰ ਪਤਾ ਲੱਗਾ
ਉਸ ਦਾ ਮਨ ਭਰ ਆਇਆ
ਜਦ ਮੋਰਾਂ ਨੇ ਸੁਣਿਆਂ
ਉਹ ਸਿਰਫ਼ ਮੁਸਕਰਾਈ ਸੀ
ਤੇ ਅੱਜ ਚਬਾਇਆ ਪਾਨ ਥੁਕਣ ਚਲੇ ਗਈ ਸੀ

**ਵਿਸਥਾਪਨੀ ਸੁਰ ਦਾ ਨਾਟਕ : ਤੁਹਾਨੂੰ ਕਿਹੜਾ ਰੰਗ ਪਸੰਦ ਹੈ ?/ਉਮਾ ਸੇਠੀ**

ਪਾਲੀ ਭੁਪਿੰਦਰ ਅਜੋਕੇ ਦੌਰ ਦੇ ਨਾਟਕਕਾਰਾਂ ਵਿਚੋਂ ਇਕ ਅਜਿਹੇ ਨਾਟਕਕਾਰ ਦੇ ਤੌਰ ]ਤੇ ਉਭਰ ਕੇ ਸਾਹਮਣੇ ਆਇਆ ਹੈ ਜਿਸ ਨੇ ਸਾਡੀ ਨਾਟ ਪਰੰਪਰਾ ਦੇ ਬਿੰਬ ਨੂੰ ਨਿਸ਼ਚਿਤ ਤੌਰ ਤੇ ਨਿਖਾਰਿਆ ਹੈ। ਉਸਦੇ ਮੁਢਲੇ ਨਾਟਕ ਤੋਂ ਲੈ ਕੇ ਜੇ ਹੁਣ ਤਕ ਦੀ ਨਾਟਯਾਤਰਾ ਨੂੰ ਦੇਖੀਏ ਤਾਂ ਸ਼ਹਿਰੀ ਮੱਧ ਵਰਗ ਦੀਆਂ ਸਮੱਸਿਆਵਾਂ, ਉਨ੍ਹਾਂ ਦੀਆਂ ਸੰਵੇਦਨਾਵਾਂ ਅਤੇ ਮਹਾਂਨਗਰਾਂ ਵਿਚ ਉਭਰ ਰਹੇ ਨਵੇਂ ਰੁਝਾਨ ਉਸਦੇ ਨਾਟਸ਼ਚਿੰਤਨ ਦੇ ਅਹਿਮ ਸਰੋਕਾਰ ਪ੍ਰਤੀਤ ਹੁੰਦੇ ਹਨ। ਉਹ ਅਜਿਹੇ ਨਾਟਸ਼ਵਿਸ਼ਿਆਂ ਨਾਲ ਓਪਰੀ ਪੱਧਰ ਤੇ ਨਹੀਂ ਨਿਬੜਦਾ ਸਗੋਂ ਡੂੰਘਾਈ ਵਿਚ ਜਾ ਕੇ ਸਮੱਸਿਆ ਨੂੰ ਬਹੁਸ਼ਪਰਤੀ ਪਾਸਾਰ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਦੂਜਿਆਂ ਨੂੰ ਮਧੋਲ ਕੇ ਅੱਗੇ ਨਿਕਲਣ ਦੀ ਦੌੜ ਵਿਚ ਮਾਨਵੀ ਮੁੱਲਾਂ ਦੇ ਹੋ ਰਹੇ ਨਿਘਾਰ ਪ੍ਰਤੀ ਨਾਟਕਕਾਰ ਚਿੰਤਾਤੁਰ ਜਾਪਦਾ ਹੈ। ਰਵਾਇਤੀ ਕਿਸਮ ਦੇ ਵਿਸ਼ੇ ਤੋਂ ਹਟ ਕੇ ਲਿਖਿਆ ਗਿਆ ਉਸਦਾ ਇਹ ਨਵਾਂ ਨਾਟਕ ਤੁਹਾਨੂੰ ਕਿਹੜਾ ਰੰਗ ਪਸੰਦ ਹੈ ? ਵਿਆਹ ਵਰਗੀ ਮਹੱਤਵਪੂਰਨ ਸੰਸਥਾ ]ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੋਇਆ ਨਵੀਂ ਬਹਿਸ ਦਾ ਆਗਾਜ਼ ਕਰਦਾ ਹੈ। ਉਤਰ ਆਧੁਨਿਕਤਾ ਦੇ ਇਸ ਦੌਰ ਅੰਦਰ ਹਰ ਖੇਤਰ ਵਿਚ ਵਾਪਰ ਰਹੀ ਕ੍ਰਾਂਤੀਕਾਰੀ ਤਬਦੀਲੀ ਨੇ ਮਨੁੱਖ ਦੀ ਸੋਚ ਨੂੰ ਡੂੰਘੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਪਰੰਪਰਕ ਆਦਰਸ਼ਾਂ ਦੇ ਤਿੜਕਣ ਨਾਲ ਮਨੁੱਖ ਨਵੀਆਂ ਚੁਣੌਤੀਆਂ ਦੇ ਰੂਸ਼ਬਸ਼ਰੂ ਹੁੰਦਾ ਹੋਇਆ ਸਥਾਪਤ ਮੁੱਲਾਂ ਨੂੰ ਨਕਾਰਣ ਦੀ ਜੁਰਅਤ ਪੈਦਾ ਕਰ ਰਿਹਾ ਹੈ। ਰਵਾਇਤੀ ਮੁੱਲਾਂ ਦੇ ਵਿਸਥਾਪਨ ਅਤੇ ਨਵੀਆਂ ਕੀਮਤਾਂ ਦੇ ਸਥਾਪਨਾ ਦੀ ਅਣਹੋਂਦ ਵਿਚ ਅਜੀਬ ਧੁੰਦੂਕਾਰੇ ਦੀ ਸਥਿਤੀ ਪੈਦਾ ਹੋ ਰਹੀ ਹੈ। ਇੱਕੀਵੀਂ ਸਦੀ ਦੇ ਇਸ ਦੌਰ ਵਿਚ ਮਨੁੱਖ ਨੇ ਹਰ ਸੰਸਥਾ‹ਮਰਯਾਦਾ ਨੂੰ ਸ਼ੰਕਾਲੂ ਨਜ਼ਰਾਂ ਨਾਲ ਤੱਕਣਾ ਸ਼ੁਰੂ ਕਰ ਦਿੱਤਾ ਹੈ। ਪੂੰਜੀਵਾਦੀ ਸਿਸਟਮ ਵਿਚ ਸ਼ਹਿਰੀ ਮੱਧਵਰਗੀ ਮਨੁੱਖ ਇਸ ਸੰਕਟ ਦਾ ਵਧੇਰੇ ਸ਼ਿਕਾਰ ਹੋਇਆ ਹੈ। ਜਿਹੜਾ ਨਾ ਤਾਂ ਅਜੇ ਆਪਣੇ ਪਰੰਪਰਕ ਸੰਸਕਾਰਾਂ ਤੋਂ ਹੀ ਮੁਕਤ ਹੋ ਸਕਿਆ ਹੈ ਅਤੇ ਨਾ ਹੀ ਇਸ ਨਵੇਂ ਵਿਸ਼ਵ ਸਭਿਆਚਾਰ ਦਾ ਹਾਣੀ ਹੋ ਸਕਿਆ ਹੈ। ਵਿਸ਼ੇਸ਼ ਕਿਸਮ ਦੇ ਦਵੰਦ ਦਾ ਸ਼ਿਕਾਰ ਹੋਇਆ ਅਜਿਹਾ ਮਨੁੱਖ ਦੋਗਲੇ ਮਿਆਰਾਂ ਨੂੰ ਅਪਣਾ ਰਿਹਾ ਹੈ। ਬਾਹਰੀ ਤੌਰ ਉਤੇ ਸਮਾਜਕ ਪ੍ਰਤਿਮਾਨਾਂ ਦਾ ਢੌਂਗ ਕਾਇਮ ਰੱਖਦਾ ਹੋਇਆ ਮਨੋਂ ਲੰਪਟ ਲਾਲਸਾਵਾਂ ਨਾਲ ਗ੍ਰਸਿਤ, ਸਭ ਹੱਦਾਂ ਬੰਨੇ ਤੋੜ ਕੇ ਪੂਰੀ ਖੁੱਲ੍ਹ ਮਾਨਣਾ ਚਾਹੁੰਦਾ ਹੈ। ਇਉਂ ਦੂਹਰੇ ਮਾਪਦੰਡਾਂ ਸਦਕਾ ਮਾਨਸਿਕ ਤਨਾਓ ਭੋਗਦਾ ਹੈ। ਪਾਲੀ ਭੁਪਿੰਦਰ ਇਸ ਨਾਟਕ ਵਿਚ ਅਜੋਕੇ ਮਨੁੱਖ ਦੀ ਅਜਿਹੀ ਸਮੱਸਿਆ ਨਾਲ ਹੀ ਵਾਬਸਤਾ ਜਾਪਦਾ ਹੈ। ਮਹਾਂਨਗਰਾਂ ਵਿਚ ਪੈਦਾ ਹੋ ਰਿਹਾ ਲਿਵ ਇਨ ਪਾਰਟਨਰ ਦਾ ਵੱਧ ਰਿਹਾ ਰੁਝਾਨ, ਸਮਲਿੰਗੀ ਵਿਆਹਾਂ ਦੀ ਦਿਨੋਂ ਦਿਨ ਵਧ ਰਹੀ ਸੰਖਿਆ ਅਤੇ ਲਿੰਗਿਕ ਸੰਬੰਧਾਂ ਵਿਚ ਪੈਦਾ ਹੋ ਰਹੀ ਖੁੱਲ੍ਹ ਸਦਕਾ ਵਿਆਹ ਦੀ ਸੰਸਥਾ ਨੂੰ ਗੈਰਜ਼ਰੂਰੀ ਗਰਦਾਨੇ ਜਾਣ ਦਾ ਰੁਝਾਨ ਖਤਰਨਾਕ ਅੰਜਾਮ ਨੂੰ ਪੈਦਾ ਕਰ ਸਕਦਾ ਹੈ। ਮਰਦਸ਼ਔਰਤ ਸਬੰਧਾਂ ਦੇ ਅਜਿਹੇ ਵਿਕਲਪ, ਪਤੀਸ਼ਪਤਨੀ ਦੇ ਤੌਰ ]ਤੇ ਜ਼ਿੰਦਗੀ ਭਰ ਇਕੱਠਿਆਂ ਰਹਿਣ ਦੀ ਮਜਬੂਰੀ ਅਤੇ ਘੁਟਨ ਤੋਂ ਤਾਂ ਉਸ ਨੂੰ ਨਿਸ਼ਚੇ ਹੀ ਨਿਜਾਤ ਦਿਵਾਉਣਗੇ ਪਰ ਦੂਜੇ ਪਾਸੇ ਇਸ ਬੇਮੁਹਾਰੀ ਖੁਲ੍ਹ ਤੋਂ ਪੈਦਾ ਹੋਣ ਵਾਲੀ ਅਰਾਜਕਤਾ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ। ਇਕ ਤੋਂ ਬਾਅਦ ਇਕ ਹੋਰ ਜਿਸਮ ਦੀ ਤਲਾਸ਼ ਮਨੁੱਖ ਨੂੰ ਪਾਸ਼ਵਿਕਤਾ ਦੀ ਪੱਧਰ ]ਤੇ ਲੈ ਜਾਏਗੀ। ਨਾਟਕਕਾਰ ਨੇ ਇਸ ਨਾਟਕ ਵਿਚ ਅਜਿਹੀ ਸਮੱਸਿਆ ਨਾਲ ਗ੍ਰਸਤ ਇਕ ਅਜਿਹੇ ਸ਼ਖਸ ਦੀ ਦੁਚਿਤੀ ਨੂੰ ਪੇਸ਼ ਕਰਨ ਵਿਚ ਕਲਾਤਮਕਤਾ ਪ੍ਰਦਾਨ ਕੀਤੀ ਹੈ। ਕਿਸੇ ਕੰਪਨੀ ਵਲੋਂ ਪੁਲ ਬਣਾਉਣ ਦੇ ਗੈਰਕਾਨੂੰਨੀ ਪ੍ਰਾਜੈਕਟ ਨੂੰ ਪਾਸ ਕਰਾਉਣ ਬਦਲੇ ਡੀ.ਗ ਕੇ.ਗ ਨੂੰ ਮਿਸਟਰ ਸੋਢੀ ਵਲੋਂ ਦੋ ਲੱਖ ਰੁਪਏ ਦੀ ਰਕਮ ਭੇਜੀ ਜਾਂਦੀ ਹੈ। ਇਸ ਸੌਦੇਬਾਜ਼ੀ ਦਾ ਇਕ ਹਿੱਸਾ ਮਿਸਟਰ ਸੋਢੀ ਵਲੋਂ ਡੀ.ਗ ਕੇ.ਗ ਨੂੰ ਉਸ ਰਾਤ ਲਈ ਅਜਿਹੀ ਔਰਤ ਦੀ ਭੇਟਾ ਵੀ ਹੈ ਜਿਸ ਦੀ ਡੀ.ਗ ਕੇ.ਗ ਵਲੋਂ ਇੱਛਾ ਜਾਹਿਰ ਕੀਤੀ ਗਈ



ਸੀ। ਪਰ ਡੀ.ਗ ਕੇ.ਗ ਆਪਣੇ ਸਮਾਜਕ ਰੁਤਬੇ ਅਤੇ ਮਾਣ ਮਰਯਾਦਾ ਦੇ ਸਨਮੁੱਖ ਅਚੇਤ ਵਿਚ ਛੁਪੀ ਇਸ ਇੱਛਾ ਨੂੰ ਓਹਲੇ ਵਿਚ ਪੂਰੀ ਕਰਨ ਦੀ ਤਾਕ ਵਿਚ ਹੈ। ਉਸਦਾ ਤਲਖੀ ਭਰਿਆ ਲਹਿਜਾ, ਆਪਣੀ ਨੇਕਨੀਅਤੀ ਬਾਰੇ ਮੁੜ ਮੁੜ ਸਫਾਈਆਂ ਦੇਣ ਦਾ ਅੰਦਾਜ਼ ਜਿਥੇ ਪਾਠਕਾਂ‹ਦਰਸ਼ਕਾਂ ਨੂੰ ਡੀ.ਗ ਕੇ.ਗ ਦੇ ਅਚੇਤਨ ਦੀ ਥਾਹ ਪਾਉਣ ਵਿਚ ਸਹਾਈ ਹੁੰਦਾ ਹੈ, ਉਥੇ ਨਾਟਕੀ ਟੱਕਰ ਨੂੰ ਵੀ ਗੰਭੀਰਤਾ ਪ੍ਰਦਾਨ ਕਰਦਾ ਹੈ। ਪਿਛਲੇ ਲੰਮੇ ਸਮੇਂ ਤੋਂ ਡੀ.ਗ ਕੇ.ਗ ਦੇ ਅਵਚੇਤਨ ਵਿਚ ਪੂਰੀ ਤਰ੍ਹਾਂ ਖੁਭ ਚੁੱਕੀ ਨੀਲੇ ਰੰਗ ਦੀ ਸਾੜ੍ਹੀ ਵਾਲੀ ਖੂਬਸੂਰਤ ਔਰਤ ਤੇ ਦੂਜੇ ਪਾਸੇ ਸਮਾਜਕ ਪ੍ਰਤਿਮਾਨਾਂ ਦੇ ਦਵੰਦ ਵਿਚ ਫਸੇ ਡੀ.ਗ ਕੇ.ਗ ਦੀ ਮਾਨਸਿਕ ਛਟਪਟਾਹਟ ਤੇ ਉਤੇਜਨਾ ਨੂੰ ਨਾਟਕੀ ਬਿੰਬਾਂ ਰਾਹੀਂ ਸਾਕਾਰ ਕਰਕੇ ਨਾਟਕਕਾਰ ਨੂੰ ਵਿਆਹ ਵਰਗੀ ਸਰਬਸ਼ਪ੍ਰਵਾਨਿਤ ਸੰਸਥਾ ਚੋਂ ਉਭਰ ਰਹੀ ਵਿਸ਼ਾਦਗ੍ਰਸਤਾ ਤੇ ਅਕੇਵੇਂ ਨੂੰ ਪੇਸ਼ ਕਰਕੇ ਨਾਟਕੀ ਥੀਮ ਨੂੰ ਵਿਰਚਨਾਸ਼ਵਿਧੀ ਦੇ ਨਵੇਂ ਸੰਕਲਪ ਨਾਲ ਜੋੜਿਆ ਹੈ। ਸੂਚਨਾ ਅਤੇ ਸੰਚਾਰ ਮਾਧਿਅਮਾਂ ਦਾ ਹੈਰਾਨੀ ਜਨਕ ਵਿਕਾਸ, ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਪਨਪ ਰਹੇ ਖਪਤ ਸਭਿਆਚਾਰ ਸਦਕਾ ਸਮਾਜਕ ਪ੍ਰਤਿਮਾਨਾਂ ਤੇ ਰਿਸ਼ਤਿਆਂ ਵਿਚ ਵਾਪਰ ਰਹੀ ਵਿਸਫੋਟਕ ਤਬਦੀਲੀ ਦਾ ਪ੍ਰਭਾਵ ਸਾਹਿਤਕਾਰ ਦੀਆਂ ਰਚਨਾਵਾਂ ਦਾ ਅੰਗ ਬਣਿਆ ਹੈ। ਪਾਲੀ ਭੁਪਿੰਦਰ ਵੀ ਇਸ ਨਾਟਕ ਵਿਚ ਅਚੇਤ ਤੌਰ ]ਤੇ ਇਸ ਪ੍ਰਭਾਵ ਨੂੰ ਕਬੂਲ ਰਿਹਾ ਪ੍ਰਤੀਤ ਹੁੰਦਾ ਹੈ। ਪੂੰਜੀਵਾਦੀ ਪ੍ਰਬੰਧ ਵਿਚ ਦਿਨੋ ਦਿਨ ਵੱਧ ਰਹੇ ਮਾਨਸਿਕ ਤਨਾਓ ਤੋਂ ਮੁਕਤ ਹੋਣ ਲਈ ਅਜੋਕਾ ਮਨੁੱਖ ਜਾਂ ਤਾਂ ਨਸ਼ਿਆਂ ਦਾ ਸੇਵਨ ਕਰਦਾ ਹੈ ਤੇ ਜਾਂ ਫੇਰ ਵਿਆਹ ਬਾਹਰੇ ਸੈਕਸ ਸੰਬੰਧਾਂ ]ਚੋਂ ਮਾਨਸਿਕ ਤਸੱਲੀ ਭਾਲਣ ਦੀ ਕੋਸ਼ਿਸ਼ ਕਰਦਾ ਹੈ। ਉਚਿਤ‹ਅਣਉਚਿਤ ਦੇ ਰਵਾਇਤੀ ਸੰਸਕਾਰਾਂ ਤੋਂ ਨਾਬਰ ਹੁੰਦਾ ਅਜਿਹਾ ਮਨੁੱਖ ਸਾਹਿਤ ਦਾ ਪਾਤਰ ਬਣ ਰਿਹਾ ਹੈ। ਵਿਸ਼ਵ ਪੱਧਰ ਉਤੇ ਪੈਦਾ ਹੋ ਰਹੇ ਗਿਆਨ ਦੇ ਨਵੇਂ ਚਿੰਤਨ ਨੇ ਮਨੁੱਖ ਨੂੰ ਸਥਾਪਤ ਮਰਯਾਦਾ ਦੀ ਜਕੜਨ ਤੋਂ ਮੁਕਤ ਹੋਣ ਦਾ ਮਸਲਾ ਤਾਂ ਨਿਸ਼ਚੇ ਹੀ ਉਭਾਰਿਆ ਹੈ ਪਰ ਨਵੇਂ ਆਧਾਰਾਂ ਦੀ ਤਲਾਸ਼ ਤੋਂ ਅਜੇ ਉਹ ਅਸਮਰਥ ਹੀ ਪ੍ਰਤੀਤ ਹੁੰਦਾ ਹੈ। ਇਸ ਨਾਟਕ ਦੇ ਮੂਲ ਸਰੋਕਾਰ ਵੀ ਰਵਾਇਤੀ ਸੰਸਕਾਰਾਂ ਦੀ ਅਜਿਹੀ ਘੁਟਨ ਤੋਂ ਮੁਕਤ ਹੋਣ ਨਾਲ ਹੀ ਸਬੰਧਤ ਹਨ। ਨਾਟਕ ਵਿਚ ਅਜਨਬੀ ਨਾਂ ਦੇ ਕਿਰਦਾਰ ਦੇ ਸ਼ਾਮਲ ਹੋਣ ਨਾਲ ਨਾਟਕ ਦੀ ਗਤੀ ਤੇਜ਼ ਹੁੰਦੀ ਹੈ। ਅਜਨਬੀ ਦੀ ਭੂਮਿਕਾ ਡੀ.ਗ ਕੇ.ਗ ਦੇ ਅੰਦਰੂਨੀ ਦਵੰਦ ਨੂੰ ਉਘਾੜਨ ਵਿਚ ਸਫ਼ਲ ਜੁਗਤ ਦੇ ਤੌਰ ਤੇ ਉੱਭਰ ਕੇ ਸਾਹਮਣੇ ਆਈ ਹੈ। ਉਹ ਡੀ.ਗ ਕੇ.ਗ ਦੇ ਮਨ ਵਿਚ ਦੱਬੀਆਂ ਕੁੰਠਿਤ ਭਾਵਨਾਵਾਂ ਨੂੰ ਜ਼ਾਹਿਰ ਕਰਨ ਲਈ ਬੜੀ ਬੇਬਾਕ ਭਾਸ਼ਾ ਦੀ ਵਰਤੋਂ ਕਰਦਾ ਹੈ। ਦੂਜੇ ਪਾਸੇ ਡੀ.ਗ ਕੇ.ਗ ਦਾ ਇਸ ਸੱਚ ਨੂੰ ਮੰਨਣ ਤੋਂ ਗੁਰੇਜ਼ ਕਰਨਾ ਨਾਟਕੀ ਤਨਾਓ ਨੂੰ ਤੀਖਣ ਕਰਦਾ ਜਾਂਦਾ ਹੈ। ਇਸੇ ਮੁੱਖ ਸਮੱਸਿਆ ਦੇ ਅੰਤਰਗਤ ਨਾਟਕ ਵਿਚ ਹੋਰ ਪ੍ਰਤਿਧੁਨੀਆਂ ਵੀ ਉਜਾਗਰ ਹੁੰਦੀਆਂ ਹਨ। ਡੀ.ਗ ਕੇ.ਗ ਦੇ ਚਰਿੱਤਰ ਰਾਹੀਂ ਹੀ ਨਾਟਕਕਾਰ ਸਮਾਜ ਦੇ ਇਕ ਅਜਿਹੇ ਵਰਗ ਨੂੰ ਬੇਪਰਦ ਵੀ ਕਰਦਾ ਹੈ ਜਿਹੜੇ ਦੋਗਲੇ ਮਿਆਰਾਂ ਨੂੰ ਅਪਣਾ ਕੇ ਬਾਹਰੋਂ ਬੜੀ ਸ਼ਰਾਫ਼ਤ ਅਤੇ ਭਲਮਾਣਸੀ ਦਾ ਦਾਅਵਾ ਕਰਦੇ ਹਨ ਜਦ ਕਿ ਵਾਸਤਵ ਵਿਚ ਉਨ੍ਹਾਂ ਦਾ ਦੰਭੀ ਜੀਵਨ ਕੁਕਰਮਾਂ ਨਾਲ ਲਬਰੇਜ਼ ਹੁੰਦਾ ਹੈ। ਇਉਂ ਪੂੰਜੀਵਾਦੀ ਨਿਜ਼ਾਮ ਵਿਚ ਪੈਸਾ ਕਮਾਉਣ ਦੀ ਲੱਗੀ ਅੰਨ੍ਹੀ ਦੌੜ ਵਿਚ ਮਾਨਵੀ ਮੁੱਲਾਂ ਦੇ ਹੋ ਰਹੇ ਨਿਘਾਰ ਪ੍ਰਤੀ ਨਾਟਕਕਾਰ ਨੇ ਚਿੰਤਾ ਪ੍ਰਗਟ ਕੀਤੀ ਹੈ। ਧਨ ਦੇ ਸਿਰ ਤੇ ਵੱਧ ਰਹੀ ਇਸ ਵਰਗ ਦੀ ਐਸ਼ੋ ਇਸ਼ਰਤ ਵਿਚ ਦਾਅ ]ਤੇ ਲਾਈ ਜਾ ਰਹੀ ਔਰਤ ਦਾ ਮਸਲਾ ਵੀ ਇਸ ਨਾਟਕ ਦਾ ਅਹਿਮ ਮੁੱਦਾ ਬਣ ਕੇ ਉਭਰਿਆ ਹੈ। ਆਪਣੇ ਸੋਸ਼ਲ ਸਟੇਟਸ ਨੂੰ ਧਿਆਨ ਵਿਚ ਰੱਖਦਿਆਂ ਅਜਿਹਾ ਵਰਗ ਇਸ ਗੱਲ ਨੂੰ ਸਵੀਕਾਰ ਕਰਨ ਲਈ ਹਰਗਿਜ਼ ਤਿਆਰ ਨਹੀਂ। ਉਹ ਹਰ ਸਫਾਈ ਪੇਸ਼ ਕਰ ਕੇ ਆਪਣੇ ਆਪ ਨੂੰ ਸਭਯ ਕਿਸਮ ਦਾ ਮਨੁੱਖ ਹੋਣ ਦਾ ਦਾਅਵਾ ਪੇਸ਼ ਕਰਦਾ ਹੈ।

ਨਾਟਕ ਦਾ ਥੀਮ ਬਹੁਸ਼ਪਰਤੀ ਸਮੱਸਿਆਵਾਂ ਨਾਲ ਯੁਕਤ ਹੈ। ਮੱਧ ਵਰਗੀ ਸਮਾਜ ਦਾ

ਰਾਤੋ ਰਾਤ ਲੱਖਪਤੀ ਬਣਨ ਦਾ ਸੁਪਨਾ ਅਤੇ ਤਰੱਕੀਆਂ ਹਾਸਿਲ ਕਰਨ ਦੀ ਲੱਗੀ ਦੌੜ ਵਿਚ ਆਪਣੀ ਪਤਨੀ ਨੂੰ ਆਪਣੇ ਬਾਸ ਦੀ ਕਾਮ ਤ੍ਰਿਪਤੀ ਲਈ ਪੇਸ਼ ਕਰਨ ਦਾ ਘਿਨਾਉਣਾ ਰੁਝਾਨ ਇਸ ਨਾਟਕ ਦਾ ਇਕ ਹੋਰ ਅਹਿਮ ਸਰੋਕਾਰ ਹੈ। ਇਸ ਸਾਰੀ ਸਥਿਤੀ ਦਾ ਸਭ ਤੋਂ ਵੱਡਾ ਦੁਖਾਂਤ ਤਾਂ ਇਹ ਹੈ ਕਿ ਔਰਤ ਨੂੰ ਇਸ ਦਲਦਲ ਵਿਚ ਫਸਾਉਣ ਦਾ ਜ਼ਿੰਮੇਵਾਰ ਦੂਜਾ ਹੋਰ ਕੋਈ ਨਹੀਂ ਸਗੋਂ ਸਮਾਜ ਅਤੇ ਮਰਯਾਦਾ ਵਲੋਂ ਸੌਂਪਿਆ ਉਸਦਾ ਆਪਣਾ ਰਖਵਾਲਾ ਪਤੀ ਹੈ।

ਵੱਡੇ ਵੱਡੇ ਪ੍ਰਾਜੈਕਟ ਪਾਸ ਕਰਾਉਣ ਅਤੇ ਪ੍ਰੋਮਸ਼ਨਾ ਲੈਣ ਬਦਲੇ ਔਰਤ ਦਾ ਅਜਿਹਾ ਸ਼ੋਸ਼ਨ ਸਭਿਅਕ ਸਮਾਜ ਦੇ ਨਾਂ ਉਤੇ ਇਕ ਵੱਡੀ ਲਾਹਨਤ ਹੈ। ਸਮੱਸਿਆ ਦਾ ਅੰਤ ਇਥੇ ਹੀ ਨਹੀਂ ਹੁੰਦਾ। ਨਿੱਜੀ ਲਾਭ ਲੈਣ ਮਗਰੋਂ ਇਸ ਸਾਰੀ ਸਥਿਤੀ ਦਾ ਜ਼ਿੰਮੇਵਾਰ ਇਹ ਵਰਗ ਆਪਣੀ ਔਰਤ ਨੂੰ ਬਦਚਲਨ ਕਰਾਰ ਦਿੰਦਾ ਹੋਇਆ ਇਸ ਧੋਖੇ ਦੀ ਆੜ ਵਿਚ ਕਿਸੀ ਦੂਜੀ ਔਰਤ ਨਾਲ ਕਾਮਸ਼ਸਬੰਧ ਰੱਖਣ ਦਾ ਤਰਕ ਸਿਰਜਦਾ ਹੈ। ਸਿੱਟੇ ਵਜੋਂ ਪਤੀ ਪਤਨੀ ਵਿਚਕਾਰ ਦਰਾੜਾਂ ਵਧਦੀਆਂ ਹਨ ਅਤੇ ਬੱਚੇ ਪਰਿਵਾਰਕ ਕਲੇਸ਼ ਦਾ ਸ਼ਿਕਾਰ ਹੁੰਦੇ ਹਨ।

ਮਨਬਚਨੀ ਦੀ ਜੁਗਤ ਡੀ.ਗ ਕੇ.ਗ ਦੇ ਅਚੇਤਨ ਨੂੰ ਉਭਾਰਦੀ ਦਰਸ਼ਕਾਂ‹ਪਾਠਕਾਂ ਨੂੰ ਉਸਦੀ ਅਸਲੀਅਤ ਜਾਨਣ ਵਿਚ ਕਾਰਗਰ ਰੋਲ ਅਦਾ ਕਰਦੀ ਹੈ। ਕਦਮ ਕਦਮ ਤੇ ਡੀ.ਗ ਕੇ.ਗ ਦੀ ਦੁਫੇੜ ਹੋਈ ਮਾਨਸਿਕਤਾ ਇਸ ਗੱਲ ਦਾ ਪ੍ਰਮਾਣ ਹੈ ਕਿ ਸੁਚੇਤ ਅਤੇ ਅਚੇਤ ਦੇ ਦਵੰਦ ਵਿਚ ਫਸਿਆ ਉਹ ਬਾਹਰੀ ਤੌਰ ’ਤੇ ਸੱਚ ਦਾ ਇਕਬਾਲ ਨਹੀਂ ਕਰਨਾ ਚਾਹੁੰਦਾ। ਇਸੇ ਲਈ ਅਜਨਬੀ ਦਾ ਹਰ ਸੰਵਾਦ ਉਸ ਨੂੰ ਨਸ਼ਤਰ ਵਾਂਗ ਵੱਜਦਾ ਹੈ। ਡੀ.ਗ ਕੇ.ਗ ਦੀਆਂ ਦਮਿਤ ਰੁਚੀਆਂ ਨੂੰ ਸੁਚੇਤ ਪੱਧਰ ’ਤੇ ਲਿਆਂਦਾ ਗਿਆ ਹੈ ਜਿਥੇ ਇਦ ਅਤੇ ਈਗੋ ਦੀ ਟੱਕਰ ਵਿਚ, ਇਦ ਆਪਣਾ ਤਰਕ ਸਿਰਜਣ ਵਿਚ ਕਾਮਯਾਬ ਹੋ ਜਾਂਦੀ ਹੈ। ਕਾਮੁਕ ਇੱਛਾਵਾਂ ਦੀ ਪੂਰਤੀ ਲਈ ਡੀ.ਗ ਕੇ.ਗ ਵਲੋਂ ਸਿਰਜੇ ਤਰਕ ਦੀਆਂ ਅਜਨਬੀ ਧੱਜੀਆਂ ਉਡਾਉਂਦਾ ਹੈ। ਮਨੋਵਿਸ਼ਲੇਸ਼ਣੀ ਜੁਗਤ ਡੀ.ਗ ਕੇ.ਗ ਨੂੰ ਆਪਣੀ ਪ੍ਰਤੀਕ੍ਰਿਆ ਜਾਹਰ ਕਰਨ ਲਈ ਮਜਬੂਰ ਕਰ ਦਿੰਦੀ ਹੈ ਅਤੇ ਅਖੀਰ ਉਹ ਸਭ ਤਰ੍ਹਾਂ ਦੀਆਂ ਦੁਚਿਤੀਆਂ ਤੇ ਪ੍ਰਤਿਮਾਨਾਂ ਦੇ ਨਕਾਬ ’ਚੋਂ ਬਾਹਰ ਨਿਕਲ ਕੇ ਉਸ ਸੱਚ ਨੂੰ ਬੇਬਾਕੀ ਨਾਲ ਕਹਿ ਦੇਣ ਦਾ ਜੇਰਾ ਕਰਦਾ ਹੈ ਜਿਸ ਨੂੰ ਉਹ ਪਿਛਲੇ ਡੇਢ ਘੰਟੇ ਤੋਂ ਛੁਪਾ ਰਿਹਾ ਸੀ। ਨਾਟਕੀ ਟੱਕਰ ਸਿਖਰ ਤੇ ਪਹੁੰਚਦੀ ਪ੍ਰਤੀਤ ਹੁੰਦੀ ਹੈ। ਡੀ.ਗ ਕੇ.ਗ ਦੀਆਂ ਲੰਮੀਆਂ ਮਨਬਚਨੀਆਂ ਨਾਟਕੀ ਥੀਮ ਨੂੰ ਬਹੁਪਰਤੀ ਪਾਸਾਰ ਪ੍ਰਦਾਨ ਕਰਦੀਆਂ ਜਾਪਦੀਆਂ ਹਨ। ਉਤਰਸ਼ਆਧੁਨਿਕਤਾ ਦੇ ਇਸ ਦੌਰ ਵਿਚ ਵਿਆਹ ਦੀ ਸੰਸਥਾ ਨੂੰ ਲੈ ਕੇ ਪੈਦਾ ਹੋ ਰਹੇ ਨਵੇਂ ਸੁਆਲਾਂ ਨੇ ਮਨੁੱਖ ਨੂੰ ਇਨ੍ਹਾਂ ਗੰਭੀਰ ਚੁਣੌਤੀਆਂ ਦੇ ਦਰਪੇਸ਼ ਕੀਤਾ ਹੈ। ਵਿਆਹ ਦੀ ਮਹੱਤਵਪੂਰਨ ਸੰਸਥਾ ’ਤੇ ਵਿਅੰਗ ਕਰਦਾ ਹੋਇਆ ਇਹ ਨਾਟਕ ਅਜੇ ਇਸ ਦਾ ਬਦਲ ਪੇਸ਼ ਕਰਨ ਦੇ ਸਮਰੱਥ ਨਹੀਂ ਜਾਪਦਾ ਪਰ ਦੂਜੇ ਪਾਸੇ ਪਰੰਪਰਕ ਵਿਆਹ ਦੇ ਬੰਧਨ ਤੋਂ ਪੈਦਾ ਹੋਣ ਵਾਲੀ ਘੁਟਨ ਅਤੇ ਤਨਾਓ ਨੂੰ ਬਿਆਨਣ ਵਿਚ ਨਾਟਕਕਾਰ ਦੀ ਸੂਖਮ ਸੂਝ ਦੀ ਦਾਦ ਦੇਣੀ ਹੀ ਬਣਦੀ ਹੈ। ਇਸ ਪਵਿੱਤਰ ਰਸਮ ਦੀ ਮਰਯਾਦਾ ਤੇ ਸਮਾਜਕ ਲੋਕ ਲਾਜ ਨੂੰ ਕਾਇਮ ਰੱਖਣ ਬਦਲੇ ਪੈਦਾ ਹੋ ਰਹੇ ਮਾਨਸਿਕ ਦਮਨ ਪ੍ਰਤੀ ਇਹ ਨਾਟਕ ਇਸ ਮਸਲੇ ਨੂੰ ਗੰਭੀਰਤਾ ਨਾਲ ਸਚਣ ਲਈ ਸੁਚੇਤ ਜ਼ਰੂਰ ਕਰਦਾ ਹੈ ਪਰ ਕੀ ਵਿਆਹ ਦੀ ਸੰਸਥਾ ਦਾ ਨਕਾਰਣ ਸਮਾਜ ਨੂੰ ਅਰਾਜਕਤਾ ਦੀਆਂ ਬਰੂਹਾਂ ਤੇ ਨਹੀਂ ਲੈ ਜਾਵੇਗਾ ? ਮਨ ਦੇ ਅਮੋੜ ਜਜ਼ਬਿਆਂ ਨੂੰ ਠੱਲਣ ਲਈ ਕਿਤੇ ਨਾ ਕਿਤੇ ਤਾਂ ਨੱਥ ਪਾਉਣੀ ਹੀ ਪਵੇਗੀ। ਨਹੀਂ ਤਾਂ ਇਸ ਬੇਮੁਹਾਰੀ ਖੁਲ੍ਹ ਵਿਚ ਸਥਿਤੀ ਦਾ ਸਭ ਤੋਂ ਵੱਧ ਸ਼ਿਕਾਰ ਹੋਣਗੇ, ਉਹ ਬੱਚੇ ਜਿਹੜੇ ਔਰਤਸ਼ਮਰਦ ਦੇ ਇਨ੍ਹਾਂ ਅਵੈਧ ਸੰਬੰਧਾਂ ’ਚੋਂ ਪੈਦਾ ਹੋਣਗੇ। ਇਸ ਦਾ ਇਕ ਹੋਰ ਖ਼ਤਰਨਾਕ



ਪਹਿਲੂ ਇਹ ਵੀ ਹੈ ਕਿ ਭਾਰਤੀ ਸਮਾਜ ਵਿਚ ਹਾਸ਼ੀਏ ਤੇ ਜੀਅ ਰਹੀ ਔਰਤ ਦੀ ਹੈਸੀਅਤ ਬਜ਼ਾਰੂ ਔਰਤ ਦੀ ਬਣ ਕੇ ਰਹਿ ਜਾਵੇਗੀ। ਅਜਿਹੀ ਖੁਲ੍ਹ ਰਿਸ਼ਤਿਆਂ ਦੀ ਅਹਿਮੀਅਤ ਨੂੰ ਖਤਮ ਕਰਦੀ ਹੋਈ ਸਮਾਜ ਨੂੰ ਡੂੰਘੇ ਰਸਾਤਲ ਵੱਲ ਲੈ ਜਾਏਗੀ ਅਤੇ ਵਿਕ੍ਰਿਤ ਕਾਮੁਕਤਾ ਦਾ ਸ਼ਿਕਾਰ ਮਨੁੱਖ ਹਰ ਵੇਲੇ ਵਰਜਿਤ ਇੱਛਾਵਾਂ ਦੀ ਪੂਰਤੀ ਲਈ ਤਾੜ ਵਿਚ ਰਹੇਗਾ। ਨਾਟਕ ਦੇ ਅਖੀਰ ਵਿਚ ਇਹ ਨਾਟਕ ਦਰਸ਼ਕਾਂ‹ਪਾਠਕਾਂ ਨੂੰ ਇਹ ਸੋਚਣ ਤੇ ਜ਼ਰੂਰ ਮਜਬੂਰ ਕਰ ਦਿੰਦਾ ਹੈ ਕਿ ਕੀ ਅਜਿਹਾ ਵਿਆਹ ਕੇਵਲ ਇਕ ਬੋਝ ਨਹੀਂ ਜਿਸਨੂੰ ਮਨੁੱਖ ਸਮਾਜਕ ਪ੍ਰਤੀਮਾਨਾਂ ਦੇ ਅੰਤਰਗਤ ਕਦੀ ਤਾਂ ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਖਾਤਿਰ ਅਤੇ ਕਦੀ ਲੋਕਸ਼ਲੱਜਾ ਤੇ ਆਪਣੇ ਸੋਸ਼ਲ ਸਟੇਟਸ ਨੂੰ ਕਾਇਮ ਰੱਖਣ ਲਈ ਢੋਂਦਾ ਫਿਰਦਾ ਹੈ। ਨਿਰਸੰਦੇਹ ਵਿਆਹ ਦੀ ਸੰਸਥਾ ਤੇ ਕਿੰਤੂ ਕਰਨਾ ਹੀ ਸੰਸਕਾਰਾਂ ਨਾਲ ਬੰਨ੍ਹੇ ਸਮਾਜ ਵਿਚ ਵੱਡੀਆਂ ਨਰਾਜ਼ਗੀਆਂ ਸਹੇੜਨ ਦੇ ਬਰਾਬਰ ਹੈ। ਪਰ ਇਸ ਦੀ ਓਟ ਥੱਲੇ ਛੁਪੇ ਸੱਚ ਨੂੰ ਉਜਾਗਰ ਕਰਕੇ ਨਾਟਕਕਾਰ ਦਾ ਇਹ ਪ੍ਰਸ਼ਨ ਸਾਰਥਕਤਾ ਜ਼ਰੂਰ ਗ੍ਰਹਿਣ ਕਰਦਾ ਹੈ।

ਨਾਟਕ ਵਿਚ ਸੰਗੀਤ ਦੀ ਵਰਤੋਂ ਮਾਨਸਿਕ ਉਦਗਾਰਾਂ ਨੂੰ ਉਭਾਰਨ ਵਿਚ ਸਹਾਈ ਹੋਈ ਹੈ। ਡੀ.ਗ ਕੇ.ਗ ਦੀ ਮਾਨਸਿਕ ਉਤੇਜਨਾ ਨੂੰ ਸੰਗੀਤਕ ਧੁਨਾਂ ਦਾ ਸ਼ੋਰ ਨਿਸ਼ਚੇ ਹੀ ਪ੍ਰਭਾਵਿਤ ਕਰਦਾ ਹੈ। ਮਨਬਚਨੀਆਂ ਦੀ ਜੁਗਤ ਰਾਹੀਂ ਡੀ.ਗ ਕੇ.ਗ ਦੇ ਅਚੇਤਨ ਨਾਲ ਦਰਸ਼ਕਾਂ ਦੀ ਸਾਂਝ ਪੁਆ ਕੇ ਮਨੁੱਖ ਦੀ ਦੁਬਿਧਾ ਅਤੇ ਜਟਿਲਤਾ ਨੂੰ ਰੇਖਾਂਕਿਤ ਕੀਤਾ ਗਿਆ ਹੈ। ਡੀ.ਗ ਕੇ.ਗ , ਨਾਟਕ ਦੇ ਅਖੀਰ ਤੇ ਸੰਸਕਾਰਾਂ ਨਾਲ ਬੱਧੀ ਘੁਟਨ ਅਤੇ ਵਿਸ਼ਾਦ ਗ੍ਰਸਤਤਾ ਤੋਂ ਬਾਹਰ ਆ ਕੇ ਤਨਾਓ ਮੁਕਤ ਹੋਣਾ ਚਾਹੁੰਦਾ ਹੈ। ਉਹ ਆਪਣੀ ਆਤਮਾ ਅਤੇ ਮਨ ਤੋਂ ਸਾਰੇ ਬਹਾਨਿਆਂ ਦਾ ਬੋਝ ਹੂੰਝ ਕੇ ਆਪਣੀ ਮਰਜ਼ੀ ਦੀ ਔਰਤ ਦਾ ਸਾਥ ਮਾਨਣ ਦਾ ਤਰਕ ਸਿਰਜਦਾ ਹੈ। ਇਉਂ ਸਥਾਪਤ ਮੁੱਲਾਂ ਤੋਂ ਵਿਸਥਾਪਤੀ ਦਾ ਰਾਹ ਅਖ਼ਤਿਆਰ ਕਰਦਾ ਇਹ ਨਾਟਕ ਮਨੁੱਖ ਨੂੰ ਮਾਨਸਿਕ ਦੁਬਿਧਾ ਅਤੇ ਦੁਚਿਤੀ ਤੋਂ ਕੁਝ ਪਲਾਂ ਲਈ ਤਾਂ ਤਨਾਓ ਮੁਕਤ ਕਰਦਾ ਹੈ ਪਰ ਸਮੱਸਿਆ ਦਾ ਕੋਈ ਠੁਕਵਾਂ ਹੱਲ ਪੇਸ਼ ਕਰਨ ਦੇ ਯੋਗ ਨਹੀਂ ਹੋਇਆ। ਉਤਰਸ਼ਆਧੁਨਿਕਤਾ ਦੇ ਇਸ ਦੌਰ ਵਿਚ ਰਚੇ ਜਾ ਰਹੇ ਸਾਹਿਤ ਦੇ ਅੰਤਰਗਤ ਇਹ ਨਾਟਕ ਵੀ ਇਸੇ ਪ੍ਰਸੰਗ ਵਿਚ ਵਿਚਾਰੇ ਜਾਣ ਦੀ ਮੰਗ ਕਰਦਾ ਹੈ। ਮਨੁੱਖ ਦੀ ਸਭ ਤੋਂ ਜ਼ਰੂਰੀ ਸਮਝੀ ਜਾਂਦੀ ਸੰਸਥਾ ’ਤੇ ਵੱਡਾ ਪ੍ਰਸ਼ਨ ਚਿੰਨ੍ਹ ਲਾਉਂਦਾ ਹੋਇਆ ਇਹ ਨਾਟਕ ਦਰਸ਼ਕਾਂ‹ਪਾਠਕਾਂ ਅੰਦਰ ਇਕ ਝੁੰਜਲਾਹਟ ਜ਼ਰੂਰ ਪੈਦਾ ਕਰਦਾ ਹੈ। ਨੈਤਿਕਤਾ ਤੇ ਸਦਾਚਾਰ ਦੇ ਸਾਰੇ ਪ੍ਰਤਿਮਾਨ ਤਿੜਕਦੇ ਪ੍ਰਤੀਤ ਹੁੰਦੇ ਹਨ। ਦੰਭ ਤੇ ਪਖੰਡ ਤੇ ਖੜੋਤੀ ਇਹ ਸੰਸਥਾ ਨਾਟਕੀ ਮਾਹੌਲ ਵਿਚ ਸੰਨਾਟਾ ਪੈਦਾ ਕਰਦੀ ਹੈ। ‘ਅੱਗੇ ਖੂਹ ਤੇ ਪਿੱਛੇ ਖਾਈ’ ਦੀ ਕਹਾਵਤ ਅਨੁਸਾਰ ਨਾ ਤਾਂ ਇਸ ਮਹੱਤਵਪੂਰਨ ਸੰਸਥਾ ਦਾ ਅਜੇ ਕੋਈ ਬਦਲ ਹੀ ਨਜ਼ਰ ਆਉਂਦਾ ਹੈ ਤੇ ਨਾ ਇਸ ਬਿਨਾਂ ਕੋਈ ਹੋਰ ਚਾਰਾ। ਬੇਵਿਸ਼ਵਾਸੀ ਦੇ ਇਸ ਆਲਮ ਵਿਚ ਦਿਸ਼ਾਹੀਣਤਾ ਦੀ ਇਹ ਸਥਿਤੀ ਮਨੁੱਖ ਦੀ ਵਿਸ਼ਾਦ ਗ੍ਰਸਤਤਾ ਨੂੰ ਹੋਰ ਵਧਾਏਗੀ ਤੇ ਉਸਦੀ ਹਾਲਤ ਹਨੇਰੀ ਬੰਦ ਗਲੀ ਵਿਚ ਭਟਕਣ ਵਾਲੇ ਮਨੁੱਖ ਵਰਗੀ ਹੋ ਜਾਏਗੀ।

ਕੁਲ ਮਿਲਾ ਕੇ ਪਾਲੀ ਭੁਪਿੰਦਰ ਦੇ ਇਸ ਵਿਸ਼ੇ ਦੀ ਚੋਣ ਅਤੇ ਬੇਬਾਕੀ ਨਾਲ ਅਜਿਹੇ ਨਾਜ਼ੁਕ ਵਿਸ਼ੇ ਨੂੰ ਪ੍ਰਦਰਸ਼ਨੀ ਦੀ ਕਲਾ ਰਾਹੀਂ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਦਲੇਰੀ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

## ਨਵੀਆਂ ਕਿਤਾਬਾਂ ਦੇ ਸੰਗ

### ਠਰੀ ਰਾਤ/ਬਲਜੀਤ ਕੌਰ ਬਲੀ

'ਠਰੀ ਰਾਤ' ਬਲਜੀਤ ਕੌਰ ਬਲੀ ਦਾ ਬਹੁ-ਚਰਚਿਤ ਨਾਵਲ ਹੈ। ਇਹ ਨਾਵਲ ਮੈਂ ਬਾਰ੍ਹਾਂ ਕੁ ਸਾਲਾਂ ਪਹਿਲਾਂ ਪੜ੍ਹਿਆ ਸੀ। ਉਦੋਂ ਮੇਰੇ ਦਿਮਾਗ 'ਚ ਸ਼ੁਮਿੰਦਰੋ ਦਾ ਪਾਤਰ ਅੜ ਗਿਆ। ਠੀਕ ਉਵੇਂ ਜਿਵੇਂ ਸਰਦਾਰੋ, ਜਗਸੀਰ, ਭਾਨੋ, ਅਜੇ ਤੱਕ ਵੀ ਅੜੇ ਹੋਏ ਹਨ। ਇਹ ਨਾਵਲ ਮੈਂ ਦੂਜੀ ਵਾਰ (ਦੂਜਾ ਸ਼ੋਧਿਆ ਹੋਇਆ ਅਡੀਸ਼ਨ) ਪੜ੍ਹਿਆ ਤਾਂ ਮੈਨੂੰ ਭੰਤੀ ਦੇ ਪਾਤਰ ਨੇ ਔਖਾ ਕੀਤਾ। ਸੋਚਣ ਲਈ ਮਜ਼ਬੂਰ ਕੀਤਾ। ਇਹ ਜਿਹੜਾ ਸੋਚਣਾ ਜਾਂ ਔਖਾ ਕਰਨਾ ਹੁੰਦਾ ਹੈ-ਇਹ ਹੀ ਸਾਹਿਤ ਦੀ ਪ੍ਰਾਪਤੀ ਜਾਂ ਦੇਣ ਹੁੰਦੀ ਹੈ। ਜੇ ਬਲਜੀਤ ਕੌਰ ਬਲੀ ਦੇ ਹੀ ਸ਼ਬਦਾਂ 'ਚ ਗੱਲ ਕਰਨੀ ਹੋਵੇ ਤਾਂ ਇਉਂ ਕੀਤੀ ਜਾ ਸਕਦੀ ਹੈ : 'ਠਰੀ ਰਾਤ' ਠਰੇ ਹੋਏ ਸਮਾਜ ਦਾ ਚਿੰਨ੍ਹ ਹੈ ਜਿਸ ਵਿਚ ਔਰਤ ਤੇ ਮਰਦ ਦੋਵੇਂ ਠਰ ਰਹੇ ਹਨ। ਇਸ ਵੱਧ ਰਹੀ ਠੰਢ ਵਿਚ ਆਪਣੇ ਪਿੰਡਿਆਂ ਦਾ ਭਾਰ ਭੰਨਣ ਲਈ, ਜਿੱਥੇ ਉਹ ਆਪਣੇ ਤਨਾਂ ਦੀਆਂ ਧੂਣੀਆਂ ਧੁਖਾਉਂਦੇ ਹਨ, ਉਥੇ ਸੀਤਾ, ਸ਼ੁਮਿੰਦਰੋ ਤੇ ਭੰਤੀ ਜਿਹੀਆਂ ਅੱਲ੍ਹੜ ਜਵਾਨੀਆਂ ਦੀ ਬਲੀ ਵੀ ਦਿੰਦੇ ਹਨ।' ਇਸ ਨਾਵਲ 'ਚ ਹਰਕੁਰ ਬਚਨੇ ਦਾ ਪਰਿਵਾਰ ਹੈ ਜਿਸ 'ਚ ਸਰਵਣ, ਸੰਤੋ, ਬੰਤੀ, ਸ਼ੁਮਿੰਦਰੋ, ਬਲਬੀਰੋ ਤੇ ਪੰਜ ਬੱਚੇ ਹਨ। ਇਨ੍ਹਾਂ ਦਾ ਆਪਣਾ ਸੰਸਾਰ ਹੈ। ਇਹ ਨਾਵਲ ਦਾ ਸਮਾਂ ਸੱਠਵਿਆਂ ਦਾ ਹੈ। ਹਰਕੁਰ ਦੇ ਪਾਤਰ 'ਚ ਸਾਰੇ ਪਾਤਰ ਸਮਾ ਜਾਂਦੇ ਹਨ ਜਾਂ ਹਰਕੁਰ ਹੀ ਸਾਰੇ ਇਸਤਰੀ ਪਾਤਰਾਂ 'ਚ ਸਮਾ ਜਾਂਦੀ ਹੈ। ਭੰਤੀ ਤੋਂ ਬਿਨਾਂ ਬਾਕੀ ਸਾਰੀਆਂ ਇਸਤਰੀਆਂ ਨੇ ਦੂਜੇ ਖਸਮ/ਕਰੇਵੇ ਜਾਂ ਨਿਕਲ/ਉਦਾਲ ਕੇ ਆਈਆਂ ਹਨ। ਮੁੱਖ ਪਾਤਰ ਸੰਤੋ ਹੈ ਜਿਸ ਦਾ ਪਹਿਲਾ ਪਤੀ ਸੁਰਜੀਤ ਉਸ ਦੇ ਵਿਆਹ ਤੋਂ ਬਾਅਦ ਛੇਤੀ ਹੀ ਸੱਪ ਲੜ ਜਾਣ ਕਰਕੇ ਮਰ ਜਾਂਦਾ ਹੈ। ਉਸ ਦਾ ਪਿਉ ਸਾਧੂ ਉਸ ਨੂੰ ਸਰਵਣ ਨਾਲ ਤੋਰ ਦਿੰਦਾ ਹੈ ਤੇ ਉਹ ਉਪਰੋਂ ਥਲੀ ਛੇ ਬੱਚਿਆਂ ਨੂੰ ਜਨਮ ਦਿੰਦੀ ਹੈ ਪਰ ਉਸ ਨੂੰ ਇਸ ਘਰ ਤੋਂ ਸਤੁੰਸ਼ਟੀ ਨਹੀਂ ਮਿਲਦੀ। ਉਸ ਦੇ ਚੰਗਾ ਜੀਉਣ ਦੀ ਲਾਲਸਾ, ਉਸ ਨੂੰ ਕਰਨੈਲ ਡਰਾਈਵਰ ਮਗਰ ਲਾ ਲੈਂਦੀ ਹੈ। ਉਹ ਉਸ ਨੂੰ ਕੱਢ ਕੇ ਲੈ ਜਾਂਦਾ ਹੈ ਤੇ ਫੇਰ ਉਸ ਦੀ ਹੋਣੀ ਉਸਨੂੰ ਮਹਿੰਗੇ ਅਮਲੀ ਨਾਲ ਜੋੜ ਦਿੰਦੀ ਹੈ। ਉਹ ਇਥੇ ਆ ਕੇ ਵੀ ਸਤੁੰਸ਼ਟ ਨਹੀਂ ਹੈ। ਉਹ ਜਰਨੈਲ ਨੂੰ ਲੋਚਦੀ ਹੈ। ਉਸ ਨੂੰ ਆਪਣੀ ਧੀ ਸ਼ੁਮਿੰਦਰੋ ਦਾ ਪਤਾ ਲੱਗਦਾ ਹੈ ਤੇ ਉਸ ਦੀ ਮਮਤਾ ਜਾਗਦੀ ਹੈ। ਪ੍ਰਸਿੰਨੀ ਦੇ ਇਨ੍ਹਾਂ ਸ਼ਬਦਾਂ 'ਚ ਭਾਰਤੀ ਔਰਤ ਦੀ ਮਮਤਾ ਝਲਕਦੀ ਹੈ : "ਪਰ ਧੀਏ ਸੱਚੀ ਗੱਲ ਆ ਤੀਮੀਂ ਤੋਂ ਜਵਾਕ ਨੀ ਛੱਡੇ ਜਾਂਦੇ ਹੁੰਦੇ। ਕਦੇ ਨਾ ਕਦੇ ਉਹਦੀਆਂ ਆਂਦਰਾਂ ਨੂੰ ਵਲੇਂਝ ਪੈਂਦੈ।" ਇਹ ਪ੍ਰਸਿੰਨੀ ਹੀ ਹੈ ਜਿਹੜੀ ਕਿ ਸੰਤੋ ਨੂੰ ਮੁੜ ਸਰਵਣ ਦੇ ਪਰਿਵਾਰ ਨਾਲ ਜੋੜਦੀ ਹੈ। ਇਸ ਨਾਵਲ ਦੇ ਇਕ ਹੋਰ ਅਹਿਮ ਪਾਤਰ ਹਰਕੁਰ ਬਾਰੇ ਉਸ ਦੇ ਮੁੰਡੇ ਸਰਵਣ ਦੇ ਵਿਚਾਰ ਹਨ, "ਮੇਰਾ ਅਣਦਾਜੈ ਪੂਰੀ ਨੀਂਦ ਆਈ ਨੂੰ ਇਹਨੂੰ ਸਦੀਆਂ ਹੋ ਗਈਆਂ।" ਇਹ ਦੁਖਾਂਤ ਇਕੱਲੀ ਹਰਕੁਰ ਦਾ ਨਹੀਂ-ਸਾਰੀਆਂ ਔਰਤਾਂ ਦਾ ਹੈ। ਮੈਂ ਤਾਂ ਹੀ ਕਿਹਾ ਹੈ ਕਿ ਹਰਕੁਰ ਦੇ ਪਾਤਰ 'ਚ ਸਾਰੇ ਪਾਤਰ ਸਮਾ ਜਾਂਦੇ ਹਨ। ਮੈਨੂੰ ਫੇਰ ਭੰਤੀ ਦਾ ਪਾਤਰ ਯਾਦ ਆ ਰਿਹਾ ਹੈ ਜਿਹੜੀ ਕਿ ਸਰਵਣ ਨਾਲ ਧੱਕੇ ਨਾਲ ਤੋਰੀ ਜਾਂਦੀ ਹੈ। ਉਸ ਵਿਚਾਰੀ ਦਾ ਇਹੀ ਕਸੂਰ ਹੈ ਕਿ ਉਹ ਸੰਤੋ ਦੀ ਛੋਟੀ ਭੈਣ ਹੈ। ਉਸ ਨੂੰ ਇਸੇ ਦੀ ਸਜ਼ਾ ਮਿਲ ਰਹੀ ਹੈ। ਉਹਦੇ ਅੰਦਰ ਗੰਢਾਂ ਦੀ ਪੰਡ ਇਕੱਠੀ ਹੋਈ ਪਈ ਹੈ ਪਰ ਉਹ ਕਿਸੇ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਨਹੀਂ ਕਰਦੀ। ਬਤੌਰ ਬਲਜੀਤ ਕੌਰ ਬਲੀ, "ਉਸ ਦੇ ਮਨ ਵਿਚ ਇਕ ਗੰਢ ਜਿਹੀ ਬੱਝ ਗਈ ਸੀ। ਇਸ ਗੱਲ ਦਾ ਸਰਵਣ ਨੂੰ ਦੁੱਖ ਸੀ। ਉਹ ਜਦੋਂ ਕਦੀ ਉਸ ਨੂੰ ਕੰਮ ਕਰਦੀ ਨੂੰ ਵੇਖਦਾ ਜਾਂ ਨਿੱਕੇ ਨਿਆਣਿਆਂ ਨੂੰ ਸਾਂਭਦੇ ਦੇਖਦਾ ਤਾਂ ਉਸ ਨੂੰ ਲੱਗਦਾ ਜਿਵੇਂ ਭੰਤੀ ਖੁਸ਼ ਨਾ ਹੋਵੇ। ਇਕ ਬੇਵਸੀ ਜਿਹੀ ਵਿੱਚ ਉਹ ਬੁੱਸ-ਬੁੱਸ ਕਰਦੀ ਤੁਰੀ ਫਿਰ ਰਹੀ ਹੋਵੇ।" ਇਹ ਸਰਵਣ ਦੇ ਮਨ 'ਤੇ ਭੰਤੀ ਨਾਲ ਹੋਣ ਜਾ ਰਹੀ ਬੇਇਨਸਾਫ਼ੀ ਦਾ ਅਸਰ ਹੀ ਸੀ ਕਿ ਉਹ ਭੁੱਬਾ ਮਾਰ-ਮਾਰ ਕੇ ਰੋਇਆ

ਸੀ। ਨਾਵਲ 'ਚ ਪਹਿਲੀ ਵਾਰ ਸਰਵਣ ਕੋਲੋਂ ਆਪਣਾ ਆਪ ਨਹੀਂ ਸੰਭਾਲਿਆ ਗਿਆ ਸੀ। ਭੰਤੀ ਬਾਰੇ ਸੋਚ ਕੇ ਉਸਦੇ ਮਨ ਨੇ ਡੋਲਾ ਖਾਧਾ ਸੀ ਤੇ ਉਹਦੀਆਂ ਭੁੱਬਾਂ ਹੋਰ ਉੱਚੀ ਨਿਕਲ ਗਈਆਂ ਸਨ। ਇਹ ਸਰਵਣ ਦਾ ਰੋਣਾ ਸਾਡੇ ਸਮਿਆਂ ਦੀ ਹੋਣੀ ਹੈ। ਇਹ ਔਰਤ ਦਾ ਦੁਖਾਂਤ ਹੈ। ਇਹ ਮਰਦ ਦਾ ਦੁਖਾਂਤ ਹੈ। ਇਸ ਦੁਖਾਂਤ ਪਿੱਛੇ ਸਾਡੇ ਸਮਾਜ ਦੀਆਂ ਪੈਦਾ ਕੀਤੀਆਂ ਕਦਰਾਂ-ਕੀਮਤਾਂ ਹਨ। ਸੰਸਕਾਰ ਹਨ। ਸ਼ੁਮਿੰਦਰੋ ਵਰਗਾ ਪਾਤਰ ਪਾਲੇ ਵਰਗੇ ਸੀਰੀ ਨਾਲ ਸਰੀਰਕ ਸੰਬੰਧ ਪੈਦਾ ਕਰਦਾ ਹੈ। ਉਹ ਪਰੈਗਨੈਂਟ ਹੁੰਦੀ ਹੈ। ਉਸਦੀ ਜੇਠਾਣੀ ਨਹੀਂ ਚਾਹੁੰਦੀ ਕਿ ਉਸ ਦੀ ਕੁੱਖੋਂ ਮੁੰਡਾ ਜੰਮੇ ਤੇ ਉਹ ਗੋਲੀਆਂ ਰਾਹੀਂ ਉਸ ਦਾ ਬੱਚਾ ਡਿੱਗਵਾ ਦਿੰਦੀ ਹੈ। ਸ਼ੁਮਿੰਦਰੋ ਉਸ ਥਾਂ 'ਤੇ, ਜਿਥੇ ਮਾਸ ਦਾ ਲੋਥੜਾ ਦੱਬਿਆ ਸੀ, ਖੜੀ ਸੋਚ ਰਹੀ ਹੈ, "ਉਸ ਦਾ ਜੀਅ ਕੀਤਾ ਉਹ ਉਸ ਗੰਢ ਜਿਹੀ ਨੂੰ ਕੱਢ ਕੇ ਵੇਖੇ। ਚੰਗੀ ਤਰ੍ਹਾਂ ਟੋਹੇ। ਕੀ ਸੱਚ ਮੁੱਚ ਉਸ ਦੀਆਂ ਅੱਖਾਂ ਉਹਦੇ ਵਰਗੀਆਂ ਸ਼ਰਾਬੀ ਸਨ ? ਕੀ ਸੱਚਮੁੱਚ ਹੀ ਉਸਦੇ ਡੌਲੇ, ਪਿੰਜਣੀਆਂ, ਪੱਟ ਉਹਦੇ ਵਰਗੇ ਸਨ। ਉਹ ਚਕਰਾ ਜਿਹੀ ਗਈ। ਉਸ ਨੂੰ ਲੱਗਿਆ, ਜਿਵੇਂ ਪਾਲਾ ਉਸ ਤੋਂ ਗੁੜ ਦੀ ਡਲੀ ਮੰਗ ਰਿਹਾ ਹੋਵੇ ਤੇ ਉਹ ਉਸਨੂੰ ਫੜਾਉਣ ਲੱਗੀ ਹੋਵੇ।" ਪਿਛਲੇ ਦਸ ਸਾਲਾਂ ਤੋਂ ਹਿੰਦੀ 'ਚ ਨਾਰੀਵਾਦ ਤੇ ਨਾਰੀ ਚੇਤਨਾ ਬਾਰੇ ਢੇਰ ਸਾਰਾ ਸਾਹਿਤ ਆਇਆ ਹੈ। ਜੇ ਕੋਈ ਪੰਜਾਬੀ ਦਾ ਆਲੋਚਕ ਇਸ ਨਾਵਲ ਨੂੰ ਇਸ ਦ੍ਰਿਸ਼ਟੀ ਤੋਂ ਵੀ ਵਿਚਾਰੇਗਾ ਤਾਂ ਉਸ ਨੂੰ ਇਸ ਨਾਵਲ 'ਚੋਂ ਪੰਜਾਬੀ ਪੇਂਡੂ ਔਰਤ ਦੇ ਚਰਿੱਤਰ ਦੇ ਕਈ ਅਣਦਿੱਖ ਰੂਪ ਅਵੱਸ਼ ਹੀ ਲੱਭਣਗੇ।

## ਦਾਸਤੋਵਸਕੀ ਦਾ ਨਾਵਲ ਦੋਸ਼ ਤੇ ਡੰਨ

ਸਮੇਂ ਸਮੇਂ ਬੁੱਧੀਮਾਨ ਲੋਕਾਂ ਨੇ ਇਸ ਸੰਸਾਰ ਦੇ ਰਹੱਸ ਨੂੰ ਸਮਝਣ ਦਾ ਯਤਨ ਕੀਤਾ ਹੈ ਪਰ ਇਸ ਦਾ ਕੋਈ ਲੜ ਸਿਰਾ ਨਹੀਂ ਫੜਿਆ ਗਿਆ। ਦਾਸਤੋਵਸਕੀ ਨੇ ਮਹਿਸੂਸ ਕੀਤਾ ਕਿ ਸੰਸਾਰ ਦੇ ਇਸ ਵਿਸ਼ਾਲ ਪਸਾਰੇ ਨੂੰ ਸਮਝਣਾ ਮਨੁੱਖ ਦੀ ਪਹੁੰਚ ਤੋਂ ਬਾਹਰ ਹੈ ਤੇ ਜਦ ਕੋਈ ਵੀ ਮਨੁੱਖ ਇਸ ਸਾਰੀ ਖੇਡ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਨਤੀਜਾ ਚੰਗਾ ਨਹੀਂ ਨਿਕਲਦਾ। ਦਾਸਤੋਵਸਕੀ ਤੋਂ ਕੁਝ ਸਾਲਾਂ ਬਾਅਦ ਇੰਗਲੈਂਡ 'ਚ ਥਾਮਸ ਹਾਰਡੀ ਨੇ ਵੀ ਅਜਿਹਾ ਹੀ ਮਹਿਸੂਸ ਕੀਤਾ ਸੀ। ਉਸ ਦੇ ਨਾਵਲਾਂ ਪਿਛਲੀ ਥਿਊਰੀ ਸੀ ਕਿ ਇਸ ਸੰਸਾਰ 'ਚ ਕੁਝ ਕੁਦਰਤੀ ਤਾਕਤਾਂ ਹਨ। ਜਦੋਂ ਵੀ ਮਨੁੱਖ ਉਨ੍ਹਾਂ ਨੂੰ ਸਰਪਾਸ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਆਖਿਰ 'ਚ ਉਸ ਦੀ ਹਾਰ ਹੀ ਹੁੰਦੀ ਹੈ।

'ਦੋਸ਼ ਤੇ ਡੰਨ' ਨਾਵਲ ਦਾ ਨਾਇਕ ਰਾਸਕੋਲਨੀਕੋਵ ਕਾਨੂੰਨ ਦਾ ਵਿਦਿਆਰਥੀ ਸੀ ਤੇ ਲੇਖਕ ਵੀ। ਉਹਦੀ ਅੱਤ ਦੀ ਮਦਹਾਲੀ ਹਾਲਤ ਸੀ। ਉਹ ਮਦਹਾਲੀ ਤੋਂ ਤੰਗ ਆਇਆ ਪਹਿਲਾਂ ਇਲਯੋਨਾ ਤੇ ਫੇਰ ਉਸਦੀ ਭੈਣ ਲਿਜ਼ਾਵੇਟਾ ਦਾ ਕਤਲ ਕਰ ਦਿੰਦਾ ਹੈ। ਇਸ ਉਪਰੰਤ ਉਸ ਦੀ ਮਾਨਸਿਕ ਹਾਲਤ ਵਿਗੜ ਜਾਂਦੀ ਹੈ। ਉਹ ਦੀ ਸਥਿਤੀ ਪਾਗਲਾਂ ਸਮਾਨ ਹੋ ਜਾਂਦੀ ਹੈ ਤੇ ਉਸਦੀ ਆਤਮਾ ਉਸ ਨੂੰ ਝੰਝੋੜਦੀ ਹੈ ਕਿ ਉਹਨੇ ਗਲਤ ਕੰਮ ਕੀਤਾ ਹੈ। ਖੁਫ਼ੀਆ ਪੁਲਿਸ ਦਾ ਅਫ਼ਸਰ ਪਰੋਫਿਰੀ ਉਸਦਾ ਲਗਾਤਾਰ ਪਿੱਛਾ ਕਰਦਾ ਹੈ। ਉਸ ਕੋਲ ਰਜ਼ੂਮੀਹੀਕ ਜਿਹਾ ਦੋਸਤ ਹੈ। ਦੂਨੀਆ ਜਿਹੀ ਭੈਣ ਹੈ। ਇਨ੍ਹਾਂ ਵਿਚਕਾਰ ਹੀ ਉਹਨੂੰ ਸੋਨੀਆ ਮਿਲਦੀ ਹੈ। ਇਹ ਸੋਨੀਆ ਹੀ ਹੈ ਜਿਹੜੀ ਕਿ ਉਸ ਨੂੰ ਆਪਣਾ ਅਪਰਾਧ ਮੰਨਣ ਲਈ ਤਿਆਰ ਕਰਦੀ ਹੈ ਤੇ ਇਹ ਸੋਨੀਆ ਹੀ ਹੈ ਜਿਹੜੀ ਕਿ ਉਸ ਦੇ ਜੀਉਣ ਦਾ ਸਰੋਤ ਬਣਦੀ ਹੈ।

ਉਹਨੇ ਸੋਚਿਆ, "ਸੋਨੀਆ ਨੇ ਮੇਰੇ ਲਈ ਕਿਤਨਾ ਕਸ਼ਟ ਉਠਾਇਆ ਹੈ ?" ਤੇ ਉਹਨੇ ਉਹਦਾ ਬਦਲਾ ਚੁਕਾਉਣ ਦਾ ਨਿਸ਼ਚਾ ਕੀਤਾ। "ਇਨ੍ਹਾਂ ਸਾਰੇ ਕਸ਼ਟਾਂ ਤੋਂ ਵੀ ਵੱਧ-ਖੁਸ਼ੀ ਮੈਂ ਉਹਨੂੰ ਦਿਆਂਗਾ।" ਤੇ ਇਕਦਮ ਉਹਨੂੰ ਜਾਪਿਆ ਜਿਵੇਂ ਉਹਦੇ ਮਨ ਤੋਂ ਕੋਈ ਬੋਝ ਉਤਰ ਗਿਆ ਹੋਵੇ।



ਸਜ਼ਾ ਦੇ ਬਾਕੀ ਰਹਿੰਦੇ 7 ਵਰ੍ਹੇ ਉਹਨੂੰ 7 ਦਿਨਾਂ ਵਾਂਗ ਜਾਪਣ ਲੱਗੇ।

ਕਤਲ ਕਰਨ ਉਪਰੰਤ ਕਾਤਲ ਦੀ ਮਾਨਸਿਕਤਾ ਨੂੰ ਸਮਝਣ ਲਈ, ਉਹ ਵੀ ਮਨੋਵਿਗਿਆਨਕ ਪੱਖੋਂ, ਇਹ ਇਕ ਅਹਿਮ ਨਾਵਲ ਹੈ। ਇਸ ਨਾਵਲ 'ਤੇ ਤਾਂ ਢੇਰਾਂ ਸਾਰਾ ਮਟੀਰੀਅਲ ਲਿਖਿਆ ਜਾ ਚੁੱਕਿਆ ਹੈ ਤੇ ਲਿਖਿਆ ਜਾਂਦਾ ਰਹਿਣਾ ਹੈ। ਇਸ ਨਾਵਲ 'ਚ ਸਿਵਿਦ੍ਰੀਗੇਲੋਵ ਜਿਹਾ ਪਾਤਰ ਵੀ ਹੈ ਜਿਹੜਾ ਕਿ ਸਾਡੀ ਸਮਿਰਤੀ 'ਚ ਕੈਦ ਹੋ ਜਾਂਦਾ ਹੈ।

## ਚੰਗੇਜ਼ ਆਇਤਮਾਤੋਵ ਦਾ ਨਾਵਲ ਜਮੀਲਾ

'ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀ ਜਾਣੇ' ਇਹ ਸਤਰਾਂ 'ਜਮੀਲਾ' ਨਾਵਲ 'ਤੇ ਢੁੱਕਦੀਆਂ ਹਨ। ਨਾਵਲ ਦੀ ਕਹਾਣੀ ਜਮੀਲਾ ਦਾ ਦਿਉਰ ਸਈਦ ਸੁਣਾਉਂਦਾ ਹੈ ਜਿਸ ਨੇ ਇਸ ਇਸ਼ਕ ਕਹਾਣੀ ਨੂੰ ਬੜੇ ਨੇੜੇਉਂ ਦੇਖਿਆ ਹੈ। ਸਈਦ ਚਿੱਤਰਕਾਰ ਹੈ ਤੇ ਉਹ ਜਮੀਲਾ ਤੇ ਉਸ ਦੇ ਪ੍ਰੇਮੀ ਦਨਿਆਰ ਦਾ ਚਿੱਤਰ ਬਣਾਉਂਦਾ ਹੈ ਤੇ ਇਸ ਚਿੱਤਰ ਤੋਂ ਉਸ ਨੂੰ ਇਹ ਕਹਾਣੀ ਦੀ ਯਾਦ ਆਉਂਦੀ ਹੈ।

ਇਸ ਨਾਵਲ ਦੇ ਦੋ ਮੁੱਖ ਪਾਤਰ ਜਮੀਲਾ ਤੇ ਦਨਿਆਰ ਹਨ। ਜੇ ਚੰਗੇਜ਼ ਆਇਤਮਾਤੋਵ ਦੇ ਮੂਲ ਸ਼ਬਦਾਂ ਨੂੰ ਹੀ ਕੋਟ ਕਰੀਏ ਤਾਂ ਜਮੀਲਾ ਤੇ ਦਨਿਆਰ ਦੀ ਚਰਿੱਤਰ ਇਉਂ ਹੈ:

ਜਮੀਲਾ-ਜਮੀਲਾ ਵਿੱਚ ਮਰਦਾਂ ਵਾਲੀ ਕੋਈ ਗੱਲ ਜ਼ਰੂਰ ਸੀ। ਉਸ ਵਿਚ ਮਰਦਾਂ ਵਾਲੀ ਤੇਜ਼ੀ ਸੀ, ਤਲਖ਼ੀ ਸੀ। ਏਥੋਂ ਤੱਕ ਕਿ ਮਰਦਾਂ ਵਾਲਾ ਸੰਵਾਰਪਣ ਵੀ ਸੀ। ਉਹ ਜਿਹੜਾ ਵੀ ਕੰਮ ਕਰਦੀ, ਮਰਦਾਂ ਵਾਂਗ ਹੀ ਕਰਦੀ। ਸ਼ਾਇਦ ਇਹ ਦਾ ਕਾਰਨ ਇਹ ਵੀ ਸੀ ਕਿ ਉਹਨੇ ਬਚਪਨ ਤੋਂ ਹੀ ਆਪਣੇ ਬਾਪ ਨਾਲ ਬੀੜਾਂ 'ਚ ਘੋੜੇ ਚਾਰੇ ਸਨ। ਮਾਂ-ਬਾਪ ਦੀ ਇਕਲੌਤੀ ਧੀ ਹੋਣ ਕਰਕੇ ਉਹ ਬਾਪ ਦੀਆਂ ਨਜ਼ਰਾਂ 'ਚ ਪੁੱਤ ਵੀ ਸੀ ਤੇ ਧੀ ਵੀ। ਉਂਝ ਤਾਂ ਦੂਜੀਆਂ ਤੀਵੀਆਂ ਨਾਲ ਸੁਹਣੀ ਤਰ੍ਹਾਂ ਵਰਤਦੀ, ਪਰ ਜੇ ਕੋਈ ਬਿਨਾਂ ਕਿਸੇ ਕਾਰਨ ਤੋਂ ਹੀ ਉਹਦੇ ਗਲ ਪੈਂਦੀ ਤਾਂ ਉਹ ਉਹਦੀ ਇਕ ਨਾ ਚੱਲਣ ਦਿੰਦੀ।...ਜਮੀਲਾ ਨੂੰ ਗਾਉਣ ਦਾ ਬਹੁਤ ਚਾਉ ਸੀ। ...ਜਮੀਲਾ ਮਾਖੌਲ ਤੇ ਦਿਲਲਗੀ ਪਸੰਦ ਕਰਦੀ ਸੀ। ਪਰ ਜਦੋਂ ਹੀ ਕੋਈ ਇਸ ਹੱਦ ਤੋਂ ਅਗੇ ਵੱਧਣ ਦੀ ਕੋਸ਼ਿਸ ਕਰਦਾ ਤਾਂ ਉਹ ਝੱਟ ਟੋਕ ਦਿੰਦੀ।

ਦਨਿਆਰ-ਉਹ ਹਰ ਵੇਲੇ ਗੁੰਮ-ਸੁੰਮ ਜਿਹਾ ਰਹਿੰਦਾ ਤੇ ਉਹਦੀ ਇਹ ਚੁੱਪ ਸਾਨੂੰ ਭੈੜੀ ਲੱਗਦੀ। ਉਹ ਕਦੇ ਭੁਲਿਆ ਭਟਕਿਆ ਹੀ ਇਕ ਅੱਧ ਸ਼ਬਦ ਬੋਲਦਾ। ਜੇ ਕੁਝ ਕਹਿੰਦਾ ਸੀ ਤਾਂ ਉਹਦੇ 'ਚ ਕੋਈ ਤਾਲਮੇਲ ਨਾ ਹੁੰਦਾ। ਸਾਨੂੰ ਲੱਗਦਾ ਜਿਵੇਂ ਉਹ ਸੋਚ ਕੁਝ ਹੋਰ ਰਿਹਾ ਹੁੰਦਾ ਤੇ ਬੋਲ ਕੁਝ ਹੋਰ। ਉਹ ਸਾਨੂੰ ਆਪਣੇ ਹੀ ਵਿਚਾਰਾਂ 'ਚ ਉਲਝਿਆ ਨਜ਼ਰ ਆਉਂਦਾ।.........ਉਹਦੀਆਂ ਅੱਖਾਂ 'ਚੋਂ ਦੁੱਖ ਤੇ ਉਦਾਸੀ ਦੀ ਝਲਕ ਦਿਖਾਈ ਦਿੰਦੀ। ਥੱਕੇ ਹਾਰੇ ਤੇ ਮੁਰਝਾਏ ਚਿਹਰੇ 'ਚੋਂ ਜੇ ਜ਼ਿੰਦਗੀ ਦੀ ਝਲਕ ਮਿਲਦੀ ਵੀ ਤਾਂ ਉਹਦੇ ਛੇਤੀ ਛੇਤੀ ਹਿੱਲਦੇ ਭਰਵੱਟਿਆਂ ਕਰਕੇ........।

ਦੇਸ਼ 'ਚ ਲੜਾਈ ਲੱਗੀ ਹੋਈ ਹੈ। ਜਮੀਲਾ ਦਾ ਘਰਵਾਲਾ ਸਾਦਿਕ ਵਿਆਹ ਤੋਂ ਚਾਰ ਮਹੀਨਿਆਂ ਬਾਅਦ ਹੀ ਲੜਾਈ ਦੇ ਮੈਦਾਨ 'ਚ ਚਲਾ ਗਿਆ ਸੀ। ਪਿੰਡ 'ਚ ਬੰਦਿਆਂ ਦੀ ਘਾਟ ਚਲ ਰਹੀ ਹੈ। ਇਸੇ ਕਰਕੇ ਉਰੁਜਮਤ ਜਮੀਲਾ ਦੀ ਸੱਸ ਨੂੰ ਇਸ ਗੱਲ ਲਈ ਮਨਾ ਲੈਂਦਾ ਹੈ ਕਿ ਜਮੀਲਾ ਆਪਣੇ ਦਿਉਰ ਦੇ ਨਾਲ ਦਾਨਿਆਂ ਦਾ ਗੱਡਾ ਭਰ ਕੇ ਸਟੇਸ਼ਨ ਤੱਕ ਆਇਆ ਜਾਇਆ ਕਰੇਗੀ। ਇਨ੍ਹਾਂ ਨਾਲ ਤੀਜਾ ਦਨਿਆਰ ਆ ਰਲਦਾ ਹੈ। ਉਹ ਇਸੇ ਪਿੰਡ ਦਾ ਹੈ ਜਿਸ ਦਾ ਕੋਈ ਭੈਣ-ਭਰਾ ਨਹੀਂ ਹੈ। ਉਹ ਘੁੰਮਦਾ-ਫਿਰਦਾ ਤੇ ਸੈਨਾ 'ਚੋਂ ਜ਼ਖ਼ਮੀ ਹੋ ਕੇ ਆਉਂਦਾ ਹੈ। ਉਹ ਆਪਣੇ ਆਪ 'ਚ ਮਸਤ ਰਹਿੰਦਾ ਹੈ। ਜਮੀਲਾ ਤੇ ਉਸਦਾ ਦਿਉਰ ਉਸ ਨੂੰ ਟਿਚਰਾਂ ਵੀ ਕਰਦੇ ਹਨ ਪਰ ਉਹ ਆਪਣੀ

ਇਕੱਲਤਾ ਨਾਲ ਦੂਰ ਇਕੱਲਾ ਕਦੇ ਦਰਿਆ ਕਿਨਾਰੇ ਤੇ ਕਦੇ ਦੂਰ ਇਕਾਂਤ 'ਚ ਜਾ ਬੈਠਦਾ ਹੈ। ਇਕ ਦਿਨ ਉਹ ਦਨਿਆਰ ਨੂੰ ਤਿੰਨ ਮਣ ਦੀ ਬੋਰੀ ਚੁੱਕਾ ਦਿੰਦੇ ਹਨ। ਜਦੋਂ ਸਟੇਸ਼ਨ 'ਤੇ ਉਹ ਇਕੱਲਾ ਹੀ ਇਹ ਬੋਰੀ ਚੁੱਕਦਾ ਹੈ ਤਾਂ ਉਸ ਦੀ ਜ਼ਖ਼ਮੀ ਲੱਤ ਵਾਰ-ਵਾਰ ਕੰਬਦੀ ਹੈ ਪਰ ਉਹ ਆਪਣਾ ਹੌਸਲਾ ਨਹੀਂ ਛੱਡਦਾ। ਇੱਥੇ ਕਿਤੇ ਹੀ ਜਮੀਲਾ ਉਹ ਨੂੰ ਦਿਲ ਦੇ ਬੈਠਦੀ ਹੈ ਤੇ ਉਹ ਭੁੱਲ ਜਾਂਦੀ ਹੈ ਕਿ ਉਹਦੀ ਸੱਸ ਨੇ ਉਸਨੂੰ ਸਮਝਾਇਆ ਸੀ, "ਖੁਸ਼ੀ ਉਨ੍ਹਾਂ ਲੋਕਾਂ ਨੂੰ ਹੀ ਮਿਲਦੀ ਹੈ ਜੋ ਆਪਣੀ ਇੱਜ਼ਤ 'ਤੇ ਧੱਬਾ ਨਹੀਂ ਲੱਗਣ ਦਿੰਦੇ, ਆਪਣੇ ਦਿਲ ਤੇ ਦਾਮਨ ਨੂੰ ਦਾਗ ਨਹੀਂ ਲੱਗਣ ਦਿੰਦੇ। ਮੇਰੀ ਇਹ ਗੱਲ ਪੱਲ੍ਹੇ ਬੰਨ੍ਹ ਲਵੋ ਅਤੇ ਸੰਭਲ ਕੇ ਰਹੋ।" ਉਹ ਦਨਿਆਰ ਨੂੰ ਲੈ ਕੇ ਦੌੜ ਜਾਂਦੀ ਹੈ।

ਜਮੀਲਾ ਆਪਣੇ ਪਿਆਰ ਬਾਰੇ ਦੱਸਦੀ ਹੈ-

"ਤੈਂ ਸੋਚਿਆ ਹੋਊ ਕਿ ਤੇਰੇ ਨਾਲੋਂ ਉਹ ਮੇਰੇ ਮਨ ਦੇ ਜ਼ਿਆਦਾ ਕਰੀਬ ਐ ?" ਜਮੀਲਾ ਭਾਵੁਕ ਹੋ ਕੇ ਬੋਲੀ, "ਕਦੇ ਵੀ ਨਹੀਂ, ਹਰਗਿਜ਼ ਨਹੀਂ! ਮੈਨੂੰ ਤਾਂ ਉਹ ਤੋਂ ਕਦੇ ਪਿਆਰ ਨਹੀਂ ਮਿਲਿਆ। ਚਿੱਠੀ 'ਚ ਵੀ ਉਹ ਤਾਂ ਅਖੀਰ 'ਚ ਜਾ ਕੇ ਮੈਨੂੰ ਉਈਂ ਨਮਸਤੇ ਘਸੋੜ ਦਿੰਦਾ ਸੀ। ਮੈਨੂੰ ਨਹੀਂ ਲੋੜ ਉਸ ਦੀ। ਬਹੁਤ ਚਿਰ ਪਿੱਛੋਂ ਮਿਲਣ ਵਾਲੇ ਉਹਦੇ ਪਿਆਰ ਦੀ ਲੋੜ ਨੀ। ਲੋਕ ਕੀ ਕਹਿਣਗੇ ਇਹ ਦੀ ਵੀ ਮੈਨੂੰ ਡੱਕਾ ਪ੍ਰਵਾਹ ਨੀਂ। ਮੇਰਿਆਂ ਇਕੱਲਿਆਂ, ਹਰ ਰੋਜ਼ ਹੀ ਕਲੱਮ-ਕੱਲਿਆਂ ਮਿੱਤਰਾ, ਹੁਣ ਮੈਂ ਕਦੇ ਵੀ, ਕਿਸੇ ਤਰ੍ਹਾਂ ਵੀ ਤੈਥੋਂ ਜੁਦਾ ਨਹੀਂ ਹੋਵਾਂਗੀ। ਇਕ ਜ਼ਮਾਨੇ ਤੋਂ ਤੈਨੂੰ ਮੈਂ ਆਪਣੇ ਮਨ 'ਚ ਵਸਾਇਆ ਹੋਇਆ ਹੈ, ਤੇਰੇ ਪਿਆਰ 'ਚ ਰੰਗੀ ਹੋਈ ਹਾਂ। ਤੇਰੇ ਨਾਲ ਕੋਈ ਜਾਣ-ਪਛਾਣ ਨਹੀਂ ਹੈ। ਉਦੋਂ ਵੀ ਮੈਂ ਤੈਨੂੰ ਪਿਆਰ ਕਰਦੀ ਸਾਂ। ਤੈਨੂੰ ਸ਼ਾਇਦ ਪਤਾ ਹੋਵੇ ਕਿ ਮੈਂ ਤੇਰੀਆਂ ਰਾਹਾਂ 'ਚ ਅੱਖਾਂ ਵਿਛਾਈ ਬੈਠੀ ਹਾਂ, ਤਾਹੀਉਂ ਤਾਂ ਤੂੰ ਖਿੱਚਿਆ ਤੁਰਿਆ ਆਇਐਂ!"

ਇਸ ਨਾਵਲ 'ਚ ਇਕ ਅਹਿਮ ਪਾਤਰ ਜਮੀਲਾ ਦੀ ਸੱਸ ਵੀ ਹੈ ਜੋ ਕਿ ਉਸ ਦੇ ਦੌੜ ਜਾਣ ਤੋਂ ਬਾਅਦ ਦਿਨਾਂ 'ਚ ਹੀ ਹੋਰ ਬੁੱਢੀ ਹੋ ਜਾਂਦੀ ਹੈ। ਉਹ ਲੁੱਟੀ ਲੁੱਟੀ, ਥੱਕੀ ਥੱਕੀ ਜਿਹੀ ਦਿੱਸਣ ਲੱਗਦੀ ਹੈ।

ਮੋਹਨ ਭੰਡਾਰੀ ਨੇ ਇਸ ਨਾਵਲ ਨੂੰ ਅਨੁਵਾਦ ਕਰਨ 'ਚ ਕਾਫ਼ੀ ਮਿਹਨਤ ਕੀਤੀ ਹੈ- ਇਸੇ ਕਰਕੇ ਇਹ ਪੰਜਾਬੀ 'ਚ ਮੂਲ ਰੂਪ 'ਚ ਲਿਖਿਆ ਲੱਗਦਾ ਹੈ।

## ਪ੍ਰੇਮ ਪ੍ਰਕਾਸ਼ ਦੀ ਆਤਮ-ਮਾਯਾ

ਪ੍ਰੇਮ ਪ੍ਰਕਾਸ਼ ਨੂੰ ਮੈਂ ਪਿਛਲੇ 22-23 ਸਾਲਾਂ ਤੋਂ ਜਾਣਦਾ ਹਾਂ। ਪਰ ਮੈਂ ਉਨ੍ਹਾਂ ਬਾਰੇ ਕੁਝ ਕੁ ਹੀ ਜਾਣਦਾ ਹਾਂ। ਉਹ ਆਪਣੇ ਬਚਪਨ ਬਾਰੇ ਲਿਖਦੇ ਹਨ, "ਖੰਨੇ ਰਹਿੰਦਿਆਂ ਬੇਕਾਰੀ, ਆਵਾਰਗੀ, ਘਰਦਿਆਂ ਦੀਆਂ ਨਿੱਤ ਦੀਆਂ ਝਿੜਕਾਂ ਤੇ ਬੇਪਰਤੀਤੀ ਨੇ ਅਹਿਸਾਸ ਨੇ ਮੈਨੂੰ ਬੜਾ ਅਵਾਜ਼ਾਰ ਕੀਤਾ ਹੋਇਆ ਸੀ। ਜੀਹਦੇ ਨਾਲ ਮੈਂ ਖਾਸਾ ਢੀਠ, ਜ਼ਿੱਦੀ, ਆਪਣੇ ਆਪ ਦੇ ਅੰਦਰ ਵੜਿਆ ਰਹਿਣ ਵਾਲਾ ਤੇ ਖੋਰੀ ਬਣ ਗਿਆ ਸੀ। ਮੈਨੂੰ ਮੇਰੀ ਮਾਨਸਿਕ ਹਾਲਤ ਨੇ ਮਾਪਿਆਂ, ਭੈਣ ਭਾਈਆਂ, ਆਪਣੇ ਸ਼ਹਿਰ ਤੇ ਆਪਣੇ ਪਿੰਡ ਦੇ ਲੋਕਾਂ, ਜੱਦੀ ਘਰ ਤੇ ਬਚਪਨ ਦੀਆਂ ਥਾਵਾਂ ਤੋਂ ਬੇਮੁਖ ਤੇ ਨਿਰਮੋਹੀ ਜਿਹਾ ਕਰ ਦਿੱਤਾ ਸੀ" (ਪੰਨਾ ਨੰ-49) ਇੱਥੋਂ ਕਿਤੋਂ ਹੀ ਉਨ੍ਹਾਂ ਦਾ ਸੁਭਾਅ ਜਿਹੜਾ ਕਿ ਬਣਨਾ ਸੀ, ਉਹ ਬਣ ਗਿਆ। ਇਹ ਸ੍ਵੈ-ਜੀਵਨੀ ਆਮ ਸ੍ਵੈ-ਜੀਵਨੀਆਂ ਨਾਲੋਂ ਕਈ ਪੱਖਾਂ ਤੋਂ ਵੱਖਰੀ ਹੈ। ਇਸ 'ਚ ਇਕਸਾਰਤਾ ਨਹੀਂ। ਅੱਡ-ਅੱਡ ਟੁਕੜੇ ਹਨ। ਜਿਵੇਂ ਕਿ ਉਨ੍ਹਾਂ ਦਾ ਬਚਪਨ, ਸਕੂਲ 'ਚ ਕੁੜੀਆਂ ਨਾਲ ਸੰਬੰਧ, ਜ਼ਿੰਦਗੀ 'ਚ ਆਈਆਂ ਕੁੜੀਆਂ/ਔਰਤਾਂ, ਉਨ੍ਹਾਂ ਦੇ ਸਮਕਾਲੀਆਂ ਬਾਰੇ ਰੇਖਾ ਚਿੱਤਰ। 'ਅਵਚੇਤਨ ਦਾ ਹੁੰਝਣ' ਜਿਹੇ ਕਾਂਡ ਕਬੀਲਦਾਰ ਬੰਦੇ ਲਈ ਲਿਖਣੇ ਸੌਖਾਲੇ ਨਹੀਂ ਹੁੰਦੇ ਜਾਂ ਆਹ ਸਤਰਾਂ, "ਸਹਾਰਨਪੁਰ ਦੇ ਨੱਖਾਸ ਬਜ਼ਾਰ 'ਚ ਗਿਆ। ਤਕੜਾ ਹੋ ਕੇ ਹਰ ਬੰਦੇ ਦਾ



ਜਾਇਜ਼ਾ ਲਿਆ। ਭਰੇ ਜਿਸਮ ਵਾਲੀ ਇਕ ਕੰਜਰੀ ਕੋਲ ਗਿਆ। ਸੁਖਾਵਾਂ ਤਜ਼ਰਬਾ ਹੋਇਆ। ਫੇਰ ਦਿੱਲੀ ਤੇ ਆਗਰੇ ਦੇ ਬਾਜ਼ਾਰ ਵੀ ਦੇਖੇ" (ਪੰਨਾ ਨੰ-47)। "ਰਿਸ਼ੀਕੇਸ਼ 'ਚ ਮੈਨੂੰ ਇਕ ਸਾਧਣੀ ਨਾਲ ਰਾਸ ਲੀਲਾ ਰਚੌਣ ਦੀ ਖੁਸ਼ੀ ਪ੍ਰਾਪਤ ਹੋਈ।" (ਪੰਨਾ ਨੰ-47) "ਮੈਂ ਗਵਾਂਢੀਆਂ ਦੇ ਜਾਨਵਰ ਨਾਲ ਕੁਕਰਮ ਕੀਤਾ। (ਪੰਨਾ ਨੰ-64)" "ਉਹ ਔਰਤ ਵਾਲੀ ਸਾਰੀ ਸੰਗ ਸ਼ਰਮ ਹੇਠਲੇ ਕੱਪੜਿਆਂ ਵਾਂਗ ਲਾਹ ਕੇ ਇਕ ਪਾਸੇ ਸੁੱਟ ਦੇਣੀ ਸੀ। ਉਹ ਅੱਧਮਰੀ ਲੋਥ ਬਣ ਕੇ ਨਹੀਂ ਸੀ ਲੇਟਦੀ, ਬਲਕਿ ਮੇਰੇ ਨਾਲੋਂ ਕਿਤੇ ਵੱਧ ਐਕਟਿਵ ਹੋ ਜਾਂਦੀ ਸੀ। ਫੇਰ ਮੈਨੂੰ ਹਰ ਨਵੀਂ ਹਰਕਤ ਲਈ ਹੁਕਮ ਦੇਣ ਲੱਗ ਪੈਂਦੀ ਸੀ।" (ਪੰਨਾ ਨੰ-72) "ਹਨੇਰੀ ਕੁਟੀਆ 'ਚ ਅਸੀਂ ਪੰਜਾਂ ਸੱਤਾਂ ਮਿੰਟਾਂ ਦੀ ਨੂਰ ਕੁਸ਼ਤੀ ਲੜੀ।" (ਪੰਨਾ ਨੰ-101)

ਇਸ ਸ੍ਵੈ-ਜੀਵਨੀ 'ਚ ਆਹ ਸਤਰਾਂ ਵੀ ਨੋਟ ਕਰਨ ਵਾਲੀਆਂ ਹਨ- "ਮੈਨੂੰ ਫਰਕ ਇਹ ਜਾਪਦਾ ਸੀ ਕਿ ਉਹ (ਕਾਮਰੇਡ) ਸਿਆਸਤ ਤੇ ਸਮਾਜ ਨੂੰ ਪਹਿਲ ਦੇਂਦੇ ਨੇ ਤੇ ਮੈਂ ਸਾਹਿਤ ਤੇ ਸਮਾਜ ਨੂੰ।" (ਪੰਨਾ ਨੰ-52) "ਮੈਂ ਜੋ ਕੁਝ ਲਿਖ ਰਿਹਾ ਹਾਂ, ਉਹ ਕਮਿਊਨਿਸਟ ਕਲਚਰ ਦੇ ਵਿਰੁੱਧ ਏ। ਉਨ੍ਹਾਂ ਦੇ ਕਲਚਰ 'ਚ ਇਹੀ ਗੱਲ ਸੀ ਕਿ ਸਮਾਜ ਦੇ ਉਨ੍ਹਾਂ ਲੋਕਾਂ ਨੂੰ ਨੰਗਿਆਂ ਕੀਤਾ ਜਾਵੇ, ਜਿਹੜੇ ਤੁਹਾਡੀ ਨਜ਼ਰ 'ਚ ਮਾੜੇ ਨੇ।" (ਪੰਨਾ ਨੰ-55) "ਸਾਹਿਤ ਵੀ ਮੈਨੂੰ ਅੱਧੀ ਕੁ ਜੂਏ ਦੀ ਹਾਰ ਜਿੱਤ ਵਰਗੀ ਖੇਡ ਲੱਗਦੀ ਰਹੀ ਏ। ਜੀਹਦੇ ਵਿਚ ਤੁਹਾਡੀ ਅਕਲ, ਗਿਆਨ ਤੇ ਏਥੇ ਤੱਕ ਕਿ ਅਨੁਭਵ ਵੀ ਧਰਿਆ ਧਰਾਇਆ ਰਹਿ ਜਾਂਦਾ ਏ।"

ਇਸ ਸ੍ਵੈ-ਜੀਵਨੀ ਦਾ ਅਹਿਮ ਹਿੱਸਾ ਕਾਂਡ ਨੰ-17 ਪ੍ਰੇਮ ਸੰਤਾਪ ਡਾਇਰੀ ਅਤੇ ਕਾਂਡ ਨੰ-23 ਕਾਲੇ ਬਾਰ੍ਹਾਂ ਵਰ੍ਹੇ ਹਨ। 'ਪ੍ਰੇਮ ਸੰਤਾਪ ਡਾਇਰੀ' ਵਿਚਲੀ ਔਰਤ ਪਛਾਣੀ ਜਾਂਦੀ ਹੈ। ਇਹ ਟੁਕੜੇ ਸਾਹਿਤ ਦਾ ਖਜ਼ਾਨਾ ਹਨ। 'ਕਾਲੇ ਬਾਰ੍ਹਾਂ ਵਰ੍ਹੇ' 'ਚ ਉਨ੍ਹਾਂ ਨੂੰ ਇੱਥੋਂ ਤੱਕ ਸੁਣਨਾ ਪੈਂਦਾ ਹੈ, "ਪੀ ਲੈ-ਪੀ ਲੈ....ਹਿੰਦਉ ਤੁਸੀਂ ਸਾਡਾ ਅਕਾਲ ਤੱਖਤ ਤਾਂ ਢਾ ਦਿੱਤਾ। ਹੁਣ ਸਾਡੀ ਸ਼ਰਾਬ ਤਾਂ ਪੀ ਲਉ।" (ਪੰਨਾ ਨੰ-164) ਜਾਂ ਚੰਦਨ ਨੂੰ 6-10-86 ਦੀ ਚਿੱਠੀ 'ਚ ਲਿਖਦੇ ਹਾਂ-"ਸ਼ਾਇਦ ਮੈਂ ਆਪਣੇ ਅੰਦਰ ਬੈਠੇ 'ਹਿੰਦੂ' ਦੀ ਗਿੱਚੀ ਘੁੱਟੀ ਜਾਂਦਾ ਹਾਂ।" (ਪੰਨਾ ਨੰ-168)

ਮੇਰੇ ਆਪਣੇ ਵਿਚਾਰ ਮੁਤਾਬਕ ਸ੍ਵੈ-ਜੀਵਨੀ 'ਚ ਸਭ ਕੁਝ ਸੱਚ ਨਹੀਂ ਹੁੰਦਾ। ਜੇ ਇਸ ਸ੍ਵੈ-ਜੀਵਨੀ ਨੂੰ 60% ਝੂਠ ਤੇ 40% ਸੱਚ ਦੇ ਲਹਿਜੇ 'ਚ ਪੜ੍ਹਿਆ ਜਾਵੇ ਤਾਂ ਤੁਸੀਂ ਇਸ ਪੁਸਤਕ 'ਚੋਂ ਪ੍ਰੇਮ ਪ੍ਰਕਾਸ਼ ਬਾਰੇ ਬਹੁਤ ਕੁਝ ਜਾਣ ਸਕਦੇ ਹੋ।

ਇਸ ਪੁਸਤਕ 'ਚ ਬਹੁਤ ਸਾਰੀਆਂ ਤਥਾਂ ਦੀਆਂ ਗਲਤੀਆਂ ਹਨ। ਮੈਂ ਆਪਣੀ ਮਸਾਲ ਦਿੰਦਾ ਹਾਂ। ਬਾਕੀ ਆਪਣੇ ਬਾਰੇ ਆਪ ਲੱਭਣ। ਮੈਂ ਪ੍ਰੇਮ ਪ੍ਰਕਾਸ਼ ਹੋਰਾਂ ਨੂੰ 1982 'ਚ ਮਿਲਿਆ ਸੀ। 1983 ਜਾਂ 84 'ਚ 'ਲੋਅ' ਲਈ ਇੰਟਰਵਿਊ ਕੀਤੀ ਸੀ। 1990 'ਚ ਜਦੋਂ ਉਨ੍ਹਾਂ ਨੇ 'ਲਕੀਰ' ਦੋਬਾਰਾ ਕੱਢਣਾ ਸੀ ਤਾਂ ਉਹ ਮੇਰੇ ਦਫ਼ਤਰ ਆਏ ਸਨ। ਖੂਬ-ਵਿਚਾਰ-ਵਟਾਂਦਰਾ ਹੋਇਆ ਸੀ। ਉਨ੍ਹਾਂ ਮੈਨੂੰ ਤੇ ਜਸਵੰਤ ਦੀਦ ਨੂੰ ਉਸ-ਸੰਪਾਦਕ ਬਣਾਇਆ ਸੀ। ਦੇਸਰਾਜ ਕਾਲੀ ਨੂੰ ਮੈਂ 1996 ਤੋਂ ਬਾਅਦ ਪ੍ਰੇਮ ਪ੍ਰਕਾਸ਼ ਕੋਲ ਲੈ ਕੇ ਗਿਆ ਸੀ।

ਜਾਂਦੇ-ਜਾਂਦੇ ਮੈਨੂੰ ਆਹ ਸਤਰਾਂ ਇਕ ਵਾਰ ਫੇਰ ਤੋਂ ਯਾਦ ਆ ਗਈਆਂ ਹਨ। ਤੁਸੀਂ ਵੀ ਜ਼ਰਾ ਪੜ੍ਹੋ :

"ਮੇਰਾ ਵਿਸ਼ਵਾਸ ਏ ਕਿ ਕੋਈ ਵੀ ਪਾਤਰ ਹੋਵੇ, ਤੁਸੀਂ ਆਪ ਹੀ ਕਿਉਂ ਨਾ ਹੋਵੋ, ਉਹ ਕਹਾਣੀ 'ਚ ਸਿੱਧੇ ਤੌਰ ਤੇ ਫਿੱਟ ਨਹੀਂ ਹੋ ਸਕਦਾ। ਉਹਨੂੰ ਕਹਾਣੀ ਦੇ ਮੇਚ ਦਾ ਕਰਨ ਲਈ ਬੜਾ ਕੁਝ ਤੋੜਨਾ ਮੋੜਨਾ ਪੈਂਦਾ ਏ। ਕਈ ਪਾਤਰਾਂ ਦੇ ਅੰਸ਼ਾਂ ਦੇ ਰਲਾਅ ਨਾਲ ਇਕ ਪਾਤਰ ਬਣਾਉਣਾ ਪੈਂਦਾ ਏ।" (ਪੰਨਾ ਨੰ-143)

## ਮਾਇਆਜਾਲ ਗੱਲਾਂ ਅਤੇ ਕਵਿਤਾ

'ਮਾਇਆਜਾਲ ਗੱਲਾਂ ਅਤੇ ਕਵਿਤਾ' 'ਚ ਅਵਤਾਰ ਜੰਡਿਆਲਵੀ ਵੱਲੋਂ ਸਤੀ ਕੁਮਾਰ ਦੀ ਕੀਤੀ ਗਈ ਇੰਟਰਵਿਊ, ਸਮੇਤ ਉਸ ਦੀਆਂ ਕਵਿਤਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਪੁਸਤਕ ਤੋਂ ਪਹਿਲਾਂ ਮੈਂ ਸਤੀ ਕੁਮਾਰ ਬਾਰੇ ਇੰਨਾ ਕੁ ਜਾਣਦਾ ਸੀ ਕਿ ਉਹ ਸਵੀਡਨ 'ਚ ਰਹਿੰਦਾ ਹੈ। ਪ੍ਰਵਾਸੀ ਕਵੀ ਹੈ। ਜਦੋਂ ਮੈਂ ਇਸ ਲੰਬੀ ਇੰਟਰਵਿਊ ਨੂੰ ਪੜ੍ਹ ਕੇ ਹਟਿਆ ਤਾਂ ਮੈਂ ਕੁਝ ਪਲਾਂ ਨਹੀਂ ਸੋਚਣ ਲੱਗ ਪਿਆ ਕਿ ਇਸ ਇੰਟਰਵਿਊ ਦੀ ਸਾਰਥਕਤਾ ਕੀ ਹੈ। ਕੀ ਸਤੀ ਕੁਮਾਰ ਬਹੁਤ ਵੱਡਾ ਕਵੀ ਹੈ। ਉਸ ਦਾ ਵਿਅਕਤੀਤਵ ਬਹੁਤ ਵੱਡਾ ਹੈ। ਮੈਨੂੰ ਦੋਵੇਂ ਗੱਲਾਂ ਹੀ ਨਹੀਂ ਮਿਲੀਆਂ। ਪਰ ਇਸ ਇੰਟਰਵਿਊ ਨੇ ਮੈਨੂੰ ਨਿਰਾਸ ਵੀ ਨਹੀਂ ਕੀਤਾ। ਇਸ ਦਾ ਵੱਡਾ ਕਾਰਨ ਸੀ ਕਿ ਉਸ ਨੇ ਬੜੀ ਹੀ ਸਹਿਜਤਾ ਨਾਲ ਗੱਲਾਂ ਦੇ ਜਵਾਬ ਦਿੱਤੇ ਹਨ। ਇਸ ਇੰਟਰਵਿਊ ਦੇ ਤਿੰਨ ਚੈਪਟਰ/ਜਵਾਬ ਅਹਿਮ ਹਨ। (ਇੱਕ) ਗੁਨਹੀਣ: ਉਸ ਦਾ ਆਪਣੇ ਪਿਉ ਨਾਲ ਤਕਰਾਰ ਹੁੰਦਾ ਹੈ–ਜਿੱਥੇ ਉਹ ਉਸ 'ਤੇ ਕਿਤੂੰ ਕਰਦਾ ਹੈ ਤੇ ਪਿਤਾ ਦਾ ਜਵਾਬ ਹੈ : ਮੈਂ ਮੂਰਖ ਨਹੀਂ। ਮੈਨੂੰ ਵੀ ਪਤਾ ਹੈ ਕਿ ਧਰਮਾਂ 'ਚ ਪਾਖੰਡ ਹੁੰਦਾ ਹੈ। ਪਰ ਵਿਸ਼ਵਾਸ ਪਖੰਡ ਨਹੀਂ ਹੁੰਦਾ। ਸਾਰੇ ਧਰਮ ਵਿਸ਼ਵਾਸ 'ਤੇ ਖੜੇ ਨੇ। (ਦੋ) ਚਿੱਟੀ ਮੋਮਬੱਤੀ : ਇਵਾਕਾਂ ਦੀ ਮੌਤ ਮੈਂ ਅਜੇ ਵੀ ਨਹੀਂ ਕਬੂਲੀ। ਘਰੇ ਉਹਦਾ ਜਨਮ ਦਿਨ ਹੁਣ ਵੀ ਮਨਾਉਂਦੇ ਹਾਂ। ਉਸ ਦੀ ਮੌਤ ਦਾ ਦਿਨ ਮੇਰੇ ਚੇਤੇ 'ਚ ਨਹੀਂ। (ਤਿੰਨ) ਸਮੇਂ ਤੋਂ ਤੇਜ਼ ਚੱਲਣ ਦੀ ਸਜ਼ਾ : ਯੂਰਪ 'ਚ ਕੋਈ ਮੇਰੀ ਜਾਤ ਪੁੱਛਦਾ ਹੈ ਤਾਂ ਮੈਂ ਕਿਹਾ ਕਰਦਾ ਹਾਂ : "ਮੈਂ ਭ੍ਰਿਸ਼ਟ ਬ੍ਰਾਹਮਣ ਹਾਂ।" ਇਕ ਹੋਰ ਗੱਲ ਇਹ ਹੈ ਕਿ ਉਹ ਖੁਦ ਦੀ ਵਡਿਆਈ ਨਹੀਂ ਕਰਦਾ। ਥਾਂ–ਥਾਂ 'ਤੇ ਉਸ ਨੇ ਵੱਡੇ ਲੇਖਕਾਂ/ਲੋਕਾਂ ਨਾਲ ਆਪਣੇ ਨਿੱਜੀ ਸੰਬੰਧਾਂ ਦੀ ਗੱਲ ਕੀਤੀ ਹੈ। ਚਾਹੀਦਾ ਤਾਂ ਇਹ ਸੀ ਕਿ ਉਹ ਆਪਣੇ ਪਿਉ, ਮਾਂ ਤੇ ਪਿੰਡ ਸਾਰੇ ਜ਼ਿਆਦਾ ਗੱਲਾਂ ਕਰਦਾ। ਉਸ ਕਾਫ਼ੀ ਸਾਰਾ ਵਿਦੇਸ਼ੀ ਸਾਹਿਤ ਪੜ੍ਹਿਆ ਹੈ। ਖ਼ੂਬ ਘੁੰਮਿਆ ਹੈ। ਇਸੇ ਕਰਕੇ ਇਹ ਇੰਟਰਵਿਊ 'ਚ ਕਾਫ਼ੀ ਸਾਰੀ ਇਨਫਾਰਮੇਸ਼ਨ ਹੈ। ਇਹ ਪੰਜਾਬੀ ਲੇਖਕਾਂ ਲਈ ਜ਼ਰੂਰੀ ਵੀ ਹੈ। ਜੇ ਕਿਸੇ ਲੇਖਕ ਨੇ ਦਿੱਲੀ ਨਹੀਂ ਦੇਖੀ ਤਾਂ ਉਸ ਦੇ ਤਜ਼ਰਬੇ ਕਿਹੋ ਜਿਹੇ ਹੋ ਸਕਦੇ ਹਨ।

## ਬਾਬਾ ਬੰਦਾ ਸਿੰਘ ਬਹਾਦਰ/ਡਾ. ਹਰਚੰਦ ਸਿੰਘ ਸਰਹਿੰਦੀ

ਆਰੰਭ 'ਚ ਹੀ ਸਰਹਿੰਦੀ ਲਿਖਦਾ ਹੈ, "ਇਸ ਪੁਸਤਕ ਵਿਚ ਬਿਆਨ ਕੀਤੀ ਗਈ ਹਰ ਘਟਨਾ ਲਈ ਇਤਿਹਾਸਕ ਗਵਾਹੀ ਮੌਜੂਦ ਹੈ। ਕਿਸੇ ਵੀ ਸੁਣੀ–ਸੁਣਾਈ ਗੱਲ ਨੂੰ ਆਧਾਰ ਨਹੀਂ ਬਣਾਇਆ ਗਿਆ ਅਤੇ ਨਾ ਹੀ ਕੋਈ ਗੱਲ ਘੜੀ ਹੈ, ਬਲਕਿ ਪ੍ਰਚੱਲਤ ਗਲਤ ਧਾਰਨਾਵਾਂ ਨੂੰ ਮੇਟਣ ਦੀ ਕੋਸ਼ਿਸ਼ ਕੀਤੀ ਗਈ ਹੈ।" ਸਰਹਿੰਦੀ ਆਪਣੀ ਗੱਲ ਦੀ ਪ੍ਰਮਾਣਕਤਾ ਲਈ ਮੈਕਲੇਗਰ, ਡਾ. ਗੋਕਲ ਚੰਦ ਨਾਰੰਗ, ਗੰਡਾ ਸਿੰਘ, ਸੁਆਮੀ ਬੀ. ਸਰਸਵਤੀ, ਐਮ. ਏ. ਮੈਕਾਲਿਫ਼, ਮੁਹੰਮਦ ਲਤੀਫ, ਅਹਿਮਦ ਸ਼ਾਹ ਬਟਾਲੀਆ, ਕਰਮ ਸਿੰਘ, ਮਾਲਕੌਮ ਪਾਇਨੇ, ਮੁਹੰਮਦ ਸ਼ਫ਼ੀ, ਸੋਹਣ ਸਿੰਘ, ਕੇਸਰ ਸਿੰਘ ਛਿੱਬਰ, ਡਾ. ਸੁਖਦਿਆਲ ਸਿੰਘ, ਮੁਹੰਮਦ ਕਾਸਮ ਤੇ ਖ਼ਾਫ਼ੀਖ਼ਾਨ, ਭਾਈ ਕਾਨ੍ਹ ਸਿੰਘ, ਈ. ਸੀ. ਅਰੋੜਾ, ਗਿਆਨੀ ਗਿਆਨ ਸਿੰਘ, ਗੁਰਦੇਵ ਸਿੰਘ ਦਿਉਲ, ਰਤਨ ਸਿੰਘ ਭੰਗੂ, ਖ਼ਜ਼ਾਨ ਸਿੰਘ, ਅਰਵਿਨ, ਕਾਮਵਰ ਖਾਂ, ਵੀਲਰ, ਤੇਜਾ ਸਿੰਘ, ਜਾਨ ਸਰਮਨ, ਸਟੀਫ਼ਨਸਨ, ਐਲਫਿਨਸਟੋਨ ਨੂੰ ਕੋਟ ਕਰਦਾ ਹੈ। ਲਛਮਣ ਦਾਸ ਉਰਫ਼ ਮਾਧੋ ਦਾਸ ਉਰਫ਼ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦਾ ਇਕ ਅਹਿਮ ਜਰਨੈਲ ਹੈ ਜਿਸ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਤੋਂ ਲਿਆ ਸੀ ਤੇ ਇਸ ਨੂੰ ਜਿੱਤਣ ਤੋਂ ਪਹਿਲਾਂ ਹਰ ਪੱਖੋਂ ਤਿਆਰੀ ਕੀਤੀ ਸੀ। ਸਿੱਖ ਰਾਜ ਕਾਇਮ ਕਰਨ 'ਚ ਬੰਦਾ ਸਿੰਘ ਬਹਾਦਰ ਦੀ ਬਹੁਤ ਹੀ ਜ਼ਿਆਦਾ ਇਤਿਹਾਸਕ ਦੇਣ ਹੈ। ਉਹਦੀ ਬਹਾਦਰੀ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ–ਉੰਨੀ ਹੀ ਥੋੜ੍ਹੀ ਹੈ ਤੇ ਉਸ ਦੀ ~~ਸ਼ਹਾਦਤ, ਜਿਸ ਢੰਗ ਨਾਲ ਹੋਈ, ਉਹ ਵੀ ਲੂੰ ਖੜੇ ਕਰਨ ਵਾਲੀ ਹੈ। ਉਸ ਦੇ ਨਾਲ ਹੀ ਉਸ ਦੇ ਬੇਟੇ~~



ਵਿਜੈ ਸਿੰਘ, ਜਿਸ ਦੀ ਉਮਰ ਸਿਰਫ਼ ਚਾਰ ਸਾਲਾਂ ਦੀ ਸੀ, ਨੂੰ ਵੀ ਕਤਲ ਕੀਤਾ ਗਿਆ ਸੀ। ਜਲਾਦ ਨੇ ਸਭ ਤੋਂ ਪਹਿਲਾਂ ਬੰਦਾ ਬਹਾਦਰ ਦੀਆਂ ਅੱਖਾਂ ਕੱਢੀਆਂ, ਹੱਥ ਪੈਰ ਵੱਢਣ ਉਪਰੰਤ ਭਖਦੇ ਹੋਏ ਲਾਲ ਗਰਮ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ। ਅੰਤ ਵਿਚ, ਸਿਰ ਨੂੰ ਧੜ ਤੋਂ ਵੱਖ ਕਰ, ਸਰੀਰ ਦੇ ਟੁਕੜੇ–ਟੁਕੜੇ ਕਰ ਦਿੱਤੇ। ਇਸ ਪੁਸਤਕ ਰਾਹੀਂ ਸਰਹਿੰਦੀ ਨੇ ਇਕ ਅਹਿਮ ਮਸਲਾ ਸਾਹਮਣੇ ਲਿਆਂਦਾ ਹੈ ਕਿ ਬੰਦਾ ਬਹਾਦਰ ਸਿੰਘ ਨੂੰ ਇਤਿਹਾਸਕਾਰਾਂ ਤੇ ਸਿੱਖ ਆਗੂਆਂ ਨੇ ਇਗਨੋਰ ਕੀਤਾ ਹੈ। ਜਾਪਦਾ ਹੈ ਕਿ ਇਸ ਪੁਸਤਕ 'ਚ ਉਠਾਏ ਗਏ ਇਸ ਪ੍ਰਸ਼ਨ ਨੂੰ ਆਉਣ ਵਾਲੇ ਦਿਨਾਂ 'ਚ ਗੰਭੀਰਤਾ ਨਾਲ ਲਿਆ ਜਾਏਗਾ। ਕੁਝ ਹੱਦ ਤੱਕ ਬੰਦਾ ਬਹਾਦਰ ਸਿੰਘ ਦੀ ਜ਼ਿੰਦਗੀ ਤੇ ਉਸਦੀਆਂ ਰਾਜਨੀਤਿਕ ਪ੍ਰਾਪਤੀਆਂ ਨੂੰ ਸਮਝ 'ਚ ਇਹ ਪੁਸਤਕ ਸਹਾਈ ਹੋਵੇਗੀ।

## ਦਹਿਸ਼ਤ 1947/ਬਲਜਿੰਦਰ ਕੌਰ ਢਿੱਲੋਂ

'ਦਹਿਸ਼ਤ 1947' ਬਲਜਿੰਦਰ ਕੌਰ ਢਿੱਲੋਂ ਦੀ ਹੱਡਬੀਤੀ ਹੈ। ਢਿੱਲੋਂ ਨੇ ਬਹੁਤੀ ਕਹਾਣੀ ਆਪਣੀ ਮਾਂ ਰਾਹੀਂ ਦੱਸੀ ਹੈ। 13 ਅਗਸਤ, 1947 ਤੋਂ ਬਾਅਦ ਵਾਪਰੀਆਂ ਘਟਨਾਵਾਂ 'ਚ ਉਸ ਦਾ ਪਿਓ ਗੁਰਇਕਬਾਲ ਸਿੰਘ ਸਿੱਧੂ, ਸਬ ਇੰਸਪੈਕਟਰ ਪੁਲਸ ਨੂੰ ਪੁਲਸ ਕਪਤਾਨ ਮੁਹੰਮਦ ਰਫੀ ਨਾਰੰਗ ਮੰਡੀ ਦੇ ਸਟੇਸ਼ਨ ਤੇ ਮਰਵਾ ਦਿੰਦਾ ਹੈ। ਇੱਥੋਂ ਹੀ ਗੁਰਇਕਬਾਲ ਸਿੰਘ ਸਿੱਧੂ ਦੀ ਪਤਨੀ, ਬੱਚਿਆਂ ਤੇ ਸਿਪਾਹੀ ਜਵਾਲਾ ਸਿੰਘ ਦੀ ਪਤਨੀ ਪ੍ਰਕਾਸ਼ ਦੇ ਦੁੱਖਾਂ ਦੀ ਕਹਾਣੀ ਸ਼ੁਰੂ ਹੁੰਦੀ ਹੈ। ਚਹੁੰ ਪਾਸੇ ਮੌਤ ਮੰਡਰਾ ਰਹੀ ਹੈ। ਪਤਾ ਨਹੀਂ ਲੱਗਦਾ ਕਿ ਅਗਲੇ ਪਲਾਂ 'ਚ ਕੀ ਦਾ ਕੀ ਹੋ ਜਾਣਾ ਹੈ। ਇਕ ਪਾਸੇ ਮਾਰਨ ਵਾਲੇ ਮੁਸਲਮਾਨ ਹਨ ਤਾਂ ਦੂਜੇ ਪਾਸੇ ਬਚਾਉਣ ਵਾਲੇ ਵੀ ਮੁਸਲਮਾਨ ਹਨ। ਜੇ ਮਾਰਨ ਵਾਲਾ ਪੁਲਸ ਕਪਤਾਨ ਮੁਹੰਮਦ ਰਫੀ ਹੈ ਤਾਂ ਬਚਾਉਣ ਵਾਲਿਆਂ 'ਚ ਮੌਲਵੀ ਜੈਲਦਾਰ ਅਹਿਮਦ ਖਾਨ ਅਤੇ ਬਸੀਰ ਅਹਿਮਦ ਹਨ। ਢਿੱਲੋਂ ਦੇ ਭਰਾ ਬਿਕਰਮ ਦੀ ਸਥਿਤੀ ਬੜੀ ਹੀ ਤਰਸਭਰੀ ਹੋ ਜਾਂਦੀ ਹੈ ਜਦੋਂ ਅਕਬਰ ਉਸ ਨੂੰ ਕੁੜੀ ਸਮਝ ਕੇ ਉਸ ਤੇ ਮੋਹਿਤ ਹੋ ਜਾਂਦਾ ਹੈ ਪਰ ਢਿੱਲੋਂ ਦੀ ਮਾਂ ਦੀ ਸਿਆਣਪ ਨਾਲ ਜਿੱਥੇ ਬਿਕਰਮ ਬਚ ਜਾਂਦਾ ਹੈ ਉੱਥੇ ਅਕਬਰ ਉਸ ਨੂੰ ਬਚਾਉਂਦਾ ਹੈ। ਪਿੰਡ ਡਾਲਾਵਾਗੇ 'ਚ ਬਸੰਤ ਲਾਲ ਤੇ ਉਸ ਦੀ ਘਰਵਾਲੀ ਪਾਕਿਸਤਾਨ ਨਹੀਂ ਛੱਡਦੇ ਜਦੋਂ ਕਿ ਉਨ੍ਹਾਂ ਦਾ ਸਾਰਾ ਪਰਿਵਾਰ ਭਾਰਤ ਚਲੇ ਜਾਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ "ਉਹ ਦੋਨੋਂ ਬਜ਼ੁਰਗ ਆਪਣਾ ਵੱਡੇ ਵਡੇਰਿਆਂ ਦਾ ਪੁਸਤਾਂ ਤੋਂ ਚੱਲਿਆ ਆਉਂਦਾ ਘਰ ਤੇ ਉਸ ਘਰ ਨਾਲ ਤੇ ਉਨ੍ਹਾਂ ਦੇ ਆਪਣੇ ਖੇਤਾਂ ਨਾਲ ਜੁੜੀਆਂ ਹੋਈਆਂ ਯਾਦਾਂ ਨੂੰ ਛੱਡ ਕੇ ਦੋਨੋਂ ਬਜ਼ੁਰਗ ਨਹੀਂ ਸੀ ਜਾਣਾ ਚਾਹੁੰਦੇ। ਉਹ ਇਸ ਉਮਰ 'ਚ ਪ੍ਰਦੇਸ਼ਾਂ ਦੇ ਧੱਕੇ ਨਹੀਂ ਖਾਣਾ ਚਾਹੁੰਦੇ ਹਨ।" ਢਿੱਲੋਂ ਦੀ ਮਾਂ ਆਪਣੇ ਬੱਚਿਆਂ ਨੂੰ ਲੈ ਕੇ, ਮੁਸੀਬਤਾਂ ਦੀ ਮਾਰ ਝੱਲਦੀ ਹੋਈ ਅੰਮ੍ਰਿਤਸਰ ਪਹੁੰਚਦੀ ਹੈ ਤਾਂ ਉੱਚੀ–ਉੱਚੀ ਵੈਣ ਪਾ ਕੇ ਕਹਿੰਦੀ ਹੈ, "ਮੇਰੇ ਸਰਦਾਰ ਨੂੰ ਮਾਰ ਕੇ ਤੁਸੀਂ ਕੀ ਖੱਟਿਆ ਏ, ਜ਼ਾਲਮੋਂ। ਮੈਂ ਆਜ਼ਾਦੀ ਦਾ ਕੀ ਕਰਨਾ ਸੀ। ਮੇਰਾ ਤਾਂ ਸਭ ਕੁਝ ਹੀ ਲੁੱਟ ਗਿਆ ਏ। ਨਾ ਘਰ ਨਾ ਬਾਰ, ਮੇਰੇ ਨਿੱਕੇ–ਨਿੱਕੇ ਬੱਚੇ ਮੈਂ ਇਕੱਲੀ ਔਰਤ ਕਿੱਦਾਂ ਪਾਲੂੰਗੀ।" ਉਸ ਦੇ ਇਹ ਵੈਣ ਇਕ ਬਹੁਤ ਵੱਡਾ ਪ੍ਰਸ਼ਨ ਖੜਾ ਕਰਦੇ ਹਨ। ਪਰ ਉਹ ਹਾਰ ਨਹੀਂ ਮੰਨਦੀ। ਉਸ ਨੂੰ ਪਤਾ ਹੈ ਕਿ ਉਸ ਨੇ ਆਪਣਿਆਂ ਬੱਚਿਆਂ ਨੂੰ ਪਾਲਣਾ ਹੈ। ਪਹਿਲਾਂ ਉਹ ਆਪਣੇ ਪੇਕਿਆਂ ਦੇ ਪਿੰਡ ਨੌਸ਼ਹਿਰਾ ਪਨੂੰਆਂ ਜਾਂਦੀ ਹੈ। ਉਸ ਨੂੰ ਪਤਾ ਹੈ ਕਿ ਇਹ ਉਸ ਦਾ ਪੱਕਾ ਠਿਕਾਣਾ ਨਹੀਂ ਹੈ। ਫੇਰ ਉਸ ਨੂੰ ਦਸੂਹਾ ਨੇੜੇ ਬੌਦਲਾਂ ਜ਼ਮੀਨ ਅਲਾਟ ਹੁੰਦੀ ਹੈ। ਇੱਥੋਂ ਦੇ ਲੋਕ ਵੀ ਉਨ੍ਹਾਂ ਨੂੰ ਕਬੂਲਦੇ ਨਹੀਂ। ਉਨ੍ਹਾਂ ਨੂੰ ਪਨਾਹਗੀਰ ਜਿਹੇ ਸ਼ਬਦ ਸੁਣਨੇ ਪੈਂਦੇ ਹਨ। ਮਹਿੰਦਰ ਸਿੰਘ ਰੰਧਾਵਾ ਦੀ ਸਹਾਇਤਾ ਨਾਲ ਉਹ ਬੌਦਲਾਂ ਦੇ ਪ੍ਰਾਇਮਰੀ ਸਕੂਲ ਅਧਿਆਪਕਾ ਲੱਗਦੀ ਹੈ ਤੇ ਬਾਅਦ 'ਚ ਪੱਕੇ ਤੌਰ ਤੇ ਉਹਨੂੰ ਜਲੰਧਰ ਦੇ ਪਿੰਡ ਰੇਰੂ 'ਚ ਜ਼ਮੀਨ ਅਲਾਟ ਹੁੰਦੀ ਹੈ। ਇਸ ਹੱਡਬੀਤੀ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ 'ਚ

ਦੱਸਿਆ ਗਿਆ ਸੱਚ ਕਿਤੇ ਵੀ ਝੂਠ ਨਹੀਂ ਲੱਗਦਾ। ਹਰ ਗੱਲ, ਘਟਨਾ, ਪਾਤਰ ਨੂੰ ਸਾਧਾਰਣ ਹੁੰਦਿਆਂ ਹੋਇਆਂ ਵੀ ਅਸਾਧਾਰਣ ਰੂਪ 'ਚ ਵਰਨਣ ਕੀਤਾ ਗਿਆ ਹੈ। ਭਾਸ਼ਾ ਪੱਖੋਂ ਕਈ ਕਮਜ਼ੋਰੀਆਂ ਹਨ। ਜਿੱਥੇ ਬਲਜਿੰਦਰ ਕੌਰ ਢਿੱਲੋਂ ਆਪਣੇ ਬਾਰੇ ਦੱਸਦੀ ਹੈ ਜਾਂ ਆਪਣੀ ਮਾਂ ਨਾਲ ਗੱਲਾਂ ਕਰਦੀ ਹੈ ਉਥੇ ਪੇਤਲਾ ਪ੍ਰਭਾਵ ਪੈਂਦਾ ਹੈ। ਉਹ ਇਹ ਗੱਲ ਭੁੱਲ ਜਾਂਦੀ ਹੈ ਕਿ ਦੱਸਾਂ ਸਾਲਾਂ ਦੀ ਬੱਚੀ ਕਿਹੋ ਜਿਹੀ ਭਾਸ਼ਾ ਬੋਲਦੀ ਹੈ। ਜੇਕਰ ਇਸ ਪੁਸਤਕ ਦਾ ਦੂਜਾ ਅਡੀਸ਼ਨ ਛਾਪਣਾ ਪੈ ਜਾਵੇ ਤੇ ਢਿੱਲੋਂ ਇਸ ਤੇ ਇਕ ਵਾਰ ਫੇਰ ਤੋਂ ਮਿਹਨਤ ਕਰੇ ਤਾਂ ਮੇਰਾ ਵਿਸ਼ਵਾਸ ਹੈ ਕਿ ਇਹ ਹੱਡਬੀਤੀ ਪੰਜਾਬੀ ਸਾਹਿਤ 'ਚ ਬਹੁਤ ਵੱਡੀ ਰਚਨਾ ਸਿੱਧ ਹੋਵੇਗੀ। ਮੈਂ ਜਦੋਂ ਇਹਨੂੰ ਪੜ੍ਹਣਾ ਸ਼ੁਰੂ ਕੀਤਾ ਸੀ ਤਾਂ ਕਿਤੇ ਵੀ ਨਹੀਂ ਰੁਕਿਆ ਸੀ। ਅਗਾਂਹ ਦਾ ਜਾਣਨ ਬਾਰੇ ਬਰੋਬਰ ਦੀ ਜਗਿਆਸਾ ਬਣੀ ਰਹੀ ਸੀ, ਇਹੀ ਕਿਸੇ ਰਚਨਾ ਦੀ ਪ੍ਰਾਪਤੀ ਹੁੰਦੀ ਹੈ। ਮੈਂ ਇਸ ਹੱਡਬੀਤੀ ਨੂੰ ਇਕ ਚੰਗੀ ਰਚਨਾ ਮੰਨਦਾ ਹਾਂ ਤੇ ਮੇਰੇ ਜਹਿਨ 'ਚ ਬਿਕਰਮ ਤੇ ਅਕਬਰ ਸਦਾ ਲਈ ਆਪਣੀ ਪੱਕੀ ਜਗ੍ਹਾ ਬਣਾ ਲੈਂਦੇ ਹਨ।

**ਕੁਝ ਹੋਰ ਨਵੀਆਂ ਛਪੀਆਂ ਪੁਸਤਕਾਂ**

ਇਸ ਵਾਰ/ਕਹਾਣੀ ਸੰਗ੍ਰਹਿ/ਤਲਵਿੰਦਰ ਸਿੰਘ
ਬੀ ਜੀ ਮੁਸਕਰਾ ਪਏ/ਕਹਾਣੀ ਸੰਗ੍ਰਹਿ/ਹਰਪ੍ਰੀਤ ਸਿੰਘ ਸੇਖਾ
ਆਤੂ ਖੋਜੀ/ਕਹਾਣੀ ਸੰਗ੍ਰਹਿ/ਗੁਰਮੀਤ ਕੜਿਆਲਵੀ
ਰਹਣੁ ਕਿਥਾਊ ਨਾਹਿ/ਕਾਵਿ ਸੰਗ੍ਰਹਿ/ਸੁਖਪਾਲ
ਪਰਵਾਜ਼ ਦਰ ਪਰਵਾਜ਼/ਗ਼ਜ਼ਲ ਸੰਗ੍ਰਹਿ/ ਐਸ. ਤਰਸੇਮ
ਪਰਵਾਸੀ ਪੰਜਾਬੀ ਸਾਹਿਤ: ਪੁਨਰ ਸੰਵਾਦ/ਜਗਦੀਪ ਸਿੰਘ
ਮੇਰੀ ਕੂਕ ਸੁਣੀਂ ਵੇ ਰਸੀਆ/ਕਾਵਿ ਸੰਗ੍ਰਹਿ/ਕੰਵਲ ਭੱਲਾ
ਔਰਤ ਮਨਫ਼ੀ ਮਰਦ/ਨਾਵਲ/ਰਸ਼ਪਿੰਦਰ ਰਸ਼ਿਮ
ਉਕਾਬ ਦੀ ਅੱਖ/ਇੰਟਰਵਿਊ/ਕਾਨਾ ਸਿੰਘ
ਉਮਰੋਂ ਲੰਬੀ ਬਾਤ/ਰਘੁਬੀਰ ਢੰਡ
ਭੁੱਲਿਆ ਵਿਸਰਿਆ ਕਵੀਸ਼ਰ ਜੰਗੀਰ ਸਿੰਘ ਬਰਾੜ/ਡਾ. ਕੁਲਦੀਪ ਸਿੰਘ ਦੀਪ
ਜਗੀਰ ਸਿੰਘ ਬਰਾੜ ਕ੍ਰਿਤ ਕੌਮੀ ਸ਼ਹੀਦ ਭਗਤ ਸਿੰਘ/ਡਾ. ਕੁਲਦੀਪ ਸਿੰਘ ਦੀਪ



**'ਮੈਂ ਕਿਤੇ ਹੋਰ ਸੀ' ਅਤੇ 'ਕੁਦਰਤ ਤੋਂ ਬਾਅਦ'**
**ਵਰਿੰਦਰ ਪਰਿਹਾਰ ਦੀ ਨਵੀਂ ਕਾਵਿ-ਪੁਸਤਕ**

---

**ਨੌਜੁਆਨ ਕਥਾਕਾਰ ਅਨੇਮਨ ਸਿੰਘ ਦਾ ਪਲੇਠਾ ਕਹਾਣੀ ਸੰਗ੍ਰਹਿ**
**ਗਲੀ ਨੰਬਰ ਕੋਈ ਨਹੀਂ**